## PUNJAB VIDHAN SABHA

*Tuesday, the 7th March, 2023*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

---------

**ਮਾਨਯੋਗ ਸਪੀਕਰ:** ਵਾਹਿਗੁਰੂ, ਪ੍ਰਸ਼ਨ ਕਾਲ।

## POSTPONED STARRED QUESTIONS AND ANSWERS

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 357

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) :** ਮਾਨਯੋਗ ਸਪੀਕਰ ਸਾਹਿਬ, ਕਿਰਪਾ ਕਰਕੇ ਮੈਨੂੰ 10 ਮਿੰਟ ਦੇ ਦਿਓ ਜੀ।

**ਮਾਨਯੋਗ ਸਪੀਕਰ:** ਇਹ ਪ੍ਰਸ਼ਨ ਫਿਰ ਤੋਂ ਪੋਸਟਪੋਨ ਕੀਤਾ ਜਾਂਦਾ ਹੈ।

---

### ਰੋਪੜ ਦੇ ਸਰਕਾਰੀ ਕਾਲਜ ਦੀ ਰਿਪੇਅਰ ਲਈ ਫੰਡ ਜਾਰੀ ਕਰਨਾ

*423 **ਸ਼੍ਰੀ ਦਿਨੇਸ਼ ਚੱਢਾ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਕਾਲਜ, ਰੋਪੜ ਦੀ ਬਿਲਡਿੰਗ ਅਤੇ ਹੋਸਟਲ ਦੀ ਰੈਨੋਵੇਸ਼ਨ/ਰਿਪੇਅਰ/ਵਾਈਟਵਾਸ਼ ਸਮੇਤ ਹੋਰ ਵੱਖ-ਵੱਖ ਅਤਿ ਜ਼ਰੂਰੀ ਮੰਗਾਂ ਲਈ ਜੋ ਮੰਗਾਂ ਅਤੇ ਐਸਟੀਮੇਟ ਕਾਲਜ ਵੱਲੋਂ ਮਹਿਕਮੇ ਨੂੰ ਭੇਜੇ ਗਏ ਹਨ, ਉਨ੍ਹਾਂ ਕੰਮਾਂ ਲਈ ਕਦੋਂ ਤੱਕ ਫੰਡ ਜਾਰੀ ਕੀਤੇ ਜਾਣਗੇ?

**ਸਰਦਾਰ ਹਰਜੋਤ ਸਿੰਘ ਬੈਂਸ:** ਸਰਕਾਰੀ ਕਾਲਜ, ਰੋਪੜ ਦੀ ਬਿਲਡਿੰਗ ਅਤੇ ਹੋਸਟਲ ਦੀ ਰੈਨੋਵੇਸ਼ਨ/ਰਿਪੇਅਰ/ਵਾਈਟਵਾਸ਼ ਆਦਿ ਸਬੰਧੀ ਸਰਕਾਰ ਵੱਲੋਂ ਪੱਤਰ ਨੰ. 458017/2022 ਮਿਤੀ 14.11.2022 ਰਾਹੀਂ 167.45 ਲੱਖ (ਕੇਵਲ ਇੱਕ ਕਰੋੜ ਸਤਾਹਠ ਲੱਖ ਪੰਤਾਲੀ ਹਜ਼ਾਰ) ਰੁਪਏ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ (ਅਨੁਲੱਗ-1) ਜਾਰੀ ਕੀਤੀ ਜਾ ਚੁੱਕੀ ਹੈ। ਇਹ ਤਖਮੀਨਾ ਇੱਕ ਕਰੋੜ ਤੋਂ ਵੱਧ ਦੀ ਲਾਗਤ ਦਾ ਹੋਣ ਕਾਰਨ ਇਸ ਨੂੰ ਤਕਨੀਕੀ ਸਲਾਹਕਾਰ ਟੂ ਮੁੱਖ ਮੰਤਰੀ, ਪੰਜਾਬ ਨੂੰ ਵੈਟਿੰਗ ਲਈ ਭੇਜਿਆ

ਜਾ ਰਿਹਾ ਹੈ। ਤਕਨੀਕੀ ਸਲਾਹਕਾਰ ਟੂ ਮੁੱਖ ਮੰਤਰੀ, ਪੰਜਾਬ ਤੋਂ ਵੈਟਿੰਗ ਉਪਰੰਤ ਕੰਮ ਦੀ ਪ੍ਰਗਤੀ ਅਨੁਸਾਰ ਇਹ ਰਾਸ਼ੀ ਤਿੰਨ ਕਿਸ਼ਤਾਂ ਵਿੱਚ ਜਾਰੀ ਕਰ ਦਿੱਤੀ ਜਾਵੇਗੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਸਰਦਾਰ ਹਰਜੋਤ ਬੈਂਸ ਜੀ ਅਤੇ ਇਸ ਮਹਿਕਮੇ ਦੇ ਪਹਿਲੇ ਮੰਤਰੀ ਸ਼੍ਰੀ ਮੀਤ ਹੇਅਰ ਅਤੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਰੋਪੜ ਹਲਕੇ ਦੇ ਦੋਨੋਂ ਕਾਲਜਾਂ ਨੂੰ ਕਰੀਬ ਢਾਈ ਕਰੋੜ ਰੁਪਿਆ ਜਾਰੀ ਕੀਤਾ ਹੈ। ਉੱਥੇ ਨਾਲ ਹੀ ਮੈਂ ਇਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰੋਪੜ ਜ਼ਿਲ੍ਹੇ ਦਾ ਇਕਲੌਤਾ ਲੜਕੀਆਂ ਦਾ ਕਾਲਜ ਹੈ "ਗੁਰੂ ਕਾ ਖੂਹ ਮੁੰਨੇ" ਉੱਥੇ 300 ਦੀ strength ਹੈ, ਪਰ ਉਥੇ ਟੀਚਰਾਂ/ਲੈਕਚਰਾਰਾਂ ਦੀਆਂ ਸਾਰੀਆਂ ਪੋਸਟਾਂ ਖਾਲੀ ਹਨ। Religion, Punjabi, English, Hindi ਅਤੇ ਸਰੀਰਕ ਸਿੱਖਿਆ ਦੀਆਂ ਸਾਰੀਆਂ ਪੋਸਟਾਂ ਖਾਲੀ ਪਈਆਂ ਹਨ। ਸਿਰਫ 4 ਲੈਕਚਰਾਰਾਂ ਦੇ ਨਾਲ ਉਹ ਕਾਲਜ ਚੱਲ ਰਿਹਾ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਟੀਚਰਾਂ ਦਾ ਬੰਦੋਬਸਤ ਕਦੋਂ ਤੱਕ ਇਸ ਕਾਲਜ ਦੇ ਵਿੱਚ ਹੋ ਜਾਵੇਗਾ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਵਿਧਾਇਕ ਸਾਹਿਬ ਨਿੱਜੀ ਤੌਰ ਤੇ ਵੀ ਇਹ ਮਸਲਾ ਮੇਰੇ ਧਿਆਨ ਵਿੱਚ ਲੈ ਕੇ ਆਏ ਹਨ। Recruitment of new 650 professors ਦੀ ਕੈਬਨਿਟ ਨੇ ਪ੍ਰਵਾਨਗੀ ਕਰ ਦਿੱਤੀ ਹੈ, 1158 ਦੀ ਰਿਕਰੂਟਮੈਂਟ ਹੋਈ ਸੀ। ਮਾਨਯੋਗ ਸਪੀਕਰ ਸਾਹਿਬ, already it is in the High Court. ਅਸੀਂ ਉਥੇ ਨੂੰ ਵੀ fight ਕਰ ਰਹੇ ਹਾਂ। ਉਮੀਦ ਕਰਦੇ ਹਾਂ ਕਿ ਬਹੁਤ ਜਲਦੀ ਉਸ ਨੂੰ ਵੀ clear ਕਰਵਾ ਦਿਆਂਗੇ।

----

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 437**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 473**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 560**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## STARRED QUESTIONS AND ANSWERS

### ਟਾਂਡਾ ਤੋਂ ਵਾਇਆ ਰੜਾ ਮੋੜ ਬੇਗੋਵਾਲ ਨੂੰ ਜਾਣ ਵਾਲੀ ਸੜਕ ਦੀ ਮੁਰੰਮਤ ਕਰਵਾਉਣਾ

***526. ਸਰਕਾਰ ਜਸਵੀਰ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਾਂਡਾ ਤੋਂ ਵਾਇਆ ਰੜਾ ਮੋੜ, ਰਾਹੀਂ ਬੇਗੋਵਾਲ ਨੂੰ ਜਾਣ ਵਾਲੀ ਸੜਕ ਦੀ ਹਾਲਤ ਕਾਫੀ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ:**

- ਟਾਂਡਾ ਤੋਂ ਰੜਾ ਮੋੜ NH-503-A ਦਾ ਹਿੱਸਾ ਹੈ ਅਤੇ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਅਧੀਨ ਹੈ।
- ਬੇਗੋਵਾਲ, ਰੜਾ ਮੌੜ-ਮਿਆਣੀ ਸੜਕ (ODR-14) ਦੀ ਪੀਰੀਓਡਿਕ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਕੰਮ ਬਜਟ ਉਪਬੰਧ ਅਤੇ ਉਪਲੱਬਧਤਾ ਹੋਣ ਉਪਰੰਤ ਕਰਵਾ ਦਿੱਤਾ ਜਾਵੇਗਾ। ਆਵਾਜਾਈ ਨੂੰ ਚਲਦੀ ਰੱਖਣ ਲਈ 33 ਲੱਖ ਰੁਪਏ ਮਨਜ਼ੂਰ ਕੀਤੇ ਜਾ ਚੁੱਕੇ ਹਨ ਜੋ ਕਿ ਕੰਮ ਜਲਦੀ ਹੀ ਪੂਰਾ ਕੀਤਾ ਜਾਵੇਗਾ।

ਤ.ਸ./ਸ਼.ਜ. /10.05 / 07.03.2023

**ਸਰਦਾਰ ਜਸਵੀਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਰੜਾ ਮੋੜ ਤੋਂ ਬੇਗੋਵਾਲ ਦੀ ਰੋਡ ਪੰਜਾਬ ਸਰਕਾਰ ਅਧੀਨ ਹੈ। ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿ ਟਾਂਡਾ ਤੋਂ ਰੜਾ ਮੋੜ ਐਨ.ਐਚ.ਏ. ਦੀ ਸੜਕ ਹੈ। ਪਰ ਜਿਹੜੀ ਰੜਾ ਮੋੜ ਤੋਂ ਬੇਗੋਵਾਲ ਸੜਕ ਹੈ, ਇਹ ਤਕਰੀਬਨ 4.5 ਕਿਲੋਮੀਟਰ ਹੈ, ਜਿਸ ਵਿੱਚ ਢਾਈ ਕਿਲੋਮੀਟਰ ਉਹ ਸੜਕ ਹੈ ਜਿਸ ਦੀ ਰਿਪੇਅਰ ਹੋ ਹੀ ਨਹੀਂ ਸਕਦੀ। ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 02.05.2022 ਤੋਂ ਲੈ ਕੇ ਅੱਜ ਤੱਕ ਸਿਰਫ ਢਾਈ ਕਿਲੋਮੀਟਰ ਦੇ ਏਰੀਏ ਵਿੱਚ ਸੜਕ ਦੇ ਟੁੱਟਣ ਕਾਰਨ 9 ਮੌਤਾਂ ਹੋਈਆਂ ਹਨ।ਮੇਰੀ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਜਿਹੜਾ 33 ਲੱਖ ਰੁਪਿਆ ਹੈ....

**ਮਾਨਯੋਗ ਸਪੀਕਰ** : ਗੁਜ਼ਾਰਿਸ਼ ਨਹੀਂ, ਸਵਾਲ ਕਰੋ।

**ਸਰਦਾਰ ਜਸਵੀਰ ਸਿੰਘ** : ਜਿਹੜਾ ਤੁਸੀਂ 33 ਲੱਖ ਰੁਪਿਆ ਰਿਲੀਜ਼ ਕੀਤਾ ਹੈ, ਉਸ ਲਈ ਧੰਨਵਾਦ ਹੈ ਪਰ ਮੰਤਰੀ ਸਾਹਿਬ ਨੂੰ ਮੇਰੀ ਗੁਜ਼ਾਰਿਸ਼ ਹੈ ਕਿ ਇਸ ਰੋਡ ਨੂੰ ਦੁਬਾਰਾ ਰਿਪੇਅਰ ਕੀਤਾ ਜਾਵੇ ਅਤੇ ਇਹ ਰਿਪੇਅਰ ਕਦੋਂ ਤੱਕ ਹੋ ਜਾਵੇਗੀ, ਇਸ ਸਬੰਧੀ ਟਾਈਮ ਨਿਸ਼ਚਿਤ ਕੀਤਾ ਜਾਵੇ।

**ਮਾਨਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਇਹ ਢਾਈ ਕਿਲੋਮੀਟਰ ਸੜਕ ਰਿਪੇਅਰ ਕਰਨ ਯੋਗ ਨਹੀਂ ਹੈ। ਇਸ ਦੀ periodic repair ਵਾਸਤੇ 2023-24 ਦੀ ਸਕੀਮ ਅਧੀਨ 5 ਕਰੋੜ 29 ਲੱਖ ਰੁਪਏ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਨਯੋਗ ਸਪੀਕਰ** : ਵਿਚਾਰ ਅਧੀਨ ਤਾਂ ਠੀਕ ਹੈ, ਪਰ ਰਿਪੇਅਰ ਕਦੋਂ ਤੱਕ ਕਰ ਦਿਉਗੇ?

**ਮੰਤਰੀ** : ਸਪੀਕਰ ਸਾਹਿਬ, ਅਗਲੇ ਬਜਟ ਵਿੱਚ ਪ੍ਰਵਾਨਗੀ ਮਿਲਣ ਉਪਰੰਤ ਇਸ ਨੂੰ ਤੁਰੰਤ ਕਰ ਦਿੱਤਾ ਜਾਵੇਗਾ।

**ਮਾਨਯੋਗ ਸਪੀਕਰ** : ਧੰਨਵਾਦ।

----

## ਬਿਆਸ ਦਰਿਆ ਦੇ ਕੰਢੇ ਤੇ ਬੰਨ੍ਹ ਬਣਾਉਣਾ

***479. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਤੋਂ ਕੰਬੋਅ ਢਾਏ ਵਾਲਾ ਤੱਕ ਬਿਆਸ ਦਰਿਆ ਦੇ ਕੰਢੇ ਬੰਨ੍ਹ ਨਾ ਹੋਣ ਕਾਰਨ ਦਰਿਆ ਵਿੱਚ ਹਰ ਸਾਲ ਪਾਣੀ ਵੱਧ ਜਾਂਦਾ ਹੈ, ਜਿਸ ਨਾਲ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫ਼ਸਲਾਂ ਦਾ ਨੁਕਸਾਨ ਹੋ ਜਾਂਦਾ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ਇੱਥੇ ਬੰਨ੍ਹ ਬਣਾ ਦਿੱਤਾ ਜਾਵੇਗਾ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ** : ਜੀ ਹਾਂ, ਹਲਕਾ ਖਡੂਰ ਸਾਹਿਬ ਵਿੱਚ ਦਰਿਆ ਬਿਆਸ ਦੇ ਸੱਜੇ ਕੰਢੇ ਗੋਇੰਦਵਾਲ ਸਾਹਿਬ ਤੋਂ ਹੇਠਾਂ ਹੜ੍ਹਾਂ ਦੀ ਮਾਰ ਤੋਂ ਬਚਾਅ ਲਈ ਲੋਕਾਂ ਵੱਲੋਂ ਇੱਕ ਬੰਨ੍ਹ ਦੀ ਮੰਗ ਕੀਤੀ ਜਾ ਰਹੀ ਹੈ। ਇਸ ਬੰਨ੍ਹ ਦੀ ਲੰਬਾਈ ਗੋਇੰਦਵਾਲ ਸਾਹਿਬ ਤੋਂ ਹੇਠਾਂ ਘੜਕੇ ਤੱਕ ਕੁੱਲ 11.58 ਕਿਲੋਮੀਟਰ ਹੈ। ਇਸ ਪਰਪੋਜ਼ਲ ਦੀ ਕੁੱਲ ਲਾਗਤ ਲਗਭਗ 93.13 ਕਰੋੜ ਰੁਪਏ ਹੈ, ਜਿਸ ਵਿੱਚ ਫਲੱਡ ਪ੍ਰੋਟੈਕਸ਼ਨ ਦੇ ਕੰਮ ਕਰਵਾਉਣ ਅਤੇ ਬੰਨ੍ਹ ਬਣਾਉਣ ਦਾ ਖਰਚਾ 26.30 ਕਰੋੜ ਅਤੇ ਬੰਨ੍ਹਾਂ ਦੀ ਉਸਾਰੀ ਕਰਨ ਲਈ 100 ਏਕੜ

ਜ਼ਮੀਨ ਐਕੁਆਇਰ ਕਰਨ ਦਾ ਖਰਚਾ ਲਗਭਗ 66.72 ਕਰੋੜ ਰੁਪਏ ਹੈ। ਇਹ ਮਾਮਲਾ ਸਰਕਾਰ ਦੇ ਧਿਆਨ ਵਿੱਚ ਹੈ।

ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਬਿਆਸ ਦਰਿਆ ਹੈ, ਇਹ ਖਡੂਰ ਸਾਹਿਬ ਹਲਕੇ ਵਿੱਚੋਂ ਲੰਘਦਾ ਹੈ ਅਤੇ ਗੋਇੰਦਵਾਲ ਸਾਹਿਬ ਤੋਂ ਹੇਠਾਂ ਵਾਲੇ ਏਰੀਏ ਵਿੱਚ ਹੜ੍ਹ ਤਕਰੀਬਨ ਆਉਂਦੇ ਰਹਿੰਦੇ ਹਨ। ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਹੜ੍ਹਾਂ ਕਾਰਨ ਫ਼ਸਲ ਵੀ ਬਰਬਾਦ ਹੁੰਦੀ ਹੈ। ਇਸ ਲਈ ਜੇਕਰ ਉਥੋਂ ਦੇ ਕਿਸਾਨਾਂ ਦੀ ਡਿਮਾਂਡ ਅਨੁਸਾਰ ਬੰਨ੍ਹ ਬਣਾਉਣਾ ਹੈ ਤਾਂ ਤਕਰੀਬਨ 100 ਏਕੜ ਜ਼ਮੀਨ ਐਕੁਆਇਰ ਕਰਨੀ ਪੈਣੀ ਹੈ। ਵੈਸੇ ਕਾਨੂੰਨ ਤਾਂ ਇਹ ਕਹਿੰਦਾ ਹੈ ਕਿ ਜੇਕਰ ਦਰਿਆ ਦੇ ਲੰਘਣ ਲਈ ਜ਼ਮੀਨ ਐਕੁਆਇਰ ਕਰਨੀ ਹੈ ਤਾਂ ਕੋਈ ਪੈਸਾ ਨਹੀਂ ਦੇਣਾ ਹੁੰਦਾ ਪਰ ਜੇਕਰ ਇਸ ਜ਼ਮੀਨ ਲਈ ਪੈਸੇ ਦੇਣੇ ਵੀ ਹਨ ਅਤੇ ਬੰਨ੍ਹ ਵੀ ਬਣਾਉਣਾ ਹੈ ਤਾਂ ਦੋਨਾਂ ਤੇ ਤਕਰੀਬਨ 93 ਕਰੋੜ 13 ਲੱਖ ਰੁਪਏ ਦੀ ਲਾਗਤ ਆਵੇਗੀ। ਸੋ, ਅਸੀਂ ਫਾਇਨਾਂਸ ਵਿਭਾਗ ਨਾਲ ਟੇਕ ਅੱਪ ਕਰਕੇ ਵਿਚਾਰ ਕਰ ਰਹੇ ਹਾਂ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਮੰਤਰੀ ਸਾਹਿਬ, ਧੰਨਵਾਦ। ਪਹਿਲਾਂ ਤਾਂ ਮੈਂ ਇਸ ਗੱਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਸਟੱਡ ਲਗਾਉਣ ਲਈ 1 ਕਰੋੜ 30 ਲੱਖ ਰੁਪਿਆ ਜਾਰੀ ਕੀਤਾ ਹੈ ਅਤੇ ਸਟੱਡ ਲੱਗ ਗਏ ਹਨ। ਹੁਣ ਉਥੇ ਸਾਡੀ ਹਜ਼ਾਰਾਂ ਏਕੜ ਫ਼ਸਲ ਬਚ ਜਾਵੇਗੀ।

ਦੂਜੀ ਮੈਂ ਇਹ ਗੱਲ ਕਹਿਣੀ ਚਾਹੁੰਦੀ ਹਾਂ ਕਿ ਮੰਤਰੀ ਸਾਹਿਬ ਇਸ ਗੱਲ ਵੱਲ ਵੀ ਧਿਆਨ ਦੇਣ ਕਿ ਹੁਣ ਤੱਕ ਆਪਾਂ ਕਰੋੜਾਂ ਰੁਪਏ ਮੁਆਵਜ਼ੇ ਵਜੋਂ ਦੇ ਚੁੱਕੇ ਹਾਂ। ਹੁਣ ਤੱਕ ਸਰਕਾਰ ਫ਼ਸਲਾਂ ਖਰਾਬ ਹੋਣ ਦਾ ਜਿੰਨਾ ਮੁਆਵਜ਼ਾ ਦੇ ਚੁੱਕੀ ਹੈ, ਇਸ ਬੰਨ੍ਹ ਦੀ ਕੀਮਤ ਉਸ ਅੱਗੇ 10% ਵੀ ਨਹੀਂ ਹੋਵੇਗੀ। ਸਰਕਾਰ ਇਸ ਵੱਲ ਜ਼ਰੂਰ ਧਿਆਨ ਦੇਵੇ।

**ਮਾਨਯੋਗ ਸਪੀਕਰ** : ਧੰਨਵਾਦ।

----

## ਲੋਕ ਨਿਰਮਾਣ ਵਿਭਾਗ (ਭ ਤੇ ਮ) ਅਧੀਨ ਆਉਂਦੀਆਂ ਪਿੰਡਾਂ ਦੀਆਂ ਲਿੰਕ ਸੜਕਾਂ ਦੀਆਂ ਸਾਈਡਾਂ ਦੇ ਵੇਰਵੇ

***440. ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ: –

(ੳ) ਪੰਜਾਬ ਵਿੱਚ ਪਿੰਡਾਂ ਨੂੰ ਜਾਂਦੀਆਂ ਲਿੰਕ ਸੜਕਾਂ ਦੀਆਂ ਸਾਈਡਾਂ ਦੇ ਨਾਲ ਵਾਲੀ ਜ਼ਮੀਨ ਦਾ ਕਿੰਨੇ ਫੁੱਟ ਹਿੱਸਾ ਲੋਕ ਨਿਰਮਾਣ ਵਿਭਾਗ ਦੇ ਅਧੀਨ ਆਉਂਦਾ ਹੈ;

(ਅ) ਕੀ ਇਹ ਠੀਕ ਹੈ ਕਿ ਉਕਤ ਸੜਕ ਦੇ ਨਾਲ ਵਾਲੀ ਜ਼ਮੀਨ ਨੂੰ ਲੋਕਾਂ ਵੱਲੋਂ ਪੁੱਟ ਦਿੱਤਾ ਗਿਆ ਹੈ ਜਿਸ ਕਾਰਨ ਲੋਕਾਂ ਦੀ ਆਵਾਜਾਈ ਵਿੱਚ ਵਿਘਨ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਲਿੰਕ ਸੜਕਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : (ੳ) ਪੰਜਾਬ ਵਿੱਚ ਪਿੰਡਾਂ ਨੂੰ ਜਾਂਦੀਆਂ ਲਿੰਕ ਸੜਕਾਂ ਦੀ ਪੂਰੀ ਚੌੜਾਈ ਸਮੇਤ ਸਾਈਡਾਂ (ਬਰਮਾਂ) ਦੇ ਨਾਲ ਵਾਲੀ ਜ਼ਮੀਨ ਜੋ ਕਿ ਵੱਖ ਵੱਖ ਸੜਕਾਂ ਤੇ ਵੱਖ ਵੱਖ (22/27/33/43 ਫੁੱਟ) ਹੈ, ਪੰਜਾਬ ਮੰਡੀ ਬੋਰਡ ਜਾਂ ਲੋਕ ਨਿਰਮਾਣ ਵਿਭਾਗ ਅਧੀਨ ਨਹੀਂ ਆਉਂਦੀ ਬਲਕਿ ਸਬੰਧਿਤ ਪਿੰਡਾਂ ਦੀਆਂ ਪੰਚਾਇਤਾਂ ਅਧੀਨ ਆਉਂਦੀ ਹੈ।

(ਅ) ਹਾਂ ਜੀ, ਇਨ੍ਹਾਂ ਸੜਕਾਂ ਦੇ ਨਾਲ ਵਾਲੀ ਜ਼ਮੀਨ ਨੂੰ ਲੋਕਾਂ ਵੱਲੋਂ ਬਹੁਤ ਸਾਰੀਆਂ ਥਾਵਾਂ ਤੋਂ ਕੱਟ ਲਿਆ ਜਾਂਦਾ ਹੈ। ਲਿੰਕ ਸੜਕਾਂ ਦੇ ਨਾਲ ਲੱਗਦੀ ਜ਼ਮੀਨ ਨੂੰ ਕੱਟਣ/ਪੁੱਟਣ ਵਾਲਿਆਂ ਵਿਰੁੱਧ ਕੋਈ ਦੰਡਕਾਰੀ ਕਾਰਵਾਈ ਦੀ ਅਜੇ ਤੱਕ ਕੋਈ ਪ੍ਰੋਵੀਜ਼ਨ ਨਹੀਂ ਹੈ। ਲਿੰਕ ਸੜਕਾਂ ਦੇ ਕਿਨਾਰਿਆਂ ਦੀ ਸੁਰੱਖਿਆ ਲਈ ਕਿਸਾਨਾਂ ਦੇ ਸਹਿਯੋਗ ਨਾਲ ਬਰਮਾਂ ਉਪਰ ਮਿੱਟੀ ਦੀ ਭਰਤੀ ਪੂਰੀ ਕਰਕੇ ਲੈਵਲ ਕਰਵਾਉਣ ਲਈ ਸਬੰਧਿਤ ਡਿਪਟੀ ਕਮਿਸ਼ਨਰਾਂ ਵੱਲੋਂ ਸਬੰਧਿਤ ਐਸ.ਡੀ.ਓ. (ਮੰਡੀ ਬੋਰਡ/ਲੋਕ ਨਿਰਮਾਣ ਵਿਭਾਗ (ਜਿਨ੍ਹਾਂ ਨਾਲ ਸੜਕ ਸਬੰਧਿਤ ਹੋਵੇ), ਤਹਿਸੀਲਦਾਰ, ਬੀ.ਡੀ.ਪੀ.ਓ. ਅਤੇ ਐਸ.ਐਚ.ਓ. ਦੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਇਹ ਕਮੇਟੀ ਸਮੇਂ ਸਮੇਂ ਸਿਰ ਕਿਸਾਨਾਂ ਦੇ ਸਹਿਯੋਗ ਨਾਲ ਬਰਮ ਨੂੰ ਮੁੜ ਬਹਾਲ ਕਰਦੀ ਹੈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲੋਕਾਂ ਵੱਲੋਂ ਲਿੰਕ ਸੜਕਾਂ ਦੀਆਂ ਬਰਮਾਂ ਤੇ ਕਬਜ਼ਾ ਕਰ ਲਿਆ ਜਾਂਦਾ ਹੈ ਅਤੇ ਇਸ ਕਾਰਨ ਬੜੇ ਐਕਸੀਡੈਂਟ ਵੀ ਹੁੰਦੇ ਹਨ। ਜਿਹੜੀਆਂ ਕਮੇਟੀਆਂ ਬਣੀਆਂ ਹੋਈਆਂ ਹਨ, ਉਨ੍ਹਾਂ ਦੀ ਮੀਟਿੰਗ ਕਦੋਂ ਹੁੰਦੀ ਹੈ? ਜਿਹੜੇ ਲੋਕ ਲਿੰਕ ਸੜਕਾਂ ਦੇ ਨਾਲ ਨਾਲ ਕਬਜ਼ਾ ਕਰੀ ਬੈਠੇ ਹਨ, ਕੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ? ਕੀ ਇਸ ਸਬੰਧੀ ਵਿਆਪਕ ਪੱਧਰ ਤੇ ਕੋਈ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਤਾਂ ਕਿ ਇਹ ਕਬਜ਼ਾ ਛੁਡਾਇਆ ਜਾ ਸਕੇ ਅਤੇ ਐਕਸੀਡੈਂਟ ਨਾ ਹੋ ਸਕਣ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਜੀ ਦੀ ਗੱਲ ਨਾਲ ਸਹਿਮਤ ਹਾਂ ਕਿ ਪਿੰਡਾਂ ਵਿੱਚ ਜਿਹੜੀਆਂ ਲਿੰਕ ਸੜਕਾਂ ਜਾਂਦੀਆਂ ਹਨ, ਬਹੁਤ ਸਾਰੇ ਲੋਕ ਉਨ੍ਹਾਂ ਸੜਕਾਂ ਦੀ ਸਾਈਡਾਂ ਤੋਂ ਜ਼ਮੀਨ ਕੱਟ ਲੈਂਦੇ ਹਨ। ਲਿੰਕ ਸੜਕਾਂ ਦੇ ਨਾਲ ਲੱਗਦੀ ਜ਼ਮੀਨ ਨੂੰ ਕੱਟਣ/ਪੁੱਟਣ ਵਾਲਿਆਂ ਵਿਰੁੱਧ ਕੋਈ ਦੰਡਕਾਰੀ ਕਾਰਵਾਈ

ਦੀ ਅਜੇ ਤੱਕ ਪ੍ਰੋਵੀਜ਼ਨ ਨਹੀਂ ਹੈ। ਲਿੰਕ ਸੜਕਾਂ ਦੇ ਕਿਨਾਰਿਆਂ ਦੀ ਸੁਰੱਖਿਆ ਲਈ ਕਿਸਾਨਾਂ ਦੇ ਸਹਿਯੋਗ ਨਾਲ

ਸ.ਸ.-ਅ.ਗ./10:10/7.3.2023

ਬਰਮਾਂ ਉੱਤੇ ਮਿੱਟੀ ਦੀ ਭਰਤ ਪੂਰੀ ਕਰਕੇ ਲੈਵਲ ਕਰਵਾਉਣ ਲਈ ਸਬੰਧਿਤ ਡਿਪਟੀ ਕਮਿਸ਼ਨਰ, ਸਬੰਧਿਤ ਐਸ.ਡੀ.ਓ., ਮੰਡੀ ਬੋਰਡ, ਲੋਕ ਨਿਰਮਾਣ ਵਿਭਾਗ ਜਿਨ੍ਹਾਂ ਨਾਲ ਸੜਕ ਸਬੰਧਿਤ ਹੋਵੇ, ਤਹਿਸੀਲਦਾਰ ਸਾਹਿਬ, ਬੀ.ਡੀ.ਪੀ.ਓ. ਸਾਹਿਬ ਅਤੇ ਐਸ.ਐਚ.ਓ. ਦੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਇਹ ਕਮੇਟੀ ਸਮੇਂ-ਸਿਰ ਕਿਸਾਨਾਂ ਦੇ ਸਹਿਯੋਗ ਨਾਲ ਬਰਮ ਨੂੰ ਮੁੜ ਬਹਾਲ ਕਰਦੀ ਹੈ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ:** ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਕਮੇਟੀ ਦਾ ਗਠਨ ਕੀਤਾ ਹੋਇਆ ਹੈ ਪਰ ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਵਿਆਪਕ ਮੁਹਿੰਮ ਚਲਾਈ ਜਾਵੇ ਅਤੇ ਕਮੇਟੀ ਨੂੰ ਕਹਿ ਕੇ ਕਬਜ਼ੇ ਛੁਡਵਾਏ ਜਾਣ ਅਤੇ ਸਮਾਂ-ਬੱਧ ਕੀਤਾ ਜਾਵੇ ਤਾਂ ਕਿ ਐਕਸੀਡੈਂਟ ਨਾ ਹੋਣ ਜੋ ਕਿ ਲਿੰਕ ਸੜਕਾਂ ਨਾਲ ਕਬਜ਼ੇ ਕਰਕੇ ਹੋ ਰਹੇ ਹਨ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਸਮਾਂਬੱਧ ਕਰਕੇ ਕਬਜ਼ੇ ਛੁਡਵਾਓਗੇ? ਜਿਵੇਂ ਤੁਹਾਡਾ ਨਾਮ ਪਿਆ ਹੋਇਆ ਹੈ, 'ਕਬਜ਼ਾ ਛੁਡਾਉ ਮੰਤਰੀ।'

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗੱਲ ਤੇ ਜਿਵੇਂ ਪਹਿਲਾਂ ਕਿਹਾ ਹੈ ਕਿ ਕਾਨੂੰਨ ਅੰਦਰ ਇਸ ਤਰ੍ਹਾਂ ਦਾ ਕੋਈ ਉਪਬੰਧ ਨਹੀਂ ਕਿ ਅਸੀਂ ਕਿਸੇ ਦੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦੇ ਹਾਂ ਪਰ ਜੇ ਇਲਾਕੇ ਦੇ ਲੋਕ ਅਤੇ ਉੱਥੋਂ ਦੀ ਪੰਚਾਇਤ ਸਾਡਾ ਸਹਿਯੋਗ ਕਰਨ ਤਾਂ ਸਾਡਾ ਕੰਮ ਇਹੀ ਹੈ, ਉਹ ਕਬਜ਼ਾ ਛੁਡਵਾ ਦੇਵਾਂਗੇ ਪਰੰਤੂ ਇਲਾਕੇ ਵਾਲੇ ਬੰਦੇ, ਗ੍ਰਾਮ ਪੰਚਾਇਤਾਂ ਦੇ ਸਰਪੰਚ ਅਤੇ ਪੰਚ ਸਹਿਯੋਗ ਦੇਣ ਕਿਉਂਕਿ ਸਾਰੀਆਂ ਲਿੰਕ ਸੜਕਾਂ ਪੰਚਾਇਤਾਂ ਦੇ ਅੰਡਰ ਹਨ। ਇਸ ਲਈ ਪੰਚਾਇਤਾਂ ਜਗ੍ਹਾ ਦਿੰਦੀਆਂ ਹਨ, ਜਿੱਥੇ ਪਿੰਡ ਵਾਲੇ ਸਹਿਯੋਗ ਕਰ ਦਿੰਦੇ ਹਨ, ਉੱਥੇ ਅਸੀਂ ਆਪਣੀ ਕਾਰਵਾਈ ਪੂਰੀ ਕਰ ਦਿੰਦੇ ਹਾਂ। ਮੈਂ ਸੀ.ਐਮ. ਸਾਹਿਬ ਨੂੰ ਐਤਕੀਂ ਕਹਿਣਾ ਹੈ ਕਿ ਅਸੀਂ ਇਸ ਲਈ ਕੋਈ ਕਾਨੂੰਨ ਲੈ ਕੇ ਆਈਏ, ਇੱਕ ਤਾਂ ਲੋਕ ਸੜਕਾਂ ਕੱਟ ਲੈਂਦੇ ਹਨ ਅਤੇ ਇੱਕ ਸੜਕਾਂ ਤੇ ਰੂੜੀ ਲਗਾ ਦਿੰਦੇ ਹਨ, ਗੰਦ ਸੁੱਟ ਦਿੰਦੇ ਹਨ ਜਿਸ ਕਰਕੇ ਲੋਕਾਂ ਦਾ ਲੰਘਣਾ ਔਖਾ ਹੋ ਜਾਂਦਾ ਹੈ। ਇਸ ਲਈ ਸਾਨੂੰ ਬਕਾਇਦਾ ਕਾਨੂੰਨ ਵਿੱਚ ਸਜ਼ਾ ਵਾਸਤੇ ਪ੍ਰਕਿਰਿਆ ਬਣਾਉਣੀ ਪਵੇਗੀ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਜਲਦੀ ਇਸ ਬਾਰੇ ਕਾਨੂੰਨੀ ਪ੍ਰਕਿਰਿਆ ਪੂਰੀ ਕਰਾਂਗੇ ਤੇ ਰਸਤਿਆਂ ਤੇ ਹੋਏ ਨਜਾਇਜ਼ ਕਬਜ਼ਿਆਂ ਨੂੰ ਮੁਕਤ ਕਰਾਂਗੇ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀ ਬੁੱਧ ਰਾਮ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਇੱਕ ਮਿੰਟ, ਬੁੱਧ ਰਾਮ ਜੀ, ਤੁਹਾਨੂੰ ਟਾਈਮ ਦਿੰਦੇ ਹਾਂ, ਤੁਸੀਂ ਬੈਠੋ। ਮੇਰੇ ਯਾਦ ਹੈ ਕਿ ਸਾਲ 2003-04 ਦੀ ਗੱਲ ਹੈ। ਮੈਂ ਉਦੋਂ ਸਰਪੰਚ ਸੀ ਤੇ ਸਾਡੇ ਉੱਥੇ ਡਿਪਟੀ ਕਮਿਸ਼ਨਰ ਨੇ ਪਹਿਲ ਕਰਕੇ ਥੋੜ੍ਹੇ ਦਿਨਾਂ ਵਿੱਚ ਕਬਜ਼ੇ ਛੁਡਵਾ ਦਿੱਤੇ ਸੀ। ਤੁਸੀਂ ਇਸ ਨੂੰ ਵਾਚੋ ਕਿ ਇਹ ਹੋ ਸਕਦਾ ਹੈ ਅਤੇ ਇਸ ਨਾਲ ਲੋਕ ਬੜਾ ਖੁਸ਼ ਹੁੰਦੇ ਹਨ। ਮੰਤਰੀ ਜੀ, ਇਸ ਕੰਮ ਨੂੰ ਪ੍ਰਾਇਰਟੀ ਤੇ ਕੀਤਾ ਜਾਵੇ, ਇਹ ਕੰਮ ਜ਼ਰੂਰੀ ਕਰਨ ਵਾਲਾ ਹੈ। ਰਸਤੇ ਤਾਂ ਚੌੜੇ ਹੋਣੇ ਚਾਹੀਦੇ ਹਨ, ਲੋਕ ਬਹੁਤ ਖੁਸ਼ ਹੁੰਦੇ ਹਨ ਅਤੇ ਪੂਰਾ ਸਹਿਯੋਗ ਦਿੰਦੇ ਹਨ। ਸੋ, ਜੇ ਡਿਪਟੀ ਕਮਿਸ਼ਨਰ ਕਰਵਾ ਸਕਦਾ ਹੈ ਤਾਂ ਤੁਸੀਂ ਮੰਤਰੀ ਹੋ। ਇਹ ਕੰਮ ਹੋ ਜਾਣੇ ਹਨ।

**ਸ਼੍ਰੀ ਬੁੱਧ ਰਾਮ:** ਸਰ, ਸ਼੍ਰੀ ਹੁਸਨ ਲਾਲ ਜੀ, ਆਈ.ਏ.ਐਸ. ਰਿਟਾਇਰ ਹੋ ਚੁੱਕੇ ਹਨ। ਉਹ ਸਾਡੇ ਮਾਨਸਾ ਵਿਖੇ ਡੀ.ਸੀ. ਹੁੰਦੇ ਸੀ। ਉਨ੍ਹਾਂ ਨੇ ਹਦਾਇਤ ਕਰ ਦਿੱਤੀ ਸੀ ਕਿ ਆਉਣ ਵਾਲੇ ਹਾੜ੍ਹੀ ਤੋਂ ਬਾਅਦ ਜੇਕਰ 15 ਦਿਨਾਂ ਦੇ ਵਿੱਚ ਆਪ ਮਿੱਟੀ ਪਵਾ ਕੇ ਕੰਮ ਨਹੀਂ ਕੀਤਾ ਤਾਂ ਉਸ ਤੋਂ ਬਾਅਦ ਅਸੀਂ ਪਾਵਾਂਗੇ ਅਤੇ ਤੁਹਾਡੇ ਤੋਂ ਪੈਸੇ ਲਵਾਂਗੇ। ਸਰ, ਇੱਕ ਮਹੀਨੇ ਦੇ ਵਿੱਚ-ਵਿੱਚ ਸਾਡੇ ਮਾਨਸਾ ਜ਼ਿਲ੍ਹੇ ਵਿੱਚ ਬਰਮ ਕਿਸਾਨਾਂ ਨੇ ਪਵਾ ਦਿੱਤੇ ਸੀ। ਹੁਣ ਬਰਮਾਂ ਪੁੱਟ-ਪੁੱਟ ਕੇ ਕਿਸਾਨਾਂ ਨੇ ਨਾਲ ਲਗਾ ਦਿੱਤੀਆਂ ਹਨ। ਸਾਡੇ ਨਾਲ ਹਸਨਪੁਰ ਪਿੰਡ ਹੈ, ਉੱਥੇ ਬੱਸ ਬੱਚਿਆਂ ਨੂੰ ਲੈ ਕੇ ਆਉਂਦੀ ਸੀ, ਉੱਥੇ ਬੱਸ ਇੱਕ ਪਾਸੇ ਡਿੱਗ ਪਈ ਸੀ ਕਿਉਂਕਿ ਕਰਾਸ ਨਹੀਂ ਹੁੰਦੀ ਸੀ। ਸਰ, ਇਹ ਬਹੁਤ ਵੱਡਾ ਮਸਲਾ ਹੈ। ਧਾਲੀਵਾਲ ਸਾਹਿਬ, ਜੇ ਤੁਸੀਂ ਨਹੀਂ ਕਰ ਸਕਦੇ ਤਾਂ ਕੋਈ ਵੀ ਨਹੀਂ ਕਰ ਸਕਦਾ। ਡੀ.ਸੀ. ਸਾਹਿਬ ਨੂੰ ਸਖਤ ਹਦਾਇਤ ਕਰ ਦਿਉ, ਡੀ.ਸੀ. ਸਾਹਿਬ ਆਪਣੇ ਆਪ ਹੀ ਕਰ ਦੇਣਗੇ।

**ਮਾਨਯੋਗ ਸਪੀਕਰ:** ਧਾਲੀਵਾਲ ਸਾਹਿਬ, ਤੁਹਾਡੇ ਤੋਂ ਬਹੁਤ ਉਮੀਦਾਂ ਹਨ।

**ਮੰਤਰੀ:** ਸਰ, ਮੈਂ ਕਹਿੰਦਾ ਹਾਂ ਕਿ ਉਮੀਦ ਤੇ ਪੂਰਾ ਖਰਾ ਉਤਰਾਂਗੇ, ਘਬਰਾਉਂਦੇ ਕਿਉਂ ਹੋ ਜੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਸ ਮੁੱਖ ਮੰਤਰੀ ਨਾਲ ਅਸੀਂ ਕੰਮ ਕਰਦੇ ਹਾਂ, ਉਨ੍ਹਾਂ ਤੋਂ ਵੀ ਪੰਜਾਬ ਨੂੰ ਬਹੁਤ ਉਮੀਦਾਂ ਹਨ। ਸਾਡੀ ਮੁੱਖ ਮੰਤਰੀ ਸਾਹਿਬ ਨਾਲ ਟੀਮ ਹੈ, ਅਸੀਂ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਾਂਗੇ। ਮੈਂ ਪੂਰੇ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਬਾਰੇ ਜਲਦੀ ਤੁਹਾਨੂੰ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਕਾਰਵਾਈ ਦੇਖਣ ਨੂੰ ਮਿਲ ਜਾਵੇਗੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬੁੱਧ ਰਾਮ ਜੀ ਜਲਦੀ ਕਾਰਵਾਈ ਹੋ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਮਾਨਯੋਗ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਤੇ ਬੁਰਜੀਆਂ ਲਗਵਾਈਆਂ ਜਾਣ। ਕਾਫੀ ਸੜਕਾਂ ਪੰਜਾਬ ਲੋਕ ਨਿਰਮਾਣ ਵਿਭਾਗ ਜਾਂ ਮੰਡੀ ਬੋਰਡ ਦੀਆਂ ਹਨ। ਪਿਛਲੇ

ਸਮੇਂ ਦੌਰਾਨ ਲੁਧਿਆਣਾ ਵਿੱਚ ਬਹੁਤ ਐਫਰਟਸ ਹੋਏ ਸੀ ਅਤੇ ਬੁਰਜੀਆਂ ਲੱਗ ਗਈਆਂ ਸੀ। ਜਦੋਂ ਬੁਰਜੀ ਲੱਗ ਜਾਂਦੀ ਹੈ ਤਾਂ ਪਤਾ ਲੱਗਦਾ ਹੈ ਕਿ ਇੱਥੇ ਤੱਕ ਸੜਕ ਹੈ। ਫਿਰ ਕੋਈ ਵੱਢਦਾ ਵੀ ਹੈ ਤਾਂ ਪਤਾ ਲੱਗਦਾ ਰਹਿੰਦਾ ਹੈ, ਇਸ ਦੇ ਨਾਲ ਹੀ ਪੰਚਾਇਤਾਂ ਨੂੰ ਵੀ ਇਨਵਾਲਵ ਕੀਤਾ ਜਾਵੇ। ਇਹ ਰਸਤੇ ਛੁਡਾਉਣੇ ਬੜੇ ਜ਼ਰੂਰੀ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਇਸ ਵੱਲ ਧਿਆਨ ਦੇਵੇਗੀ।

**ਮਾਨਯੋਗ ਸਪੀਕਰ:** ਤੁਸੀਂ ਪ੍ਰਸ਼ਨ ਕਾਲ ਵਿੱਚ ਸਿਰਫ ਪ੍ਰਸ਼ਨ ਪੁੱਛਿਆ ਕਰੋ।

-----

## ਖੇਮਕਰਨ ਤੋਂ ਵਾਇਆ ਭਿੱਖੀਵਿੰਡ ਚੰਡੀਗੜ੍ਹ ਤੱਕ ਬੱਸ ਸਰਵਿਸ ਸ਼ੁਰੂ ਕਰਨਾ

*535 **ਸਰਦਾਰ ਸਰਵਨ ਸਿੰਘ ਧੁੰਨ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖੇਮਕਰਨ ਤੋਂ ਚੰਡੀਗੜ੍ਹ ਵਾਇਆ ਭਿੱਖੀਵਿੰਡ ਲਈ ਸਿੱਧੀ ਬੱਸ ਸਰਵਿਸ ਚਾਲੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਬੱਸ ਸਰਵਿਸ ਸ਼ੁਰੂ ਕਰ ਦਿੱਤੀ ਜਾਵੇਗੀ?

**ਸ਼੍ਰੀ ਲਾਲਜੀਤ ਸਿੰਘ ਭੁੱਲਰ:** ਖੇਮਕਰਨ ਤੋਂ ਚੰਡੀਗੜ੍ਹ ਵਾਇਆ ਭਿੱਖੀਵਿੰਡ ਲਈ ਹਾਲ ਦੀ ਘੜੀ ਵਿਭਾਗ ਵੱਲੋਂ ਕੋਈ ਵੀ ਸਰਕਾਰੀ ਬੱਸ ਚਲਾਉਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਪੱਟੀ ਡਿਪੂ ਵੱਲੋਂ ਖੇਮਕਰਨ ਤੋਂ ਚੰਡੀਗੜ੍ਹ ਵਾਇਆ ਵਲਟੋਹਾ, ਪੱਟੀ ਮੌੜ ਚੰਡੀਗੜ੍ਹ ਲਈ ਬੱਸ ਸਰਵਿਸ ਚਲਾਈ ਜਾ ਰਹੀ ਹੈ।

**ਮ.ਰ. ਅ.ਗੌ./10.15/07.03.2023**

ਵਕਫਾ ਸਿਰਫ 15 ਕਿਲੋਮੀਟਰ ਦਾ ਹੀ **ਹੈ।** ਧੁੰਨ ਸਾਹਿਬ, ਮੇਰੇ ਵੱਡੇ ਭਰਾ ਹਨ, ਵਲਟੋਹੇ ਤੋਂ ਕਿਸੇ ਹੋਰ ਬੱਸ ਨੂੰ ਪਰਮਿਟ ਦੇ ਦਿਆਂਗੇ ਤਾਂ ਕਿ 15 ਕਿਲੋਮੀਟਰ ਦਾ ਸਫਰ ਵੀ ਸਵਾਰੀਆਂ ਅਸਾਨੀ ਨਾਲ ਤਹਿ ਕਰ ਸਕਣ ਅਤੇ ਜਿਹੜੇ ਉਨ੍ਹਾਂ ਨੇ ਚੰਡੀਗੜ੍ਹ ਵਿਖੇ ਕੰਮ ਕਰਨੇ ਹਨ, ਉਹ ਵੇਲੇ ਸਿਰ ਕਰਕੇ ਘਰ ਪਹੁੰਚ ਜਾਣ। ਧੰਨਵਾਦ ਜੀ।

**ਸਰਦਾਰ ਸਰਵਨ ਸਿੰਘ ਧੁੰਨ:** ਮੰਤਰੀ ਸਾਹਿਬ, ਧੰਨਵਾਦ ਜੀ, ਤੁਸੀਂ ਇੱਕ ਚੰਗੇ ਗੁਆਂਢੀ ਹੋਣ ਦਾ ਸਬੂਤ ਦਿੱਤਾ ਹੈ। (ਹਾਸਾ) ਔਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਜਲਦੀ ਸਾਡੀ ਮੰਗ ਨੂੰ ਪੂਰਾ ਕਰੋਗੇ। ਮੰਤਰੀ ਸਾਹਿਬ, ਸਿਰਫ ਇਹ ਦੱਸ ਦਿਓ ਕਿ ਬੱਸ ਕਿੰਨੇ ਸਮੇਂ ਤੱਕ ਚਲਾ ਦਿਓਗੇ।

**ਮਾਨਯੋਗ ਸਪੀਕਰ:** ਸਮਾਂਬੱਧ ਕਰ ਦਿਓ।

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਭਰਾ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੱਲ੍ਹ ਹੀ ਪਰਮਿਟ ਦੇ ਕੇ ਜਲਦ ਤੋਂ ਜਲਦ ਬੱਸ ਚਲਾ ਦੇਵਾਂਗੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਕਈ ਪ੍ਰਾਈਵੇਟ ਬੱਸਾਂ ਅਜਿਹੀਆਂ ਹਨ, ਜੋ ਮਨਮਰਜ਼ੀ ਕਰਕੇ ਰੂਟ ਖਤਮ ਕਰ ਦਿੰਦੀਆਂ ਹਨ ਅਤੇ ਆਪਣੀ ਮਰਜ਼ੀ ਨਾਲ ਚਲਾ ਦਿੰਦੀਆਂ ਹਨ। ਕੀ ਮੰਤਰੀ ਸਾਹਿਬ, ਅਜਿਹੀਆਂ ਪ੍ਰਾਈਵੇਟ ਬੱਸਾਂ ਉੱਤੇ ਸ਼ਿਕੰਜਾ ਕੱਸੋਗੇ? ਮੇਰੇ ਏਰੀਏ ਵਿੱਚ ਮੱਲ੍ਹੀ ਬੱਸ ਸਰਵਿਸ ਵਾਲਿਆਂ ਨੇ ਇੱਕ ਸਾਲ ਤੋਂ ਗਾਲਬਖੁਰਦ ਪਿੰਡ ਵਿੱਚ ਬੱਸ ਨਹੀਂ ਚਲਾਈ ਹੈ, ਅਚਾਨਕ ਹੁਣ ਮੈਸੇਜ ਦੇ ਦਿੱਤਾ ਕਿ ਹੁਣ ਬੱਸ ਚਲਿਆ ਕਰੇਗੀ, ਜਿਸ ਬੱਸ ਦਾ ਰੂਟ ਜਿੱਥੇ ਹੈ, ਜੇਕਰ ਉਹ ਬੱਸ ਉਸ ਰੂਟ ਤੇ ਨਹੀਂ ਲੈ ਕੇ ਜਾਂਦੇ ਤਾਂ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ ਹੈ। ਕ੍ਰਿਪਾ ਕਰਕੇ ਮੰਤਰੀ ਸਾਹਿਬ, ਅਜਿਹੇ ਪ੍ਰਾਈਵੇਟ ਬੱਸ ਸਰਵਿਸ ਵਾਲਿਆਂ ਤੇ ਕੋਈ ਸ਼ਿਕੰਜਾ ਕੱਸਣਗੇ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ ਜੀ। ਅਗਲਾ ਸਵਾਲ ਜੀ।

----------

## ਪੰਜਾਬ ਵਿਚ ਜ਼ਮੀਨਾਂ ਦੀਆਂ ਰਜਿਸਟਰੀਆਂ ਲਈ ਐਨ.ਓ.ਸੀ. ਪਾਲਿਸੀ ਬਣਾਉਣਾ

*532. **ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪੰਜਾਬ ਵਿਚ ਜ਼ਮੀਨਾਂ ਦੀ ਖਰੀਦੋ ਫਰੋਖਤ ਦੀਆਂ ਰਜਿਸਟਰੀਆਂ ਲਈ ਐਨ.ਓ.ਸੀ. ਪਾਲਿਸੀ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਸ਼੍ਰੀ ਬ੍ਰਮ ਸ਼ੰਕਰ :** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕੁਝ 14-15 ਹਜ਼ਾਰ irregular colonies ਡਿਵੈੱਲਪ ਹੋਈਆਂ ਸਨ, ਜਿਸ ਕਰਕੇ ਮਾਨਯੋਗ ਹਾਈਕੋਰਟ ਨੇ ਉਨ੍ਹਾਂ ਦੇ ਉੱਤੇ ਐਨ.ਓ.ਸੀ. ਲੈਣ ਦੇ ਸਬੰਧ ਵਿੱਚ ਰੋਕ ਲਗਾ ਦਿੱਤੀ ਸੀ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਲੋਕਾਂ ਨੂੰ ਐਨ.ਓ.ਸੀ. ਲੈਣ ਵਿੱਚ ਲਗਾਤਾਰ ਪਰੇਸ਼ਾਨ ਹੋਣਾ ਪੈਂਦਾ ਸੀ। ਜਿਹੜਾ ਐਨ.ਓ.ਸੀ. ਹੈ, ਉਹ ਲੋਕਲ ਬਾਡੀਜ਼ ਵਿਭਾਗ ਅਤੇ ਅਰਬਨ ਡਿਵੈਲਪਮੈਂਟ ਵਿਭਾਗ ਨੇ ਜਾਰੀ ਕਰਨਾ ਹੁੰਦਾ ਹੈ। ਰਜਿਸਟਰੀ ਮਾਲ ਵਿਭਾਗ ਵੱਲੋਂ ਰੋਕੀ ਜਾਂਦੀ ਹੈ ਅਤੇ ਕੁਐਸਚਨ ਵੀ ਮਾਲ ਵਿਭਾਗ ਨੂੰ ਹੁੰਦਾ ਹੈ। ਇੱਥੇ ਦੋਨੋਂ ਮੰਤਰੀ ਸਾਹਿਬਾਨ ਸ਼੍ਰੀ ਅਮਨ ਅਰੋੜਾ ਅਤੇ ਡਾਕਟਰ ਇੰਦਰਬੀਰ ਸਿੰਘ ਨਿੱਜਰ ਜੀ ਬੈਠੇ ਹਨ। ਲਗਾਤਰ ਅਸੀਂ ਇਸ ਸਬੰਧੀ ਮੀਟਿੰਗਾਂ ਕੀਤੀਆਂ ਔਰ ਜਿਹੜੇ ਜਿਹੜੇ ਇਲਾਕਿਆਂ ਨੂੰ ਐਨ.ਓ.ਸੀ. ਤੋਂ ਫਰੀ ਕੀਤਾ ਜਾ ਸਕਦਾ ਸੀ, ਉਨ੍ਹਾਂ ਪੰਜ ਹਜ਼ਾਰ ਪਿੰਡਾਂ ਨੂੰ ਐਨ.ਓ.ਸੀ. ਤੋਂ ਰਾਹਤ ਦਿੱਤੀ ਗਈ। 2018

ਤੱਕ ਐਨ.ਓ.ਸੀ. ਲੈਣ ਲਈ ਹਾਈਕੋਰਟ ਨੇ ਕਿਹਾ ਸੀ। ਲੇਕਿਨ ਸਬੰਧਤ ਤਿੰਨੋਂ ਡਿਪਾਰਟਮੈਂਟ ਇਕੱਠੇ ਹੁੰਦੇ ਹਨ ਅਤੇ ਲਗਾਤਾਰ ਮੀਟਿੰਗਾਂ ਵੀ ਹੋ ਰਹੀਆਂ ਹਨ।

ਲੇਕਿਨ ਕਾਫੀ ਹੱਦ ਤੱਕ ਜ਼ਮੀਨਾਂ ਦੀ ਖਰੀਦੋ ਫਰੋਖਤ ਦੀਆਂ ਰਜਿਸਟਰੀਆਂ ਸਮੇਂ ਐਨ.ਓ.ਸੀ. ਸਬੰਧੀ ਮਾਲ ਵਿਭਾਗ ਵੱਲੋਂ ਪੱਤਰ ਨੰ: 24/33/2021/ਐਸ.ਟੀ.-1/8493-84 ਮਿਤੀ 13.06.2022 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਮਿਤੀ 19.08.2022 ਨੂੰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਸਥਾਨਕ ਸਰਕਾਰ ਵਿਭਾਗ ਵੱਲੋਂ ਸਾਂਝੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਵਿਭਾਗ ਵੱਲੋਂ ਪੱਤਰ ਮਿਤੀ 14.11.2022 ਨੂੰ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਸਨ। ਮਾਲ ਵਿਭਾਗ ਵੱਲੋਂ ਇਨ੍ਹਾਂ ਗਾਈਡਲਾਈਨਜ਼ ਨੂੰ ਪੱਤਰ ਮਿਤੀ 23.12.2022 ਰਾਹੀਂ ਸਮੂਹ ਡਿਵੀਜ਼ਨਲ ਕਮਿਸ਼ਨਰਜ਼, ਡਿਪਟੀ ਕਮਿਸ਼ਨਰਜ਼ ਅਤੇ ਸਬ-ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀਆਂ ਗਈਆਂ ਹਨ।

ਲੇਕਿਨ ਇਸ ਵਿੱਚ ਹਾਈਕੋਰਟ ਦੀ ਰੋਕ ਹੈ, definitely 2018 ਤੱਕ ਐਨ.ਓ.ਸੀ. ਮੰਗਦੇ ਹਨ ਜਾਂ ਫਿਰ ਮੇਰਾ ਖਿਆਲ ਹੈ ਕਿ ਸਬੰਧਿਤ ਵਿਭਾਗ ਭਾਵ ਅਰਬਨ ਡਿਵੈਲਪਮੈਂਟ ਵਿਭਾਗ ਅਤੇ ਲੋਕਲ ਬਾਡੀਜ਼ ਵਿਭਾਗ ਰਲ ਕੇ, ਜੋ ਵੀ ਇਨ੍ਹਾਂ ਕੋਲ ਕੋਈ ਨਵੀਂ ਯੋਜਨਾ ਆਉਂਦੀ ਹੈ, ਉਸ ਪਾਲਿਸੀ ਦੇ ਅਧੀਨ ਮਾਲ ਵਿਭਾਗ ਜਲਦ ਤੋਂ ਜਲਦ ਇਸ ਉੱਤੇ ਕੋਈ ਕਾਰਵਾਈ ਕਰੇਗਾ ਤਾਂ ਜੋ ਐਨ.ਓ.ਸੀ. ਤੋਂ ਪਰੇਸ਼ਾਨ ਨਾ ਹੋਣਾ ਪਵੇ।

GK/HS 10.20 7-3--2023

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਕਿਹਾ ਹੈ ਕਿ 5000 ਪਿੰਡ ਨਵੇਂ ਐਡ ਕੀਤੇ ਹਨ। ਮੇਰੇ ਹਲਕੇ ਵਿੱਚ 150 ਤੋਂ ਉੱਪਰ ਪਿੰਡ ਹਨ। ਉਨ੍ਹਾਂ ਵਿੱਚੋਂ 66 ਪਿੰਡ ਐਡ ਕੀਤੇ ਗਏ ਹਨ ਜਿਨ੍ਹਾਂ ਨੂੰ ਐਨ.ਓ.ਸੀ. ਤੋਂ ਛੋਟ ਮਿਲੀ ਹੈ। ਬਾਕੀ 100 ਦੇ ਕਰੀਬ ਪਿੰਡਾਂ ਵਿੱਚ ਨਾ ਤਾਂ ਕੋਈ ਕਲੋਨੀ ਕੱਟੀ ਗਈ ਹੈ ਅਤੇ ਨਾ ਹੀ ਆਉਣ ਵਾਲੇ 100 ਸਾਲਾਂ ਵਿੱਚ ਉਮੀਦ ਹੈ ਕਿ ਉਨ੍ਹਾਂ ਵਿੱਚ ਕੋਈ ਕਲੋਨੀ ਕੱਟੀ ਜਾਵੇਗੀ। ਉਹ ਪਿੰਡ ਵੀ ਐਨ.ਓ.ਸੀ. ਵਿੱਚ ਰੱਖੇ ਗਏ ਹਨ। ਦੂਜੀ ਗੱਲ, ਇਨ੍ਹਾਂ ਪਿੰਡਾਂ ਵਾਸਤੇ ਅਜੇ ਤੱਕ ਕੋਈ ਪੋਰਟਲ ਨਹੀਂ ਬਣਿਆ। ਜੇਕਰ ਲੋਕਾਂ ਦੀ ਖੱਜਲ ਖੁਆਰੀ ਹੁੰਦੀ ਹੈ ਤਾਂ ਉਹ ਮਾਲ ਮਹਿਕਮੇ ਕੋਲ ਜਾਂਦੇ ਹਨ। ਮਾਲ ਮਹਿਕਮੇ ਵਾਲੇ ਐਨ.ਓ.ਸੀ. ਲਈ ਏ.ਡੀ.ਸੀ. ਕੋਲ ਭੇਜ ਦਿੰਦੇ ਹਨ। ਜੇਕਰ ਲੋਕ ਏ.ਡੀ.ਸੀ. ਕੋਲ ਜਾਂਦੇ ਹਨ ਤਾਂ ਉਹ ਕਹਿ ਦਿੰਦੇ ਹਨ ਕਿ ਪਹਿਲਾਂ ਸ਼ਹਿਰ ਵਾਲਿਆਂ ਕੋਲੋਂ ਐਨ.ਓ.ਸੀ. ਲੈ ਕੇ ਆਓ। ਜਿਹੜੇ ਪਿੰਡ

ਹਾਈਵੇਅ ਤੇ ਲੱਗਦੇ ਹਨ ਉਨ੍ਹਾਂ ਸਾਰੇ ਪਿੰਡਾਂ ਨੂੰ ਇਸ ਕੈਟਾਗਰੀ ਵਿੱਚ ਪਾਇਆ ਹੋਇਆ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਅਪੀਲ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਆਲਰੇਡੀ ਕਲੋਨੀਆਂ ਕੱਟੀਆਂ ਹੋਈਆਂ ਹਨ ਉਨ੍ਹਾਂ ਪਿੰਡਾਂ ਨੂੰ ਤਾਂ ਐਡ ਕੀਤਾ ਜਾਵੇ। ਜਿਹੜੇ ਪਿੰਡ ਹਾਈਵੇਅ ਉੱਤੇ ਹਨ ਉਨ੍ਹਾਂ ਨੂੰ ਇਸ ਕੈਟਾਗਰੀ ਵਿੱਚੋਂ ਕੱਢਿਆ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਇਹ differentiation ਕਰ ਦੇਵੋਗੇ?

**ਮੰਤਰੀ :** ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਮੈਂਬਰ ਸਾਹਿਬ ਨੇ ਗੱਲ ਕਹੀ ਹੈ ਇਸ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਜਿਸਟਰੀਆਂ ਦਾ, ਰੈਵੀਨਿਊ ਦਾ ਅਤੇ ਸਟੈਂਪ ਡਿਊਟੀ ਦਾ ਸਿੱਧਾ ਨੁਕਸਾਨ ਮਾਲ ਵਿਭਾਗ ਨੂੰ ਹੁੰਦਾ ਹੈ। ਅਸੀਂ ਇਸ ਬਜਟ ਸੈਸ਼ਨ ਤੋਂ ਬਾਅਦ ਮੀਟਿੰਗ ਕਰਾਂਗੇ। ਸ਼੍ਰੀ ਅਮਨ ਅਰੋੜਾ ਜੀ ਅਤੇ ਨਿੱਜਰ ਸਾਹਿਬ ਵੀ ਬਹੁਤ ਗੌਰ ਨਾਲ ਸੁਣ ਰਹੇ ਹਨ। ਮੈਂ ਅਮਨ ਅਰੋੜਾ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਉਨ੍ਹਾਂ ਨੇ ਇਸ ਤੇ ਕੋਈ ਪਾਲਿਸੀ ਲੈ ਕੇ ਆਉਣੀ ਹੈ ਤਾਂ ਇੱਥੇ ਜਵਾਬ ਦੇਣ।

**ਮਾਨਯੋਗ ਸਪੀਕਰ:** ਅਮਨ ਅਰੋੜਾ ਜੀ ਕੁਝ ਕਹਿਣਾ ਚਾਹੁੰਦੇ ਹਨ।

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਸਾਹਿਬ ਨੇ ਸਵਾਲ ਚੁੱਕਿਆ ਹੈ ਉਹ ਬਹੁਤ ਇੰਪਾਰਟੈਂਟ ਹੈ। ਇਹ ਸਿਰਫ ਇਨ੍ਹਾਂ ਦੇ ਹਲਕੇ ਦਾ ਹੀ ਨਹੀਂ ਬਲਕਿ ਸਾਰੇ ਪੰਜਾਬ ਦਾ ਇਸ਼ੂ ਹੈ। ਮੈਂ ਇਸ ਦੀ ਬੈਕਗਰਾਊਂਡ ਦੱਸਣੀ ਚਾਹੁੰਦਾ ਹਾਂ। ਪਿਛਲੇ 15-18 ਸਾਲਾਂ ਵਿੱਚ ਪੰਜਾਬ ਵਿੱਚ ਇੰਨੀ ਅਨਅਥੋਰਾਈਜ਼ਡ ਕੰਸਟਰਕਸ਼ਨ ਹੋਈ ਹੈ ਕਿ 14000 ਅਨਅਥੋਰਾਈਜ਼ਡ ਇਲਲੀਗਲ ਕਲੋਨੀਆਂ ਡਿਵੈਲਪ ਹੋ ਗਈਆਂ। ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਕਿ ਇੱਕ ਅਰਬਨ ਜੰਗਲ ਬਣ ਗਿਆ ਅਤੇ ਕਈ ਥਾਵਾਂ ਅਜਿਹੀਆਂ ਵੀ ਹਨ ਜੇਕਰ ਉੱਥੇ fire tragedy ਹੋ ਜਾਵੇ ਤਾਂ ਉੱਥੇ ਫਾਇਰ ਬ੍ਰਿਗੇਡ ਵੀ ਨਹੀਂ ਪਹੁੰਚ ਸਕਦੀ। ਇਹ ਕਲੋਨੀਆਂ ਵਿੱਚ basic amenities ਵੀ ਨਹੀਂ ਹਨ। ਜਦੋਂ ਦੀ ਇਹ ਸਰਕਾਰ ਬਣੀ ਹੈ ਤਾਂ 4 ਅਪ੍ਰੈਲ ਨੂੰ ਹਾਈ ਕੋਰਟ ਵਿੱਚ ਇੱਕ ਕੇਸ ਹੋਇਆ, ਸਿਵਲ ਰਿਟ ਪਟੀਸ਼ਨ ਹੋਈ ਜਿਸ ਵਿੱਚ ਹਾਈ ਕੋਰਟ ਨੇ ਸਰਕਾਰ ਨੂੰ ਕਿਹਾ ਕਿ ਇੱਕ ਪਾਸੇ ਤਾਂ ਤੁਸੀਂ 1995 ਵਿੱਚ ਪਾਪਰਾ ਐਕਟ ਬਣਾਇਆ ਹੋਇਆ ਹੈ ਅਤੇ ਉਸ ਤੋਂ ਬਾਅਦ ਵਾਰ ਵਾਰ ਤੁਸੀਂ ਰੈਗੂਲਰਾਈਜੇਸ਼ਨ ਪਾਲਿਸੀ ਲਿਆਉਂਦੇ ਹੋ। ਪਹਿਲਾਂ ਸਾਲ 2013 ਵਿੱਚ ਆਈ, ਫਿਰ ਸਾਲ 2016 ਵਿੱਚ ਆਈ, ਫਿਰ ਸਾਲ 2017 ਵਿੱਚ ਆਈ ਅਤੇ ਫਿਰ ਸਾਲ 2018 ਵਿੱਚ ਆਈ। ਰੈਗੂਲਰਾਈਜ਼ੇਸ਼ਨ ਪਾਲਿਸੀ ਦੇ ਨਾਮ ਤੇ ਤੁਸੀਂ ਆਪਣੇ ਹੀ ਪਾਪਰਾ ਐਕਟ ਦੀਆਂ ਧੱਜੀਆਂ ਉਡਾ ਦਿੰਦੇ ਹੋ। ਜੇਕਰ ਤੁਸੀਂ ਪਾਪਰਾ ਐਕਟ ਮੰਨਣਾ ਹੀ ਨਹੀਂ ਹੈ ਤਾਂ

ਫਿਰ ਉਸ ਨੂੰ ਖਤਮ ਹੀ ਕਰ ਦੇਵੋ। ਇਸ ਕਰਕੇ ਐਨ.ਓ.ਸੀ. ਦੀ ਕੰਡੀਸ਼ਨ ਲਗਾਈ ਗਈ। ਜਿਸ ਕਰਕੇ ਸਿਚੁਏਸ਼ਨ ਕਾਫੀ ਕੰਪਲੀਕੇਟਿਡ ਹੋ ਗਈ ਜਿਸ ਕਰਕੇ ਲੋਕਾਂ ਨੂੰ ਮੁਸ਼ਕਿਲਾਂ ਆਉਣੀਆਂ ਸ਼ੁਰੂ ਹੋ ਗਈਆਂ। ਇਸ ਦੀ ਗਹਿਰਾਈ ਅਤੇ ਗੰਭੀਰਤਾ ਨੂੰ ਸਮਝਦੇ ਹੋਏ ਮਾਨ ਸਾਹਿਬ ਦੀਆਂ ਹਦਾਇਤਾਂ ਦੇ ਉੱਪਰ ਹਾਊਸਿੰਗ ਅਰਬਨ ਡਿਵੈਲਪਮੈਂਟ, ਰੈਵੀਨਿਊ ਅਤੇ ਲੋਕਲ ਬਾਡੀਜ਼ ਡਿਪਾਰਟਮੈਂਟ ਨੇ ਕਾਫੀ ਮੀਟਿੰਗਾਂ ਕੀਤੀਆਂ ਹਨ। ਪਹਿਲੇ ਫੇਜ਼ ਵਿੱਚ ਕਾਮਨ ਆਨਲਾਈਨ ਪੋਰਟਲ ਲਾਂਚ ਕਰ ਚੁੱਕੇ ਹਾਂ। ਇਸ ਨੂੰ ਲਾਂਚ ਕੀਤੇ ਤਕਰੀਬਨ 6 ਮਹੀਨੇ ਹੋ ਗਏ ਹਨ। ਉਸ ਵਿੱਚ ਡਿਫਾਈਂਡ ਹੈ ਕਿ ਆਪਣੇ ਡਾਕੂਮੈਂਟਸ ਅਪਲੋਡ ਕਰੋ ਤਾਂ 15 ਦਿਨਾਂ ਦੇ ਵਿੱਚ ਵਿੱਚ ਐਨ.ਓ.ਸੀ. ਜਾਰੀ ਹੋ ਜਾਵੇਗੀ। ਦੂਜੇ ਫੇਜ਼ ਵਿੱਚ 5773 ਪਿੰਡਾਂ ਨੂੰ ਐਗਜ਼ੈਂਪਟ ਕਰ ਦਿੱਤਾ। ਇਹ ਉਹ ਪਿੰਡ ਹਨ ਜਿੱਥੇ ਨਾ ਤਾਂ ਅੱਜ ਤੱਕ ਅਨਅਥੋਰਾਈਜ਼ਡ ਕਲੋਨੀਆਂ ਬਣੀਆਂ ਹਨ ਅਤੇ ਨਾ ਹੀ ਭਵਿੱਖ ਵਿੱਚ ਬਣਨ ਦੇ ਕੋਈ ਚਾਂਸ ਹਨ। ਉਨ੍ਹਾਂ 5773 ਪਿੰਡਾਂ ਨੂੰ ਐਗਜ਼ੈਂਪਟ ਕਰ ਦਿੱਤਾ ਗਿਆ ਹੈ। ਤੀਜੇ ਫੇਜ਼ ਵਿੱਚ ਮਾਨ ਸਾਹਿਬ ਇਸ ਚੀਜ਼ ਨੂੰ ਆਪ ਮੋਨੀਟਰ ਕਰ ਰਹੇ ਹਨ। ਇਸ ਤੇ ਬੜੀ ਸੰਜੀਦਗੀ ਨਾਲ ਸਰਕਾਰ ਅਤੇ ਸਾਰੇ ਮਹਿਕਮੇ ਕੰਮ ਕਰ ਰਹੇ ਹਨ। ਤੀਜੇ ਫੇਜ਼ ਵਿੱਚ ਬਾਕੀ ਰਹਿੰਦੇ ਪਿੰਡਾਂ ਤੇ ਕੰਮ ਕਰ ਰਹੇ ਹਨ। ਇਹ ਡਰਾਫਟ ਪਾਲਿਸੀ almost ਤਿਆਰ ਹੋ ਚੁੱਕੀ ਹੈ। ਜੇਕਰ ਇਸ ਤੇ ਸੀ.ਐਮ. ਸਾਹਿਬ ਦੀ ਕੰਸੈਂਟ ਹੋ ਜਾਂਦੀ ਹੈ ਤਾਂ ਲੋਕਾਂ ਦੀ ਜੋ ਖੱਜਲ ਖੁਆਰੀ ਹੋ ਰਹੀ ਹੈ ਇਸ ਨੂੰ ਕਿਵੇਂ ਖਤਮ ਕਰਨਾ ਹੈ ਇਸ ਤੇ ਸਰਕਾਰ ਸੰਜੀਦਗੀ ਨਾਲ ਕੰਮ ਕਰ ਰਹੀ ਹੈ। 10-15 ਦਿਨਾਂ ਵਿੱਚ ਇਹ ਸਾਰੀਆਂ ਚੀਜ਼ਾਂ ਫਾਈਨਲਾਈਜ਼ ਹੋ ਜਾਣਗੀਆਂ। ਅੱਜ ਇਸ ਪਵਿੱਤਰ ਸਦਨ ਵਿੱਚ ਤੁਹਾਡੇ ਮਾਧਿਅਮ ਜ਼ਰੀਏ ਪੰਜਾਬ ਦੇ ਪੌਣੇ ਤਿੰਨ ਕਰੋੜ ਲੋਕਾਂ ਨੂੰ ਕਹਿ ਦੇਣਾ ਚਾਹੁੰਦਾ ਹਾਂ ਕਿ ਹੁਣ ਤੱਕ ਪਿਛਲੀਆਂ ਸਰਕਾਰਾਂ ਦੇ ਸਮੇਂ ਜੋ ਵੀ ਹੋਇਆ, ਪੁਲੀਟੀਕਲ ਜਾਂ ਬਿਓਰੋਕ੍ਰੈਟਿਕ indulgence ਦੇ ਨਾਲ ਹੋਇਆ ਹੈ। ਅੱਜ ਤੋਂ ਬਾਅਦ ਕੋਈ ਵੀ ਇਲਲੀਗਲ ਕਲੋਨੀ ਅਤੇ ਇਲਲੀਗਲ ਸਟਰਕਚਰ ਅਲਾਓ ਨਹੀਂ ਕੀਤਾ ਜਾਵੇਗਾ।

10.25 07.03.2023 RK/HS Tiwana

ਸਾਡੇ ਹਾਊਸਿੰਗ ਡਿਵੈਲਪਮੈਂਟ ਬੋਰਡ ਅਤੇ ਲੋਕਲ ਗੌਰਮਿੰਟ ਡਿਪਾਰਟਮੈਂਟ ਵੱਲੋਂ ਸੌਖੀਆਂ ਅਤੇ ਸਰਲ streamlined ਪਾਲਿਸੀਆਂ ਬਣਾ ਦਿੱਤੀਆਂ ਹਨ। Affordable ਦੇ ਵਿੱਚ ਇਹ ਰੇਟਸ ਅਸੀਂ 50% ਕਰ ਦਿੱਤੇ ਹਨ। ਅਸੀਂ ਸਾਰੀਆਂ ਦੀਆਂ ਸਾਰੀਆਂ ਪਾਵਰਜ਼ ਡੀ-ਸੈਂਟਰੇਲਾਈਜ਼ਡ ਕਰ ਦਿੱਤੀਆਂ ਹਨ। ਸੀ.ਐਲ.ਯੂ. ਦੀ ਕੋਈ ਵੀ ਫਾਈਲ ਸਾਡੇ ਕੋਲ ਨਹੀਂ ਆਉਂਦੀ, ਉਹ ਹੇਠਲੇ ਲੈਵਲ ਤੇ ਹੀ ਹੋ ਜਾਂਦਾ ਹੈ। ਅਸੀਂ ਸਾਰਾ ਕੰਮ ਸੌਖਾ ਕਰਨ ਲੱਗੇ ਹੋਏ ਹਾਂ ਪਰੰਤੂ ਜਿਹੜੀਆਂ ਪਿਛਲੀਆਂ ਸਰਕਾਰਾਂ ਦੀਆਂ ਗੱਠਾਂ ਪਈਆਂ ਹੋਈਆਂ ਹਨ, ਜਿਵੇਂ ਕਹਿੰਦੇ ਹਨ ਕਿ ਹੱਥਾਂ ਨਾਲ ਦਿੱਤੀਆਂ ਹੋਈਆਂ ਗੱਠਾਂ ਮੂੰਹ ਨਾਲ ਖੋਲ੍ਹਣੀਆਂ ਪੈ ਜਾਂਦੀਆਂ ਹਨ, ਇਹ ਉਹੀ ਕੰਮ ਹੋ ਰਿਹਾ ਹੈ। ਅਸੀਂ ਮੈਕਸੀਮਮ ਇਸ ਮਾਰਚ ਦੇ end ਤੱਕ ਸਾਰਾ ਕੰਮ

ਸਟਰੀਮਲਾਈਨਡ ਕਰ ਦਿਆਂਗੇ। ਇਸ ਲਈ ਅੱਗੇ ਤੋਂ ਜਿਸ ਕਿਸੇ ਨੇ ਵੀ ਕਲੋਨੀ ਕੱਟਣੀ ਹੈ, ਉਹ ਲੀਗਲ ਕੱਟੋ, ਆਥੋਰਾਈਜ਼ਡ ਕੱਟੋ, ਇਸ ਵਾਸਤੇ ਕੋਈ ਖੱਜਲ-ਖੁਆਰੀ ਨਹੀਂ ਹੋਵੇਗੀ, ਕੋਈ ਰਿਸ਼ਵਤਖੋਰੀ ਨਹੀਂ ਹੋਵੇਗੀ। ਇਹ ਸਾਰਾ ਸਾਫ-ਸੁਥਰਾ ਕੰਮ ਹੋਵੇਗਾ। ਇਲੀਗਲ ਕਲੋਨੀਆਂ ਅਸੀਂ ਨਾ ਹੀ ਕਿਤੇ ਬਣਨ ਦੇਣੀਆਂ ਹਨ ਅਤੇ ਨਾ ਹੀ ਸਾਰੇ ਸਿਸਟਮ ਦੇ ਵਿੱਚ ਅਜਿਹਾ ਕੁਝ ਕਰਨ ਦੇਣਾ ਹੈ। Thank you so much , Speaker sahib.

**ਮਾਨਯੋਗ ਸਪੀਕਰ :** ਤੁਹਾਡਾ ਬਹੁਤ ਧੰਨਵਾਦ। ਇਹ ਪੰਜਾਬ ਦਾ ਬੜਾ ਵੱਡਾ ਇਸ਼ੂ ਹੈ, ਲੋਕਾਂ ਦੀ ਬਹੁਤ ਖੱਜਲ-ਖੁਆਰੀ ਹੋ ਰਹੀ ਹੈ। ਇਹ ਤੁਸੀਂ ਅਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਕਰਵਾ ਰਹੇ ਹੋ। ਮੈਂ ਆਪਣੇ ਵੱਲੋਂ ਵੀ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਲਾਡੀ ਜੀ, ਮੇਰਾ ਖਿਆਲ ਗੱਲ ਹੋ ਗਈ ਹੈ, ਗੱਲ ਹੋ ਗਈ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ :** ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਲ ਮੰਤਰੀ ਸਾਹਿਬ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਬਾਕੀ ਸਬੰਧਿਤ ਮੰਤਰੀ ਸਾਹਿਬ ਵੀ ਇੱਥੇ ਬੈਠੇ ਹਨ, ਕਿੰਨੇ ਟਾਈਮ ਦੇ ਵਿੱਚ ਇਹ ਪਾਲਿਸੀ ਬਣ ਜਾਵੇਗੀ ਤਾਂ ਕਿ ਲੋਕਾਂ ਦੀ ਖੱਜਲ-ਖੁਆਰੀ ਛੇਤੀ ਤੋਂ ਛੇਤੀ ਖਤਮ ਹੋ ਜਾਵੇ?

**ਮਾਨਯੋਗ ਸਪੀਕਰ :** ਇਨ੍ਹਾਂ ਨੇ ਦੱਸ ਦਿੱਤਾ ਹੈ ਜੀ ਕਿ ਮਾਰਚ ਦੇ ਅੰਤ ਤੱਕ ਇਹ ਪਾਲਿਸੀ ਬਣ ਜਾਵੇਗੀ। ਇਹ ਗੱਲ ਆ ਗਈ ਹੈ। ਮੇਰਾ ਖਿਆਲ ਹੈ ਕਿ ਸਾਰਾ ਕੁਝ ਹੋ ਗਿਆ ਹੈ, ਆਪਾਂ ਅੱਗੇ ਚੱਲੀਏ।

-------------

## ਨਿਸ਼ਾਨ ਵਾਲਾ ਪ੍ਰਸ਼ਨ ਨੰ. 558

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------------

## ਅਵਾਰਾ ਕੁੱਤਿਆਂ ਕਾਰਨ ਹੁੰਦੀਆਂ ਘਟਨਾਵਾਂ ਰੋਕਣਾ

***574. ਡਾਕਟਰ ਕਸ਼ਮੀਰ ਸਿੰਘ ਸੋਹਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਵਾਰਾ ਕੁੱਤਿਆਂ ਦੇ ਕੱਟਣ ਕਾਰਨ ਬਹੁਤ ਸਾਰੀਆਂ ਜਾਨਾਂ ਜਾਂਦੀਆਂ ਹਨ ਅਤੇ ਇਸ ਤੋਂ ਇਲਾਵਾ ਅਵਾਰਾ ਕੁੱਤੇ ਸੜਕੀ ਦੁਰਘਟਨਾਵਾਂ ਦਾ ਕਾਰਨ ਵੀ ਬਣਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਅਵਾਰਾ ਕੁੱਤਿਆਂ ਦੀ ਰੋਕਥਾਮ ਲਈ ਕੀ ਉਪਰਾਲੇ ਕਰ ਰਹੀ ਹੈ?

**ਡਾਕਟਰ ਇੰਦਰਬੀਰ ਸਿੰਘ ਨਿੱਜਰ :** ਹਾਂ ਜੀ, ਸ਼ਹਿਰੀ ਸਥਾਨਕ ਸੰਸਥਾਵਾ ਵੱਲੋਂ ਸ਼ਹਿਰੀ ਖੇਤਰ ਵਿੱਚ ਅਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਨਜਿੱਠਣ ਲਈ ਇਨ੍ਹਾਂ ਦੀ ਅਬਾਦੀ ਨੂੰ ਕੰਟਰੋਲ ਕਰਨ ਹਿੱਤ ਅਵਾਰਾ ਕੁੱਤਿਆਂ ਦੀ ਨਸਬੰਦੀ ਕਰਵਾਈ ਜਾਂਦੀ ਹੈ ਤਾਂ ਕਿ ਇਨ੍ਹਾਂ ਦੀ ਗਿਣਤੀ ਘੱਟ ਜਾਵੇ।

**ਡਾਕਟਰ ਕਸ਼ਮੀਰ ਸਿੰਘ ਸੋਹਲ :** ਸਪੀਕਰ ਸਾਹਿਬ, ਸਮਾਂ ਦੇਣ ਲਈ ਧੰਨਵਾਦ। ਅੱਜ ਸਾਰੀ ਦੁਨੀਆਂ ਦੇ ਵਿੱਚ, ਸਾਰੇ ਭਾਰਤ ਦੇ ਵਿੱਚ, ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਅਵਾਰਾ ਕੁੱਤਿਆਂ ਦੀ ਸਮੱਸਿਆ ਹੈ। ਅੰਮ੍ਰਿਤਸਰ ਤੋਂ ਸਾਡੇ ਵਿਧਾਇਕ ਸ਼੍ਰੀ ਕੁੰਵਰ ਵਿਜੇ ਪ੍ਰਤਾਪ ਜੀ ਨੇ ਵੀ ਇਹ ਮਸਲਾ ਉਠਾਇਆ ਸੀ।

**ਮਾਨਯੋਗ ਸਪੀਕਰ :** ਇੱਕ ਮਿੰਟ, ਰੁਕੋ ਜੀ। ਇਹ ਭਾਸ਼ਣ ਦੇਣ ਦਾ ਸਮਾਂ ਨਹੀਂ ਹੈ। ਕਿਰਪਾ ਕਰਕੇ ਕੋਈ ਪ੍ਰਸ਼ਨ ਨਾਲ ਸਬੰਧਿਤ ਕੋਈ ਸਪੈਸੀਫਿਕ ਗੱਲ ਪੁੱਛਣਾ ਚਾਹੁੰਦੇ ਹੋ ਤਾਂ ਪੁੱਛੋ। ਇਹ ਗੋਲ-ਗੋਲ ਘੁੰਮ ਕੇ ਨਹੀਂ ਆਉਣਾ। ਆਪਾਂ ਹੋਰਾਂ ਨੂੰ ਵੀ ਸਮਾਂ ਦੇਣਾ ਹੈ।

**ਡਾਕਟਰ ਕਸ਼ਮੀਰ ਸਿੰਘ ਸੋਹਲ :** ਮਾਨਯੋਗ ਮੰਤਰੀ ਸਾਹਿਬ ਜੀ ਨੇ ਕਿਹਾ ਹੈ ਕਿ ਸ਼ਹਿਰਾਂ ਦੇ ਵਿੱਚ ਅਵਾਰਾ ਕੁੱਤਿਆਂ ਦੇ ਲਈ ਬਰਥ ਕੰਟਰੋਲ ਪ੍ਰੋਗਰਾਮ ਚੱਲ ਰਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਵੱਲੋਂ ਲੋਕਾਂ ਦੀ ਅੱਖਾਂ ਪੂੰਝਣ ਵਾਸਤੇ ਐਨੀਮਲ ਬਰਥ ਕੰਟਰੋਲ ਐਕਟ, 2001 ਦੇ ਅਨੁਸਾਰ ਮਾੜਾ ਮੋਟਾ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਇਸ ਦੇ ਕੋਈ ਵੀ ਸਾਰਥਕ ਸਿੱਟੇ ਨਹੀਂ ਨਿਕਲੇ।

**ਮਾਨਯੋਗ ਸਪੀਕਰ :** ਮਾਨਯੋਗ ਐਮ.ਐਲ.ਏ. ਸਾਹਿਬ, ਇਹ ਜਿਹੜਾ ਇੱਕ ਘੰਟਾ ਹੈ, ਇਹ ਦੱਸਣ ਦਾ ਨਹੀਂ ਹੈ, ਇਹ ਪੁੱਛਣ ਦਾ ਹੈ। ਜੇਕਰ ਤੁਸੀਂ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਪੁੱਛੋ, ਨਹੀਂ ਫਿਰ ਅੱਗੇ ਚੱਲੀਏ।

**ਡਾਕਟਰ ਕਸ਼ਮੀਰ ਸਿੰਘ ਸੋਹਲ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਸ਼ਹਿਰਾਂ ਦੇ ਅੰਦਰ ਐਨੀਮਲ ਬਰਥ ਪ੍ਰੋਗਰਾਮ ਦੇ ਅੰਡਰ ਕੁੱਤਿਆਂ ਦੀ ਸਟਰਲਾਈਜੇਸ਼ਨ ਹੋ ਰਹੀ ਹੈ। ਪ੍ਰੈਕਟੀਕਲ ਤੌਰ ਤੇ ਵੇਖਿਆ ਜਾਵੇ ਤਾਂ ਇਹ ਨਹੀਂ ਹੋ ਰਹੀ। ਇਸੇ ਪ੍ਰੋਗਰਾਮ ਦੇ ਤਹਿਤ ਨੀਦਰਲੈਂਡ ਦੁਨੀਆ ਦਾ ਇੱਕ ਪਹਿਲਾ ਦੇਸ਼ ਹੈ ਜਿੱਥੇ ਕਿ ਅਵਾਰਾ ਕੁੱਤੇ ਬਿਲਕੁਲ ਹੀ ਖਤਮ ਹੋ ਚੁੱਕੇ ਹਨ। ਸਾਡੇ ਦੇਸ਼ ਵਿੱਚ ਵੀ ਮਨੀਪੁਰ, ਲਕਸ਼ਦੀਪ ਵਿੱਚ ਵੀ ਕੁੱਤੇ ਬਿਲਕੁਲ ਖਤਮ ਹੋ ਚੁੱਕੇ ਹਨ।

**ਮਾਨਯੋਗ ਸਪੀਕਰ :** ਤੁਸੀਂ ਐਮ.ਐਲ.ਏ. ਸਾਹਿਬ ਬੈਠੋ। ਮੰਤਰੀ ਜੀ, ਇਹ ਪੁੱਛਣਾ ਚਾਹੁੰਦੇ ਹਨ ਕਿ ਕੀ ਤੁਸੀਂ ਬਰਥ ਕੰਟਰੋਲ ਪ੍ਰੋਗਰਾਮ ਹੈ, ਇਹ ਗਰਾਊਂਡ ਲੈਵਲ ਤੇ ਕਰਵਾਓਗੇ?

**ਸਥਾਨਕ ਸਰਕਾਰ ਮੰਤਰੀ :** ਜੀ ਹਾਂ, ਸਰ। ਇਹ ਇਸ਼ੂ ਥੋੜ੍ਹਾ complex ਹੈ। ਮੈਂ ਇਸ ਲਈ ਦੋ ਮਿੰਟ ਦਾ ਸਮਾਂ ਲਵਾਂਗਾ। Society for Prevention for cruelty Animal ਜਥੇਬੰਦੀ ਨੇ ਸਟੈਂਡ ਲਿਆ

ਸੀ। ਕਿਉਂਕਿ ਪਹਿਲਾਂ ਬਹੁਤ ਸੌਖਾ ਤਰੀਕਾ ਸੀ, stiptin medicine ਪਾ ਦਿੱਤੀ ਜਾਂਦੀ ਸੀ ਤੇ ਕੁੱਤੇ ਮਰਦੇ ਸੀ ਤੇ ਉਨ੍ਹਾਂ ਨੂੰ ਚੁੱਕ ਲਿਆ ਜਾਂਦਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਤਰੀਕਾ ਗਲਤ ਹੈ। ਫੇਰ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਬਣਾਇਆ ਗਿਆ ਸੀ। ਇਨ੍ਹਾਂ ਦੀਆਂ ਹਦਾਇਤਾਂ ਬੜੀਆਂ ਸਖਤ ਹਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੂੰ ਕੰਟਰੋਲ ਕਰਨ ਲਈ ਸਟਰਲਾਈਜ਼ ਕਰੋ। ਲੇਕਿਨ ਜਿਹੜੇ ਸਟਰਲਾਈਜ਼ ਕਰਨੇ ਹਨ, ਜਿਹੜੇ ਮੁਹੱਲੇ ਵਿੱਚੋਂ ਉਨ੍ਹਾਂ ਨੂੰ ਚੁੱਕਣਾ ਹੈ, ਉੱਥੋਂ ਉਨ੍ਹਾਂ ਨੂੰ ਸਟਰਲਾਈਜ਼ ਕਰਕੇ ਅਤੇ ਐਂਟੀ ਰੈਬੀਜ਼ ਵੈਕਸੀਨ ਲਗਾ ਕੇ, ਜੋ ਵੀ ਖੁਰਾਕ ਦੇਣੀ ਹੈ, ਉਹ ਦੇ ਕੇ ਉਸੇ ਜਗ੍ਹਾ ਵਾਪਸ ਛੱਡ ਕੇ ਆਓ। ਜਿਹੜੀ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਹੈ, ਇਹ ਬੜਾ ਸਟਰਿਕਟਲੀ ਇਨਫੋਰਸ ਕਰਦਾ ਸੀ। ਐਨੀਮਲ ਜਥੇਬੰਦੀਆਂ ਸੀ, ਐਸੋਸੀਏਸ਼ਨ ਸੀ, ਆਰਗੇਨਾਈਜੇਸ਼ਨ ਸੀ, ਜਿਹੜੀਆਂ ਕਿ ਸਟਰਲਾਈਜੇਸ਼ਨ ਕਰਦੀਆਂ ਸੀ। ਉਨ੍ਹਾਂ ਨੂੰ ਦੋ ਕੰਮ ਕਰਨੇ ਪੈਂਦੇ ਸੀ, ਪਹਿਲਾਂ ਉਨ੍ਹਾਂ ਨੂੰ ਜਾ ਕੇ ਰਜਿਸਟਰ ਕਰਨਾ ਪੈਂਦਾ ਸੀ ਤੇ ਫਿਰ ਪਰਮਿਸ਼ਨ ਲੈਣੀ ਪੈਂਦੀ ਸੀ।

ਕੁ.ਕ/ਬ.ਸ. 10.30 7.03.2023

ਪਰਮਿਸ਼ਨ ਲੈਣ ਲਈ ਸਾਨੂੰ ਗਰਾਊਂਡ ਲੈਵਲ ਤੇ ਆਪਰੇਸ਼ਨ ਥੀਏਟਰ ਅਤੇ ਕੈਨਨਜ਼ ਚਾਹੀਦੀਆਂ ਸੀ। ਸੋ, ਇਹ ਸਾਰਾ ਸਟਰੱਕਚਰ ਨਾ ਹੋਣ ਕਰਕੇ ਬਹੁਤ ਸਮਾਂ ਲੱਗ ਜਾਂਦਾ ਸੀ। ਮੇਰਾ ਪਰਸਨਲ experience ਹੈ। ਮੈਂ Animal Welfare Board of India ਦੇ ਸੈਕਟਰੀ ਸਾਹਿਬ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਫੋਨ ਨਹੀਂ ਚੁੱਕਿਆ। ਮੈਂ ਉਨ੍ਹਾਂ ਨੂੰ ਮੈਸੇਜ ਕਰਕੇ ਆਪਣੇ ਬਾਰੇ ਦੱਸਿਆ ਸੀ ਤਾਂ ਵੀ ਉਨ੍ਹਾਂ ਨੇ ਉਸ ਦਾ ਕੋਈ ਜਵਾਬ ਨਹੀਂ ਆਇਆ। ਉਸ ਤੋਂ ਬਾਅਦ ਮੈਂ ਵਟਸਐਪ ਕਾਲ ਕੀਤੀ ਅਤੇ ਈ.ਮੇਲ ਵੀ ਪਾਈ ਸੀ, ਉਨ੍ਹਾਂ ਨੇ ਉਸ ਦਾ ਵੀ ਕੋਈ ਜਵਾਬ ਨਹੀਂ ਦਿੱਤਾ। ਸੋ, ਇਨ੍ਹਾਂ ਲੋਕਾਂ ਦਾ ਇਹੋ ਜਿਹਾ behavior ਹੈ। ਇਹ ਛੇ-ਛੇ ਮਹੀਨੇ ਆ ਕੇ ਕੈਨਨਜ਼ ਅਤੇ ਆਪਰੇਸ਼ਨ ਥੀਏਟਰਾਂ ਦੀ ਇੰਸਪੈਕਸ਼ਨ ਨਹੀਂ ਕਰਦੇ। ਇਸ ਕਰਕੇ ਸਾਨੂੰ ਮੁਸ਼ਕਲ ਆ ਰਹੀ ਸੀ। ਐਤਕੀਂ ਜਨਵਰੀ ਵਿੱਚ ਹਾਈਕੋਰਟ ਨੇ ਇਨ੍ਹਾਂ ਤੇ ਸਟੇਅ ਲਗਾ ਦਿੱਤੀ ਹੈ। ਅਸੀਂ ਹੁਣ ਦੁਬਾਰਾ ਇਸ ਗੱਲ ਨੂੰ ਸ਼ੁਰੂ ਕਰ ਰਹੇ ਹਾਂ। ਸਾਡੇ ਕੋਲ ਘੱਟੋ-ਘੱਟ 12 ਅਜਿਹੀਆਂ ਲੋਕਲ ਬਾਡੀਜ਼ ਹਨ ਜਿਨ੍ਹਾਂ ਵਿੱਚ ਆਪਰੇਸ਼ਨ ਥੀਏਟਰ ਅਤੇ ਕੈਨਨਜ਼ ਮੌਜੂਦ ਹਨ। ਸਾਨੂੰ ਹੁਣ ਕੰਮ ਕਰਨ ਦੀ ਖੁੱਲ੍ਹੀ ਛੋਟ ਮਿਲੀ ਹੈ। ਇਸ ਲਈ ਅਸੀਂ ਹੁਣ ਇਹ ਪਲਾਨ ਕਰ ਰਹੇ ਹਾਂ ਕਿ rather than ਹਰ ਇੱਕ ਬਾਡੀ ਇਨ੍ਹਾਂ ਨਾਲ ਆਪਣਾ-ਆਪਣਾ ਠੇਕਾ ਕਰੇ, ਅਸੀਂ ਇੱਕ common rate fix ਕਰ ਦੇਵਾਂਗੇ ਕਿ ਉਸ ਰੇਟ ਤੇ ਕੋਈ ਵੀ ਇੰਪੈਨਲ ਹੋ ਜਾਵੇਗਾ। ਕੋਈ ਵੀ ਜਥੇਬੰਦੀ ਜੋ ਕਰਨਾ ਚਾਹੁੰਦੀ ਹੈ, ਉਹ ਇਸ ਨਾਲ ਇੰਪੈਨਲ ਹੋ ਜਾਵੇ। ਦੂਜਾ ਸਾਡੀਆਂ ਚਾਰ ਬਾਡੀਜ਼ ਹਨ, ਜਿਵੇਂ ਕਿ ਅਰਬਨ ਬਾਡੀ, ਲੋਕਲ ਗੌਰਮਿੰਟ, ਪੰਚਾਇਤੀ ਰਾਜ ਅਤੇ ਪਸ਼ੂ ਪਾਲਣ ਵਿਭਾਗ ਹੈ। ਅਸੀਂ ਇਹ ਸੋਚ ਰਹੇ ਹਾਂ ਕਿ ਇਹ ਚਾਰੋ ਬਾਡੀਜ਼ ਇਕੱਠੀਆਂ ਹੋ ਕੇ ਇੱਕ ਕਾਰਪਸ ਬਣਾ ਲਈਏ। ਇਸ ਕਾਰਪਸ ਰਾਹੀਂ ਅਸੀਂ ਸਾਰਾ ਕੰਮ ਕਰੀਏ। ਅੰਮ੍ਰਿਤਸਰ, ਜਲੰਧਰ,

ਲੁਧਿਆਣਾ ਤਾਂ ਆਪਣੇ ਆਪ ਮੈਨੇਜ ਕਰ ਲੈਣਗੇ ਕਿਉਂਕਿ ਇਨ੍ਹਾਂ ਕੋਲ ਚਾਰ ਪੈਸੇ ਹੋਣਗੇ ਲੇਕਿਨ ਛੋਟੇ ਸ਼ਹਿਰਾਂ ਕੋਲ ਪੈਸਾ ਨਹੀਂ ਹੁੰਦਾ ਹੈ। ਇਹ ਸਮੱਸਿਆ ਸਿਰਫ ਸ਼ਹਿਰਾਂ ਦੀ ਹੀ ਨਹੀਂ ਬਲਕਿ ਪਿੰਡਾਂ ਦੀ ਵੀ ਹੈ। ਪਿੰਡਾਂ ਵਿੱਚ ਪੰਚਾਇਤੀ ਰਾਜ ਕੋਲ ਕੋਈ ਸਿਸਟਮ ਨਹੀਂ ਹੈ। ਪਿੰਡਾਂ ਅਤੇ ਛੋਟੇ ਸ਼ਹਿਰਾਂ ਕੋਲ ਪੈਸੇ ਦੀ ਕਮੀ ਹੈ। ਇਸ ਲਈ ਅਸੀਂ ਇੱਕ common corpus ਬਣਾ ਕੇ ਇਹ ਸਾਰਾ ਕੁਝ ਚੰਡੀਗੜ੍ਹ ਤੋਂ ਹੀ ਮੈਨੇਜ ਕਰਾਂਗੇ। ਮੈਨੂੰ ਆਸ ਹੈ ਕਿ ਜਦੋਂ ਵੀ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਇਸ ਸਬੰਧੀ ਕੋਈ ਸਵਾਲ ਪੁੱਛਿਆ ਜਾਵੇਗਾ ਤਾਂ ਸਾਡੇ ਕੋਲ ਬਹੁਤ ਵਧੀਆ ਜਵਾਬ ਹੋਵੇਗਾ ਕਿ ਅਸੀਂ ਇੰਨਾ ਕੰਮ ਕਰ ਲਿਆ ਹੈ।

**ਡਾਕਟਰ ਕਸ਼ਮੀਰ ਸਿੰਘ ਸੋਹਲ:** ਪੰਜਾਬ ਵਿੱਚ ਅੱਜ ਇਹ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ। ਇਸ ਨੂੰ ਸੀਰੀਅਸ ਲੈਣ ਦੀ ਲੋੜ ਹੈ। ਖੂੰਖਾਰ ਕੁੱਤਿਆਂ ਰਾਹੀਂ ਲੋਕਾਂ ਦੇ ਬੱਚੇ ਨੋਚ-ਨੋਚ ਕੇ ਖਾਧੇ ਜਾ ਰਹੇ ਹਨ। ਇਹ ਆਵਾਰਾ ਕੁੱਤੇ ਬਜ਼ੁਰਗਾਂ ਨੂੰ ਆਪਣਾ ਟਾਰਗੈਟ ਬਣਾ ਰਹੇ ਹਨ। ਪਿਛਲੀਆਂ ਸਰਕਾਰਾਂ ਵੱਲੋਂ ਇਸ ਤੇ ਕੋਈ ਸੀਰੀਅਸ ਕੰਮ ਨਹੀਂ ਕੀਤਾ ਗਿਆ। ਇਸ ਤੇ ਸਾਨੂੰ ਸੀਰੀਅਸਲੀ ਸੋਚਣ ਦੀ ਲੋੜ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਸਮਾਂਬੱਧ ਕਰੋਗੇ ਕਿ ਕਦੋਂ ਤੱਕ ਅਵਾਰਾ ਕੁੱਤਿਆਂ ਤੇ ਕੰਟਰੋਲ ਕਰ ਲਿਆ ਜਾਵੇਗਾ?

**ਮਾਨਯੋਗ ਸਪੀਕਰ:** ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਅਗਲੇ ਸੈਸ਼ਨ ਤੱਕ ਇਸ ਦਾ ਕੋਈ ਨਾ ਕੋਈ ਹੱਲ ਹੋ ਜਾਵੇਗਾ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਕੁਝ ਕਹਿਣਾ ਚਾਹੁੰਦੇ ਹੋ?

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਮੇਰੀ ਮੰਤਰੀ ਜੀ ਨੂੰ ਗੁਜਾਰਿਸ਼ ਹੈ ਕਿ ਕੁੱਤਿਆਂ ਨੂੰ sterilize ਕਰਨ ਲਈ ਜਿਹੜੇ ਪੈਸੇ ਕਮੇਟੀਆਂ ਕੋਲ ਜਾਂਦੇ ਹਨ, ਇਸ ਸਬੰਧੀ ਕਈ ਵਾਰੀ ਮਤਾ ਪਾਸ ਨਹੀਂ ਹੁੰਦਾ ਹੈ। ਦੋ ਮੈਂਬਰ ਕਹਿੰਦੇ ਹਨ ਕਿ ਅਸੀਂ sterilize ਕਰਵਾਉਣਾ ਹੈ ਅਤੇ ਦੋ ਮੈਂਬਰ ਕਹਿੰਦੇ ਹਨ ਕਿ ਨਹੀਂ ਕਰਵਾਉਣਾ। ਉਹ ਪੈਸੇ ਵਾਪਸ ਆ ਜਾਂਦੇ ਹਨ। ਜਦੋਂ ਵੀ ਇਸ ਤਰ੍ਹਾਂ ਦਾ ਕੋਈ ਸਿਸਟਮ ਬਣਾਇਆ ਜਾਵੇ ਤਾਂ ਉਸ ਵਿੱਚ ਇਹ ਫੈਸਲਾ ਕਮੇਟੀ ਕੋਲ ਨਾ ਛੱਡਿਆ ਜਾਵੇ ਕਿ ਉਹ ਮਤਾ ਪਾਸ ਕਰਨ। ਜਿਹੜੇ ਪੈਸੇ ਜਿਸ ਕੰਮ ਲਈ ਗਏ ਹਨ, ਉਹ ਹਰ ਹਾਲਤ ਵਿੱਚ ਉਸੇ ਕੰਮ ਤੇ ਲੱਗਣੇ ਚਾਹੀਦੇ ਹਨ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਇਸ ਸਬੰਧੀ ਕੋਈ ਅਮੈਂਡਮੈਂਟ ਕਰੋਗੇ?

**ਮੰਤਰੀ:** ਸਰ, ਸਾਡਾ ਪਲਾਨ ਇਹੀ ਹੈ ਕਿ ਸਭ ਕੁਝ ਉੱਪਰੋਂ ਹੀ ਰੈਗੂਲੇਟ ਹੋ ਜਾਵੇ ਅਤੇ ਲੋਕਲ ਕਮੇਟੀਆਂ ਸਿਰਫ ਇਸ ਨੂੰ ਸੁਪਰਵਾਈਜ਼ ਕਰਨ। ਏ.ਡੀ.ਸੀ. ਸਾਹਿਬ, ਐਸ.ਡੀ.ਐਮ. ਜਾਂ ਜਿਹੜੇ ਵੱਡੀਆਂ municipalities ਦੇ ਕਮਿਸ਼ਨਰ ਹਨ, ਉਹ ਇਸ ਕੰਮ ਨੂੰ ਰੈਗੂਲੇਟ ਕਰਨ। ਅਸੀਂ ਸਾਰਾ ਸਮਾਨ ਇੱਥੋਂ ਹੀ

ਭੇਜੀਏ, ਸਾਰਾ ਕੁਝ ਇੱਥੋਂ ਹੀ ਆਰਗੇਨਾਈਜ਼ ਕਰੀਏ। ਸੁੱਖੀ ਜੀ, ਤੁਹਾਡੀ ਗੱਲ ਬਿਲਕੁਲ ਠੀਕ ਹੈ ਕਿ ਕਿਤੇ ਇਹ ਮਤਾ ਪੈਂਦਾ ਹੈ ਕਿਤੇ ਨਹੀਂ ਪੈਂਦਾ ਹੈ ਅਤੇ ਕਿਤੇ ਛੇ ਮਹੀਨੇ ਹਾਊਸ ਹੀ ਨਹੀਂ ਬੈਠਦਾ ਹੈ। ਸੋ, ਇਸ ਕਰਕੇ ਡਿਲੇਅ ਹੋ ਜਾਂਦਾ ਹੈ। ਜੇ ਅਸੀਂ ਅੱਜ ਸ਼ੁਰੂ ਕਰਾਂਗੇ ਤਾਂ ਹੋ ਸਕਦਾ ਹੈ ਕਿ ਸੱਤ-ਅੱਠ ਸਾਲਾਂ ਬਾਅਦ ਅਸੀਂ ਇਸ ਨੂੰ ਪੂਰਾ ਕੰਟਰੋਲ ਕਰ ਲਈਏ। ਅਗਲੇ ਚਾਰ ਸਾਲਾਂ ਵਿੱਚ definitely ਆਵਾਰਾ ਕੁੱਤਿਆਂ ਦੀ population ਅਸੀਂ ਘਟਾ ਕੇ ਦਿਖਾਵਾਂਗੇ। ਜਿਹੜੀ ferociousness ਹੈ, ਜਿਹੜਾ ਉਹ packs ਬਣਾ ਕੇ ਘੁੰਮ ਰਹੇ ਹਨ ਇਸ ਨੂੰ ਅਸੀਂ ਸਮਾਪਤ ਕਰ ਦੇਵਾਂਗੇ।

------------

## ਡੇਰਾਬੱਸੀ ਤੋਂ ਬਰਵਾਲਾ ਰੋਡ ਨੂੰ ਫੋਰ ਲੇਨ ਕਰਨਾ

***620. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਡੇਰਾਬੱਸੀ ਤੋਂ ਬਰਵਾਲਾ ਰੋਡ ਨੂੰ ਫੋਰ ਲੇਨ ਕਰਨ ਦੀ ਤਜਵੀਜ਼ ਉੱਤੇ ਵਿਚਾਰ ਕਰ ਰਹੀ ਹੈ; ਜੇਕਰ ਕਰ ਰਹੀ ਹੈ ਤਾਂ ਇਸ ਸੜਕ ਨੂੰ ਕਦੋਂ ਤੱਕ ਫੋਰ ਲੇਨ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ?

**ਸਰਦਾਰ ਹਰਭਜਨ ਸਿੰਘ :** ਨਹੀਂ ਜੀ, ਇਸ ਸਮੇਂ ਡੇਰਾਬੱਸੀ ਤੋਂ ਬਰਵਾਲਾ ਰੋਡ ਨੂੰ ਫੋਰ ਲੇਨ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਦਿਵਾਉਣਾ ਚਾਹੁੰਦਾ ਹਾਂ ਇਹ ਬਰਵਾਲਾ ਰੋਡ ਦੋ ਸਟੇਟਾਂ ਨੂੰ ਆਪਸ ਵਿੱਚ contact ਕਰਦੀ ਹੈ। ਇਹ 10 ਕਿਲੋਮੀਟਰ ਦਾ ਏਰੀਆ ਹੈ। ਪਿਛਲੀ ਵਿਧਾਨ ਸਭਾ ਸੈਸ਼ਨ ਨੂੰ ਇੱਕ ਸਾਲ ਹੋ ਗਿਆ ਹੈ। ਉਸ ਸਮੇਂ ਮੈਂ ਇਸ ਸਬੰਧੀ ਸਰਕਾਰ ਕੋਲ ਤਜਵੀਜ਼ ਲੈ ਕੇ ਆਇਆ ਸੀ ਜਿਸ ਲਈ ਕਿਹਾ ਗਿਆ ਸੀ ਕਿ ਇੰਨੇ ਕਰੋੜ ਦਾ ਬਜਟ ਹੈ ਅਤੇ ਇਸ ਨੂੰ ਫੋਰ ਲੇਨ ਬਣਾਇਆ ਜਾਵੇਗਾ। ਲਗਭਗ ਇੱਕ ਸਾਲ ਬੀਤ ਗਿਆ ਹੈ। ਇਸ ਦੇ ਨਾਲ ਹੀ 70 ਲੱਖ ਦਾ ਇੱਕ ਡਿਸਟ੍ਰਿਕਟ ਮਾਈਨਿੰਗ ਫੰਡ ਵਿੱਚੋਂ ਇਸ ਦੀ ਰਿਪੇਅਰ ਲਈ ਪੈਸਾ ਮਿਲਿਆ ਸੀ। ਇਸ ਨਾਲ ਇਸ ਦੇ ਟੋਏ ਵੀ ਨਹੀਂ ਭਰੇ ਗਏ ਔਰ

ਪ.ਸ਼./ਬ.ਸ/10.35/07.03.2023

ਜਿਹੜੇ paver block ਲੱਗੇ ਸੀ, ਉਹ ਪੱਟੇ ਗਏ ਹਨ। ਅੱਜ ਅਨੇਕਾਂ ਜਾਨਾਂ ਬਰਵਾਲਾ ਰੋਡ ਤੋਂ ਡੇਰਾ ਬੱਸੀ ਤੱਕ ਦੇ ਹਲਕੇ ਵਾਲਿਆਂ ਦੀ ਜਾ ਚੁੱਕੀਆਂ ਹਨ, ਜਿਸ ਦੇ ਉੱਪਰ ਬਹੁਤ ਵੱਡਾ ਇੰਡਸਟਰੀ ਹੱਬ ਹੈ ਔਰ ਉੱਥੇ

ਲਗਭਗ 27 ਪਿੰਡ ਹਨ। ਹਰਿਆਣਾ ਰਾਜ ਦਾ ਓਵਰ ਲੋਡਿਡ ਟਰੱਕ ਇੱਥੇ ਆਉਂਦਾ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਸੜਕ four lane ਨਹੀਂ ਬਣ ਸਕਦੀ ਤਾਂ ਉਸ ਨੂੰ ਰਿਪੇਅਰ ਕਰਕੇ ਜਿਹੜੀਆਂ ਡਰੇਨੇਜ ਦੀਆਂ ਪਾਈਪਾਂ ਹਨ ਜਿਹੜੀਆਂ ਕਿ ਸੜਕ ਉੱਪਰ ਪਾਈਆਂ ਹੋਈਆਂ ਹਨ, ਸੜਕ ਤੋਂ ਡਾਊਨ ਕੀਤੀਆਂ ਜਾਣ ਕਿਉਂਕਿ ਉਸ ਸੜਕ ਨੂੰ ਬਣੇ ਨੂੰ 10 ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਜਿਸ ਤਰ੍ਹਾਂ ਐਮ.ਐਲ.ਏ. ਸਾਹਿਬ ਨੇ ਕਿਹਾ ਹੈ, ਕੀ ਉਸ ਤਰ੍ਹਾਂ ਬਣਾਉਗੇ?

**ਮੰਤਰੀ** : ਭਾਵੇਂ ਇਸ ਰੋਡ ਨੂੰ four lane ਕਰਨ ਦੀ ਕੋਈ ਤਜਵੀਜ਼ ਨਹੀਂ ਹੈ, ਪਰ ਇਸ ਸੜਕ ਦੇ ਨਵੀਨੀਕਰਨ ਅਤੇ ਮਜ਼ਬੂਤੀ ਲਈ ਸੀ.ਆਰ.ਆਈ.ਐਫ. ਸਕੀਮ ਅਧੀਨ ਤਖਮੀਨਾ ਰਕਮ 24 ਕਰੋੜ 9 ਲੱਖ ਦੀ ਪਰਪੋਜ਼ਲ ਤਿਆਰ ਕਰਕੇ, ਜਿਸ ਅਧੀਨ ਬਰਸਾਤੀ ਪਾਣੀ ਦੇ ਨਿਕਾਸ ਲਈ ਸਾਈਡ ਡਰੇਨ, ਹੰਸਾ ਪਾਰਕ ਨੇੜੇ ਬਰਿੱਜ ਅਤੇ ਸੜਕ ਦੇ ਨਾਲ ਦੋਵੇਂ ਸਾਈਡਾਂ ਦੇ built up area ਵਿੱਚ ਇੰਟਰਲਾਕਿੰਗ ਟਾਈਲਜ਼ ਸਬੰਧੀ ਤਜਵੀਜ਼ ਹੈ, ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਪ੍ਰਸ਼ਾਸਕੀ ਪ੍ਰਵਾਨਗੀ ਆਉਣ ਉਪਰੰਤ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਬਹੁਤ ਬਹੁਤ ਧੰਨਵਾਦ ਜੀ। ਇੱਕ ਸਾਲ ਬੀਤ ਗਿਆ ਹੈ, ਮੈਨੂੰ ਉਮੀਦ ਹੈ ਕਿ ਇਸ ਸਾਲ ਇਹ ਕੰਮ ਹੋ ਜਾਵੇਗਾ।

-----------

## ਪੰਜਾਬ ਦੇ ਫਰੀਡਮ ਫਾਈਟਰਾਂ ਦੇ ਪਰਿਵਾਰਾਂ ਨੂੰ ਸਹੂਲਤਾਂ ਦੇਣਾ

*545. **ਸਰਦਾਰ ਗੁਰਦਿੱਤ ਸਿੰਘ ਸੇਖੋਂ**:- ਕੀ ਸੁਤੰਤਰਤਾ ਸੈਨਾਨੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹੁਣ ਤੱਕ ਫਰੀਡਮ-ਫਾਈਟਰ ਪਰਿਵਾਰਾਂ ਨੂੰ ਕਿੰਨੇ ਤਰ੍ਹਾਂ ਦੀਆਂ ਸਹੂਲਤਾਂ ਸਰਕਾਰ ਵੱਲੋਂ ਦਿੱਤੀਆਂ ਗਈਆਂ ਹਨ;

ਅ) ਪੰਜਾਬ ਵਿੱਚ ਕਿੰਨੇ ਫਰੀਡਮ ਫਾਈਟਰਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਪੱਕੇ ਤੌਰ ਤੇ ਜਾਂ ਕੰਟਰੈਕਟ ਆਧਾਰ ਤੇ ਦਿੱਤੀਆਂ ਗਈਆਂ ਹਨ;

ੲ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਫਰੀਡਮ ਫਾਈਟਰਾਂ ਦੇ ਪਰਿਵਾਰ ਜੋ ਕੰਟਰੈਕਟ ਆਧਾਰ ਤੇ ਭਰਤੀ ਹੋਏ ਹਨ ਉਨ੍ਹਾਂ ਵਿੱਚੋਂ ਕਈਆਂ ਕੋਲ ਰਹਿਣ ਲਈ ਆਪਣੇ ਨਿੱਜੀ ਘਰ ਨਹੀਂ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਸਕੀਮ ਹੈ ਜਿਸ ਅਨੁਸਾਰ ਕੰਟਰੈਕਟ ਆਧਾਰ ਤੇ ਭਰਤੀ ਹੋਏ ਪਰਿਵਾਰਾਂ ਨੂੰ ਸਰਕਾਰੀ ਕੁਆਰਟਰ ਅਲਾਟ ਕੀਤੇ ਜਾ ਸਕਣ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਚੇਤਨ ਸਿੰਘ ਜੌੜਾਮਾਜਰਾ:** ਸ਼੍ਰੀਮਾਨ ਜੀ,

ੳ) ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਯੋਗ ਵਾਰਸਾਂ (ਤੀਜੀ ਪੀੜੀ ਤੱਕ) ਨੂੰ ਕਈ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਿ 9400/- ਪ੍ਰਤੀ ਮਹੀਨਾ ਪੈਨਸ਼ਨ, ਸਰਕਾਰੀ ਨੌਕਰੀਆਂ ਵਿਚ ਗਰੁੱਪ-ਏ, ਬੀ, ਸੀ ਅਤੇ ਡੀ ਤੇ ਸਿੱਧੀ ਭਰਤੀ ਕੋਟੇ ਦੀਆਂ ਅਸਾਮੀਆਂ ਵਿਚ ਅਤੇ ਰਾਜ ਦੇ ਮੈਡੀਕਲ/ਟੈਕਨੀਕਲ ਕਾਲਜਾਂ ਵਿਚ ਦਾਖਲੇ ਲਈ 1 ਫੀਸਦੀ ਰਾਖਵਾਂਕਰਨ।

ਸਰਕਾਰੀ ਏਜੰਸੀਆਂ ਜਿਵੇਂ ਕਿ ਪੁੱਡਾ, ਗਮਾਡਾ ਆਦਿ ਦੁਆਰਾ ਕੱਢੇ ਗਏ ਪਲਾਟਾਂ ਅਤੇ ਮਕਾਨਾਂ ਵਿਚ 2 ਫੀਸਦੀ ਰਾਖਵਾਂਕਰਨ।

ਇਨਡੋਰ ਇਲਾਜ ਉੱਤੇ ਆਏ ਖਰਚੇ ਵਿਚ ਪ੍ਰਤੀ-ਪੂਰਤੀ, ਪੀ.ਆਰ.ਟੀ.ਸੀ./ਰੋਡਵੇਜ ਦੀਆਂ ਬੱਸਾਂ ਵਿਚ ਮੁਫ਼ਤ ਸਫ਼ਰ ਸਹੂਲਤ, ਰਾਜ ਦੇ ਸ਼ਾਹਮਾਰਗਾਂ ਉੱਪਰ ਲੱਗਣ ਵਾਲੀ ਟੌਲ ਫੀਸ ਮੁਆਫੀ।

ਸੁਤੰਤਰਤਾ ਸੰਗਰਾਮੀਆਂ ਦੇ 1 ਕਿਲੋਵਾਟ ਦੇ ਲੋਡ ਤੱਕ ਦੇ ਘਰੇਲੂ ਬਿਜਲੀ ਕੁਨੈਕਸ਼ਨ ਉੱਤੇ 300 ਯੂਨਿਟ ਮੁਫ਼ਤ ਬਿਜਲੀ ਸਹੂਲਤ।

ਸੁਤੰਤਰਤਾ ਸੰਗਰਾਮੀ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਪਹਿਲ ਦੇ ਆਧਾਰ ਤੇ ਇਕ ਟਿਊਬਵੈਲ ਲਈ ਬਿਜਲੀ ਕੁਨੈਕਸ਼ਨ ਅਤੇ ਕਿਸਾਨ ਭਵਨ, ਚੰਡੀਗੜ੍ਹ ਵਿਖੇ 5 ਬੈੱਡ ਰਾਖਵੇਂ ਕਰਨ ਦੀ ਸਹੂਲਤ ਦਿੱਤੀ ਗਈ ਹੈ।

ਅ) ਪੰਜਾਬ ਸਰਕਾਰ ਵੱਲੋਂ ਸੁਤੰਤਰਤਾ ਸੰਗਰਾਮੀ ਦੇ ਬੱਚਿਆਂ/ਵਾਰਸਾਂ ਨੂੰ ਗਰੁੱਪ-ਏ, ਬੀ, ਸੀ ਅਤੇ ਡੀ ਦੀਆਂ ਅਸਾਮੀਆਂ ਤੇ ਸਿੱਧੀ ਭਰਤੀ ਰਾਹੀਂ ਰੋਜ਼ਗਾਰ ਦੇਣ ਲਈ 1 ਫੀਸਦੀ ਰਾਖਵਾਂਕਰਨ ਦਿੱਤਾ ਹੋਇਆ ਹੈ। ਜਿਸ ਦੇ ਤਹਿਤ ਰੈਗੂਲਰ ਜਾਂ ਕੰਟਰੈਕਟ ਆਧਾਰ ਤੇ ਭਰਤੀ ਦੀ ਪ੍ਰਕਿਰਿਆ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਂਦੀ ਹੈ। ਜਿਸ ਲਈ ਸੁਤੰਤਰਤਾ ਸੰਗਰਾਮੀਆਂ ਦੇ ਕੋਟੇ ਦੇ ਤਹਿਤ ਪ੍ਰਦਾਨ ਕੀਤੀਆਂ ਗਈਆਂ ਨੌਕਰੀਆਂ ਦੇ ਅੰਕੜੇ ਉਨ੍ਹਾਂ ਕੋਲ ਹੀ ਉਪਲੱਬਧ ਹਨ।

ੲ) ਨਹੀਂ ਜੀ, ਪੰਜਾਬ ਵਿਚ ਫਰੀਡਮ ਫਾਈਟਰ ਪਰਿਵਾਰਾਂ ਦੇ ਮੈਂਬਰ ਜੋ ਕੰਟਰੈਕਟ ਆਧਾਰ ਤੇ ਭਰਤੀ ਹੋਏ ਹਨ, ਨੂੰ ਸਰਕਾਰੀ ਮਕਾਨ ਆਲਾਟ ਕਰਨ ਸਬੰਧੀ ਪੰਜਾਬ ਸਰਕਾਰ ਦੀ ਅਜਿਹੀ ਕੋਈ ਪਾਲਿਸੀ ਨਹੀਂ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਪੰਜਾਬ ਦੇ ਅੰਦਰ ਜਿਹੜੇ ਫਰੀਡਮ ਫਾਈਟਰਜ਼ ਹਨ, ਉਨ੍ਹਾਂ ਦੇ ਵਿੱਚ ਦੋ ਤਰ੍ਹਾਂ ਦੀਆਂ ਕੈਟਾਗਰੀਆਂ ਬਣ ਗਈਆਂ ਹਨ। ਇੱਕ ਤਾਂ ਉਹ ਪਰਿਵਾਰ ਹਨ, ਜਿਹੜੇ ਸਹੂਲਤਾਂ ਲੈ ਕੇ ਅੱਗੇ ਚਲੇ ਗਏ ਹਨ ਅਤੇ ਦੂਜੇ ਪਰਿਵਾਰ ਉਹ ਹਨ, ਜਿਨ੍ਹਾਂ ਕੋਲ ਕੋਈ ਸਹੂਲਤ ਨਹੀਂ ਹੈ। ਉਨ੍ਹਾਂ ਕੋਲ ਘਰ ਤੱਕ ਦੀ ਸਹੂਲਤ ਵੀ ਨਹੀਂ ਹੈ, ਨੌਕਰੀ ਦੀ ਸਹੂਲਤ ਨਹੀਂ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਫਰੀਦਕੋਟ ਨਾਲ ਸਬੰਧਿਤ ਸਰਦਾਰ ਸੰਦੂਰਾ ਸਿੰਘ ਹੁਰਾਂ ਨੇ ਮਾਨਯੋਗ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਨਾਲ ਜੇਲ੍ਹਾਂ ਕੱਟੀਆਂ ਸਨ, ਉਨ੍ਹਾਂ ਦੇ ਘਰ ਦੀ ਛੱਤ ਡਿੱਗੀ ਹੋਈ ਹੈ।ਇਨ੍ਹਾਂ ਵਿੱਚੋਂ ਹੋਰ ਵੀ ਕਈ ਪਰਿਵਾਰ ਹਨ, ਜਿਨ੍ਹਾਂ ਦੇ ਬੱਚੇ ਆਊਟ-ਸੋਰਸ ਤੇ ਰੱਖੇ ਹੋਏ ਹਨ। ਸਾਨੂੰ ਉਨ੍ਹਾਂ ਦੇ ਵਾਸਤੇ ਸੋਚਣਾ ਚਾਹੀਦਾ ਹੈ। ਪਿੱਛੇ ਜਿਹੇ ਵੀ ਸੁਣਨ ਵਿੱਚ ਆਇਆ ਸੀ ਕਿ ਫਰੀਦਕੋਟ ਦੇ ਸੁਤੰਤਰਤਾ ਸੰਗਰਾਮੀਆਂ ਦਾ ਰਿਕਾਰਡ ਗੁੰਮ ਹੋ ਗਿਆ ਹੈ। ਇੱਕ ਪਰਿਵਾਰ ਵੱਲੋਂ ਕਾਰਡ ਬਣਾਉਣ ਵਾਸਤੇ ਲੰਮੇ ਸਮੇਂ ਤੋਂ ਧੱਕੇ ਖਾਧੇ ਜਾ ਰਹੇ ਹਨ, ਕਦੇ ਉਨ੍ਹਾਂ ਨੂੰ ਚੰਡੀਗੜ੍ਹ ਅਤੇ ਕਦੇ ਫਰੀਦਕੋਟ ਭੇਜ ਦਿੰਦੇ ਹਨ। ਇਹੋ ਜਿਹੀਆਂ ਖੱਜਲ-ਖੁਆਰੀਆਂ ਫਰੀਡਮ ਫਾਈਟਰਾਂ ਨਾਲ ਹੋ ਰਹੀ ਹੈ ਪਰ ਮੈਂ ਮੰਤਰੀ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿ ਪਿਛਲੇ ਸਮੇਂ ਦੌਰਾਨ ਇਹ ਫਰੀਦਕੋਟ ਵਿਖੇ ਆਏ ਅਤੇ ਜਿਨ੍ਹਾਂ ਫਰੀਡਮ ਫਾਈਟਰਾਂ ਨੂੰ ਅੱਜ ਤੱਕ ਕਿਸੇ ਨੇ ਪੁਛਿਆ ਨਹੀਂ ਸੀ, ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਨੂੰ ਮਾਣ-ਸਨਮਾਨ ਦਿੱਤਾ। ਅਸੀਂ ਉਸ ਦੇ ਲਈ ਇਨ੍ਹਾਂ ਦੇ ਧੰਨਵਾਦੀ ਹਾਂ। ਮੈਂ ਇਨ੍ਹਾਂ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਸਾਰੇ ਫਰੀਡਮ ਫਾਈਟਰਾਂ ਦੀ ਹਾਲਤ ਵੇਖ ਲਈ ਜਾਵੇ ਅਤੇ ਜਿਹੜੇ ਪਰਿਵਾਰ ਅਤਿ ਗਰੀਬੀ ਵਿੱਚ ਹਨ, ਉਨ੍ਹਾਂ ਨੂੰ ਕੋਈ ਸਪੈਸ਼ਲ ਪੈਕੇਜ ਦੇ ਕੇ ਸਮਾਜ ਦਾ ਹਿੱਸਾ ਬਣਾਇਆ ਜਾਵੇ।

**ਮਾਨਯੋਗ ਸਪੀਕਰ:** ਮੰਤਰੀ ਜੀ, ਸਰਦਾਰ ਸੰਦੂਰਾ ਸਿੰਘ ਦੇ ਪਰਿਵਾਰ ਦੇ ਘਰ ਦੀ ਛੱਤ ਤਾਂ ਪਵਾ ਹੀ ਦਿਉ। ਸੁਤੰਤਰਤਾ ਸੰਗਰਾਮੀਆਂ ਦਾ ਦੇਣ ਅਸੀਂ ਨਹੀਂ ਦੇ ਸਕਦੇ। ਜਿਹੜੇ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰ ਸਹੂਲਤਾਂ ਤੋਂ ਵਾਂਝੇ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਰਹਿ ਗਈ ਹੈ, ਕੀ ਤੁਸੀਂ ਉਨ੍ਹਾਂ ਲਈ ਕੋਈ ਸਪੈਸ਼ਲ ਸਕੀਮ ਜਾਂ ਪ੍ਰੋਗਰਾਮ ਲੈ ਕੇ ਆਉਗੇ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਜਿਨ੍ਹਾਂ ਨੇ ਸਾਨੂੰ ਅਜ਼ਾਦੀ ਲੈ ਕੇ ਦਿੱਤੀ, ਮੈਂ ਤਕਰੀਬਨ ਸਾਰਿਆਂ ਨੂੰ, ਜਿਹੜੇ ਕਿ ਇਸ ਦੁਨੀਆ ਵਿੱਚ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲਾਂਗਾ। ਪਿੱਛੇ ਜਿਹੇ ਸਾਡੀ ਲੁਧਿਆਣਾ ਵਿਖੇ ਮੀਟਿੰਗ ਵੀ ਹੋਈ ਸੀ। ਜਿਹੜੇ ਵੀ ਪਰਿਵਾਰ ਨੂੰ ਕੋਈ ਮਾਲੀ ਮਦਦ ਦੀ ਲੋੜ ਹੋਵੇਗੀ, ਉਨ੍ਹਾਂ ਨੂੰ ਦਿੱਤੀ

ਜਾਵੇਗੀ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਹਰ ਇੱਕ ਦੇ ਘਰ ਆਪ ਜਾ ਕੇ ਆਵਾਂ। ਉਨ੍ਹਾਂ ਨੂੰ ਜਿਸ ਤਰ੍ਹਾਂ ਦੀ ਲੋੜ ਹੋਵੇਗੀ, ਅਸੀਂ ਉਸ ਤਰ੍ਹਾਂ ਦੀ ਮਦਦ ਕਰਾਂਗੇ। ਮੈਂ ਇਨ੍ਹਾਂ ਨੂੰ surety ਦਿੰਦਾ ਹਾਂ। ਜਲਦ ਹੀ ਸਾਰਿਆਂ ਜ਼ਿਲ੍ਹਿਆਂ ਵਿੱਚ, ਜਿੱਥੇ-ਜਿੱਥੇ ਵੀ ਜਾਣ ਵੀ ਲੋੜ ਹੋਈ, ਮੈਂ ਖੁਦ ਆਪ ਜਾ ਕੇ ਆਵਾਂਗਾ।

**10.40/ਜਸਪਾਲ/ਰਜਨੀਸ਼/7.3.2023**

**ਸਰਦਾਰ ਲਾਭ ਸਿੰਘ ਉਗੋਕੇ :** ਬਹੁਤ ਬਹੁਤ ਸ਼ੁਕਰੀਆ ਮਾਨਯੋਗ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੂਰੇ ਪੰਜਾਬ ਦੇ ਡੀ.ਸੀਜ਼ ਨੂੰ ਇਹ ਆਰਡਰ ਕਰਕੇ ਕਦੋਂ ਤੱਕ ਉਨ੍ਹਾਂ ਪਰਿਵਾਰਾਂ ਦੀ ਜਾਣਕਾਰੀ ਲੈ ਲਈ ਜਾਵੇਗੀ ਕਿਉਂਕਿ ਜਿਸ ਤਰ੍ਹਾਂ ਮਸਲਾ ਐਮ.ਐਲ.ਏ.ਸਾਹਿਬ ਨੇ ਉਠਾਇਆ ਹੈ, ਇਹ ਬਹੁਤ ਚੰਗੀ ਗੱਲ ਹੈ ਜੀ। ਇਹ ਸੁਤੰਤਰਤਾ ਸੈਨਾਨੀ ਬਹੁਤ ਥੋੜ੍ਹੇ ਰਹਿ ਗਏ ਹਨ ਜਾਂ ਉਨ੍ਹਾਂ ਦੀ ਦੂਜੀ ਪੀੜ੍ਹੀ ਹੈ। ਸਪੀਕਰ ਸਾਹਿਬ, ਮੇਰੇ ਹਲਕੇ ਦਾ ਪਿੰਡ ਬਰਾਗ ਬਰਾਕਾ ਹੈ, ਉਥੇ ਸਰਦਾਰ ਤਾਰਾ ਸਿੰਘ ਜੀ, ਸੁਭਾਸ਼ ਚੰਦਰ ਬੋਸ ਜੀ ਦੇ ਨਾਲ ਉਹ ਫਰੀਡਮ ਫਾਈਟਰ ਰਹੇ ਹਨ, ਉਨ੍ਹਾਂ ਨੂੰ ਤਾਮਿਰ ਪੱਤਰ ਵੀ ਮਿਲਿਆ ਹੈ, ਉਨ੍ਹਾਂ ਦਾ ਜਿਹੜਾ ਪੁੱਤਰ ਹੈ ਉਸ ਦੀ ਉਮਰ ਇਸ ਵੇਲੇ 65-70 ਸਾਲ ਹੈ, ਨਾ ਤਾਂ ਉਸ ਦੇ ਕੋਲ ਘਰ ਹੈ ਜੀ, ਉਸ ਦਾ ਜਿਹੜਾ ਸਰਦਾਰ ਤਾਰਾ ਸਿੰਘ ਦੇ ਨਾਂ ਉਤੇ ਮੀਟਰ ਲੱਗਿਆ ਹੋਇਆ ਹੈ ਉਸ ਦਾ ਬਿਜਲੀ ਦਾ ਬਿੱਲ ਵੀ ਆਉਂਦਾ ਹੈ, ਜਿਹੜੀ ਇਹ 9400 ਰੁਪਿਆ ਪੈਨਸ਼ਨ ਕਹੀ ਜਾ ਰਹੀ ਹੈ, ਉਹ ਵਿਅਕਤੀ ਸ਼ੂਗਰ ਦਾ ਮਰੀਜ਼ ਹੈ, ਉਨ੍ਹਾਂ ਦਾ ਮੁੰਡਾ 3400 ਰੁਪਏ ਦੇ ਉਤੇ ਗੁਰਦੁਆਰਾ ਸਾਹਿਬ ਵਿਚ ਦੇਗ ਵਰਤਾਉਣ ਦਾ ਕੰਮ ਕਰਦਾ ਹੈ। ਸੋ, ਜਿਨ੍ਹਾਂ ਦੀਆਂ ਸ਼ਹਾਦਤਾਂ ਕਰਕੇ ਅਸੀਂ ਇਥੋਂ ਤੱਕ ਪਹੁੰਚੇ ਹਾਂ, ਸਾਨੂੰ ਅਜ਼ਾਦੀ ਦਾ ਨਿੱਘ ਮਾਣਨ ਨੂੰ ਮਿਲਿਆ। ਸੋ, ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਜਿਹੜੇ ਚੰਦ ਪਰਿਵਾਰ ਰਹਿ ਗਏ ਹਨ, ਉਨ੍ਹਾਂ ਦੀ ਕਦੋਂ ਤੱਕ ਜਾਣਕਾਰੀ ਲੈ ਕੇ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਦੇ ਸਕਦੇ ਹਾਂ?

**ਮਾਨਯੋਗ ਸਪੀਕਰ:** ਮੰਤਰੀ ਜੀ, ਇਹ ਬਹੁਤ ਹੀ ਜ਼ਰੂਰੀ ਹੈ ਔਰ ਕੀ ਤੁਸੀਂ ਇਸ ਦੇ ਉਤੇ ਜਲਦੀ ਐਕਸ਼ਨ ਲਵੋਗੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਨੂੰ ਜਿਹੜਾ ਮਾਣ ਭੱਤਾ 9400 ਰੁਪਿਆ ਦੇ ਰਹੇ ਹਾਂ ਉਸ ਦੀ ਫਾਈਲ ਅਸੀਂ ਸ਼ੁਰੂ ਕੀਤੀ ਹੋਈ ਹੈ, ਉਨ੍ਹਾਂ ਨੂੰ ਸਨਮਾਨਯੋਗ ਪੈਨਸ਼ਨ ਵੀ ਜਲਦੀ ਹੀ ਉਨ੍ਹਾਂ ਨੂੰ ਦਿੱਤੀ ਜਾਵੇਗੀ।

**ਮਾਨਯੋਗ ਸਪੀਕਰ:** ਦੇਖੋ, ਜੇ ਤਾਂ ਉਨ੍ਹਾਂ ਨੇ ਅਪਲਾਈ ਕੀਤਾ ਹੋਇਆ ਹੈ ਤਾਂ ਜਿਸ ਅਫਸਰ ਦੀ ਅਣਗਹਿਲੀ ਕਰਕੇ ਰੁਕਿਆ ਹੈ ਉਸ ਦੇ ਖਿਲਾਫ ਕਾਰਵਾਈ ਕਰਕੇ ਤੁਸੀਂ ਦੱਸਿਉ।

**ਮੰਤਰੀ:** ਸਰ, ਬਿਲਕੁਲ ਜੀ, ਅਸੀਂ ਉਸ ਦੀ ਖੁਦ ਪੈਰਵਾਈ ਕਰ ਰਹੇ ਹਾਂ। ਪਿਛਲੇ ਸਮੇਂ ਦਰਮਿਆਨ ਜੋ ਹੋਇਆ ਹੈ, ਹੋਇਆ ਹੈ ਪਰ ਜਦੋਂ ਦੀ ਸਾਡੀ ਸਰਕਾਰ ਹੈ ਤਾਂ ਸਰ, ਮੈਂ ਖੁਦ ਆਪ ਦੇਖ ਰਿਹਾ ਹਾਂ, ਬਹੁਤ ਜਲਦੀ ਉਨ੍ਹਾਂ ਨੂੰ ਚੰਗੀ ਖੁਸ਼ਖਬਰੀ ਮਿਲ ਜਾਵੇਗੀ।

**ਮਾਨਯੋਗ ਸਪੀਕਰ :** ਇਹ test case ਬਣਨਾ ਚਾਹੀਦਾ ਹੈ। ਧੰਨਵਾਦ ਜੀ। ਹਾਂ ਜੀ, ਸਰਦਾਰ ਹਰਮੀਤ ਸਿੰਘ ਪਠਾਣ ਮਾਜਰਾ

**ਮੰਤਰੀ:** ਸਰ, ਮੈਂ ਇਕ ਦੱਸਣਾ ਵੀ ਚਾਹੁੰਦਾ ਹਾਂ ਕਿ ਜਿਹੜੇ ਕੁੱਲ ਫਰੀਡਮ ਫਾਈਟਰ ਹਨ ਜਿਨ੍ਹਾਂ ਨੇ ਉਸ ਸਮੇਂ ਲੜਾਈ ਲੜੀ, ਉਨ੍ਹਾਂ ਵਿਚੋਂ ਸਿਰਫ 51 ਉਹ ਲੋਕ ਸਾਡੀ ਦਰਮਿਆਨ ਹਨ ਔਰ 349 ਉਨ੍ਹਾਂ ਦੀਆਂ ਧਰਮ ਪਤਨੀ, ਵਿਡੋਜ਼ ਹਨ ਔਰ 25 ਉਨ੍ਹਾਂ ਦੇ ਡਾਟਰ ਜਾਂ ਬੱਚੇ ਹਨ, ਇਹ ਕੁੱਲ 425 ਕੁੱਲ ਪਰਿਵਾਰ ਹੁਣ ਤੱਕ ਪੰਜਾਬ ਵਿਚ ਹਨ। ਸੋ, ਜਲਦੀ ਤੁਹਾਨੂੰ ਸਾਰਿਆਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਲਦੀ ਹੀ ਇਨ੍ਹਾਂ ਸੁਤੰਤਰਤਾ ਸੈਨਾਨੀਆਂ ਵਾਸਤੇ ਬਹੁਤ ਚੰਗਾ ਕਦਮ ਚੁੱਕਣ ਜਾ ਰਹੇ ਹਾਂ। (ਥੰਪਿੰਗ) ਉਹ ਤੁਹਾਨੂੰ ਜਲਦੀ ਹੀ ਸਾਰਿਆਂ ਨੂੰ ਇਸ ਬਾਰੇ ਖੁਸ਼ਖਬਰੀ ਦਿਆਂਗੇ। ਧੰਨਵਾਦ।

**ਮਾਨਯੋਗ ਸਪੀਕਰ:** ਮੰਤਰੀ ਜੀ, ਮੈਂ ਆਪਣੇ ਵੱਲੋਂ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕੋਈ ਅਪਲਾਈ ਨਾ ਕਰਨਾ ਪਵੇ, ਆਪਣੀ ਸਰਕਾਰ ਦੀ ਡਿਊਟੀ ਹੋਵੇ ਕਿ ਜਾ ਕੇ ਉਨ੍ਹਾਂ ਦੀ ਜਿਹੜੀ ਸਹੂਲਤ ਬਣਦੀ ਹੈ, ਉਹ ਦਿਵਾਈ ਜਾਵੇ, ਕੀ ਤੁਸੀਂ ਦਿਵਾਉਗੇ?

**ਮੰਤਰੀ:** ਸਰ, ਇਹ ਬਿਲਕੁਲ ਐਫ.ਡੀ. ਦੇ ਲਵੇ ਪਿਆ ਹੈ, ਉਨ੍ਹਾਂ ਨੂੰ ਸਨਮਾਨਜਨਕ ਪੈਨਸ਼ਨ ਮਿਲਣ ਵਾਸਤੇ ਐਫ.ਡੀ.ਕੋਲ ਪਿਆ ਹੈ, ਜਦ ਵੀ ਹੋ ਗਿਆ ਤਾਂ ਉਹ ਨਾਲ ਦੀ ਨਾਲ ਹੋ ਜਾਵੇਗਾ।

**ਮਾਨਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਸਰਦਾਰ ਹਰਮੀਤ ਸਿੰਘ ਪਠਾਣਮਾਜਰਾ ਜੀ।

----

## ਸੀ.ਐਚ.ਸੀ. ਦੂਧਨ ਸਾਧਾਂ ਨੂੰ ਅਪਗਰੇਡ ਕਰਨਾ

***512. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ ਅਧੀਨ ਆਉਂਦੇ ਸੀ.ਐਚ.ਸੀ. ਦੁਧਨਸਾਧਾਂ ਨੂੰ ਅੱਪਗਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਨਹੀਂ ਜੀ। ਪੰਜਾਬ ਸਰਕਾਰ ਦੀ ਪਾਲਿਸੀ ਨੰ: 11/51/2021-3ਸਿ7(2ਸਿ7)/1669 ਮਿਤੀ 24.8.2021 ਅਨੁਸਾਰ ਸਬ ਡਵੀਜ਼ਨਲ ਪੱਧਰ ਤੇ 50 ਜਾਂ 100 ਬੈਡ ਦਾ ਇਕ ਸਬ ਡਵੀਜ਼ਨਲ ਹਸਪਤਾਲ ਬਣਾਇਆ ਜਾ ਸਕਦਾ ਹੈ। ਦੁਧਨਸਾਧਾਂ ਸਬ ਡਵੀਜ਼ਨ ਦੀ ਕੁੱਲ ਅਬਾਦੀ 1 ਲੱਖ 35 ਹਜ਼ਾਰ ਹੈ। ਪੀ.ਐਸ.ਸੀ. ਦੂਧਨ ਸਾਧਾਂ ਪਹਲਿਾਂ ਹੀ ਬਤੌਰ ਸੀ.ਐਚ.ਸੀ. ਕੰਮ ਕਰ ਰਹੀ ਹੈ। ਇਸ ਲਈ ਸੀ.ਐਚ.ਸੀ. ਦੂਧਨ ਸਾਧਾਂ ਨੂੰ ਅੱਪਗਰੇਡ ਕਰਨ ਸਬੰਧੀ ਫਿਲਹਾਲ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਡਾਕਟਰ ਬਲਬੀਰ ਸਿੰਘ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਜਵਾਬ ਚਲਿਆ ਗਿਆ ਹੈ, ਇਹ ਸਪਲੀਮੈਂਟਰੀ ਪੁੱਛ ਲੈਣ ।

**ਸਰਦਾਰ ਹਰਮੀਤ ਸਿੰਘ ਪਠਾਣਮਾਜਰਾ:** ਸਪੀਕਰ ਸਾਹਿਬ, ਮੇਰਾ ਗਲਾ ਖਰਾਬ ਹੈ। ਮੇਰਾ ਹਲਕਾ ਸਭ ਤੋਂ ਵੱਡਾ ਹੈ, ਸਨੌਰ ਪਿੰਡ ਹੈ, ਭੁੱਨਰਹੇੜੀ, ਦੂਧਨ ਸਾਧਾਂ, ਬਲਬੇੜਾ, ਬਹਾਦਰਗੜ੍ਹ ਇਨ੍ਹਾਂ ਦਾ ਜ਼ਰੂਰ ਕੁਝ ਕੀਤਾ ਜਾਵੇ। ਅੱਜ ਤੱਕ ਸਾਡੇ ਇਲਾਕੇ ਵਿਚ ਬੁਰਾ ਹਾਲ ਹੈ, ਇਹ 50-60 ਕਿਲੋਮੀਟਰ ਦਾ ਏਰੀਆ ਪੈ ਜਾਂਦਾ ਹੈ, ਜਲਦ ਤੋਂ ਜਲਦ ਸਾਡੇ ਹਲਕੇ ਵੱਲ ਧਿਆਨ ਕੀਤਾ ਜਾਵੇ। ਤੁਸੀਂ ਸਾਡੇ ਆਪਣੇ ਲੋਕਲ ਹੋ।

**ਮਾਨਯੋਗ ਸਪੀਕਰ:** ਕੀ ਇਨ੍ਹਾਂ ਦੇ ਹਲਕੇ ਦਾ ਧਿਆਨ ਕਰੋਗੇ?

**ਮੰਤਰੀ:** ਬਿਲਕੁਲ ਕਰਾਂਗੇ ਔਰ ਸਾਰੇ ਹਲਕਿਆਂ ਦਾ ਧਿਆਨ ਕਰਾਂਗੇ। ਮੈਂ ਮੈਂਬਰ ਸਾਹਿਬਾਨ ਨੂੰ ਤੁਹਾਡੇ ਜ਼ਰੀਏ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਜਿਹੜੀ ਦੂਧਨ ਸਾਧਾਂ ਹੈ ਉਥੇ ਕਮਿਊਨਿਟੀ ਹੈਲਥ ਸੈਂਟਰ ਹੈ, ਉਸ ਦੀ ਅਬਾਦੀ 1 ਲੱਖ 35000 ਹੈ ਔਰ ਨਾਰਮਜ਼ ਦੇ ਅਨੁਸਾਰ ਸਵਾ ਲੱਖ ਤੋਂ ਡੇਢ ਲੱਖ ਰੂਰਲ ਏਰੀਏ ਵਿਚ ਇਨ੍ਹਾਂ ਦੀ ਜਿਹੜੀ ਇਨਟਾਈਲਮੈਂਟ ਹੈ ਉਹ ਕਮਿਊਨਿਟੀ ਹੈਲਥ ਸੈਂਟਰ ਦੀ ਹੈ ਪਰ ਮੈਂ ਬਾਕੀ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਕਮਿਊਨਿਟੀ ਹੈਲਥ ਸੈਂਟਰ ਹੈ ਇਸ ਵਿਚ ਚਾਰ ਸਪੈਸੇਲਿਸਟ ਹੁੰਦੇ ਹਨ, ਅਸੀਂ ਉਨ੍ਹਾਂ ਨੂੰ ਚਾਰ ਤੋਂ ਵਧਾ ਕੇ 8 ਕਰਨ ਜਾ ਰਹੇ ਹਾਂ, ਉਸ ਦਾ number of ਸਪੈਸੇਲਿਸਟ ਡਬਲ ਕਰਾਂਗੇ ਔਰ ਨਵੀਆਂ ਸਪੈਸੇਲਿਟੀਜ਼, ਜਿਸ ਤਰ੍ਹਾਂ ਉਥੇ ਪਹਿਲਾਂ ਬੇਹੋਸ਼ੀ ਦਾ ਡਾਕਟਰ ਨਹੀਂ ਹੈ, ਉਹ ਡਾਕਟਰ ਕਰਾਂਗੇ। (ਥੰਪਿੰਗ) ਸਭ ਤੋਂ ਵੱਡੀ ਮੇਰੀ ਕੱਲ੍ਹ ਮੇਰੇ ਛੋਟੇ ਵੀਰ ਸੁੱਖੀ ਜੀ ਨੇ ਕਿਹਾ

ਸੀ ਕਿ ਇਹ ਨਹੀਂ ਹੈ ਪਹਿਲਾਂ ਬਹੁਤਾ ਕੰਮ ਨਹੀਂ ਹੋਇਆ ਪਰ ਜਿਹੜਾ ਪਹਿਲਾਂ ਨਹੀਂ ਹੋਇਆ । ਜੇ ਮੈਂ ਇਨ੍ਹਾਂ ਦੇ ਬਾਰੇ ਹੀ ਗੱਲ ਕਰਾਂ ਤਾਂ ਇਨ੍ਹਾਂ ਦੇ ਉਥੇ ਦਰਜਾ ਚਾਰ ਦੇ ਕਰਮਚਾਰੀ 59 ਹੋਣੇ ਚਾਹੀਦੇ ਹਨ ਲੇਕਿਨ ਉਸ ਵਿਚੋਂ 45 ਨਹੀਂ ਹਨ, ਸਿਰਫ 14 ਹਨ, ਇਸੇ ਤਰ੍ਹਾਂ ਜੇ ਮੈਂ ਨਰਸਾਂ ਦੀ ਗੱਲ ਕਰਾਂ, ਜਿਹੜੇ ਪੈਰਾ ਮੈਡਿਕਸ ਹਨ, ਉਥੇ ਜ਼ਿਆਦਾ ਵੱਡੀ ਦਿੱਕਤ ਹੈ, ਉਸ ਦੇ ਵਿਚੋਂ ਵੀ 80 ਪ੍ਰਤੀਸ਼ਤ ਖਾਲੀ ਪਈਆਂ ਹਨ ਔਰ ਇਨ੍ਹਾਂ ਦੀਆਂ ਬਹੁਤ ਸਾਰੀਆਂ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ।

ਬ.ਕ./ਰ.ਕ./7.3.23/10.45

ਇੱਥੇ ਵੀ ਤਿੰਨ ਡਾਕਟਰ ਘੱਟ ਹਨ। ਮਲਟੀਪਰਪਜ਼ ਵਰਕਰ, ਮੇਲ 27 ਘੱਟ ਹਨ ਅਤੇ ਫੀਮੇਲ 13 ਘੱਟ ਹਨ। ਇਸੇ ਪ੍ਰਕਾਰ ਹੀ 10 ਨਰਸਾਂ ਘੱਟ ਹਨ। ਜਿਹੜੇ ਸਾਡੇ ਹੈਲਥ ਸੈਂਟਰ ਹਨ, ਉਹ ਤਕਰੀਬਨ 25% ਜਾਂ 40% ਸਟਾਫ ਨਾਲ ਕੰਮ ਕਰ ਰਹੇ ਹਨ। ਇਹ over the period ਹੋਇਆ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਜੇਕਰ ਡਾਕਟਰ ਤੋਂ ਗਲਤੀ ਹੁੰਦੀ ਹੈ ਤਾਂ ਉਸ ਨੂੰ ਕ੍ਰਿਮੀਨਲ ਨੈਗਲੀਜੈਂਸ ਕਹਿੰਦੇ ਹਨ, ਉਸ ਨੂੰ ਮੈਡੀਕਲ ਨੈਗਲੀਜੈਂਸ ਕਹਿੰਦੇ ਹਨ ਅਤੇ ਜੇਕਰ ਪੋਲੀਟੀਸ਼ਨਾਂ ਨੇ ਗਲਤੀ ਕੀਤੀ ਹੈ ਤਾਂ this is also a political negligence for the last 10 years. ਜਿਸ ਤਰ੍ਹਾਂ ਡਾਕਟਰਾਂ ਤੇ ਜ਼ੁਰਮਾਨੇ ਹੁੰਦੇ ਹਨ ਉਸੇ ਤਰ੍ਹਾਂ ਇਥੇ ਵੀ ਹੋਣਾ ਚਾਹੀਦਾ ਹੈ।(ਵਿਘਨ....) ਇਸ ਬਾਰੇ ਕਾਨੂੰਨ ਦੀ ਗੱਲ ਕੀਤੀ ਗਈ ਹੈ ਪਰ ਹਰ ਗੱਲ ਕਾਨੂੰਨ ਨਾਲ ਨਹੀਂ, ਟਰੇਡੀਸ਼ਨਜ਼ ਹੋਣੀਆਂ ਚਾਹੀਦੀਆਂ ਹਨ। ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਸਾਰੀ ਦੁਨੀਆ ਦੇਖ ਰਹੀ ਹੈ। ਇਸ ਹਾਊਸ ਵਿੱਚ 92 ਨਵੇਂ ਬੰਦੇ ਆਏ ਹਨ ਅਤੇ ਇਨ੍ਹਾਂ ਵਿਚੋਂ ਜੂਨੀਅਰ ਜਾਖੜ ਸਾਹਿਬ ਬੈਠੇ ਹਨ। (ਵਿਘਨ....) ਮੈਂ ਪਹਿਲੀ ਵਾਰੀ ਚੁਣੇ ਹੋਏ 92 ਬੰਦਿਆਂ ਦੀ ਗੱਲ ਕਰ ਰਿਹਾ ਹਾਂ। 10 ਆਪੋਜੀਸ਼ਨ ਵਿਚ ਹਨ ਅਤੇ ਬਾਕੀ ਅਸੀਂ ਇੱਧਰ ਟਰੇਜ਼ਰੀ ਬੈਂਚਿਜ਼ ਵੱਲ ਹਾਂ। ਅਕਾਲੀ ਦਲ ਵਿੱਚ ਵੀ ਪਹਿਲੀ ਵਾਰੀ ਚੁਣੇ ਹੋਏ ਤੁਹਾਡੇ ਪਿੱਛੇ ਬੈਠੇ ਹਨ। ਮੈਡਮ ਗਨੀਵ ਜੀ ਆਏ ਹਨ ਅਤੇ ਬੀ.ਐਸ.ਪੀ ਤੇ ਡਾਕਟਰ ਨਛੱਤਰ ਪਾਲ ਜੀ ਬੈਠੇ ਹਨ। ਜਿਹੜੀ ਨੈਕਸਟ ਜੈਨਰੇਸ਼ਨ ਆਈ ਹੈ, ਚਾਹੇ ਉਹ ਜਾਖੜ ਸਾਹਿਬ ਦੀ ਹੈ, ਚਾਹੇ ਉਹ ਚੌਧਰੀ ਸਾਹਿਬ ਦੀ ਹੈ, ਚਾਹੇ ਉਹ ਹੈਨਰੀ ਜੀ ਹਨ।

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਬੈਠੇ ਬੈਠੇ)** : ਮੈਂ ਦੂਜੀ ਵਾਰ ਆਇਆ ਹਾਂ ਜੀ।

**ਮੰਤਰੀ** : ਮੈਂ ਯੰਗ ਜੈਨਰੇਸ਼ਨ ਦੀ ਗੱਲ ਕਰ ਰਿਹਾ ਹਾਂ, ਚਾਹੇ ਤੁਸੀਂ ਦੂਜੀ ਵਾਰ ਆਏ ਹੋ।(ਵਿਘਨ....) ਮੈਂ ਯੰਗ ਜੈਨਰੇਸ਼ਨ ਕਿਹਾ ਹੈ ਜੀ। ਜਿਹੜੀ ਯੰਗਰ ਜੈਨਰੇਸ਼ਨ ਆਈ ਹੈ, they want change. ਉਹ ਸਮਾਜ ਲਈ ਕੁਝ ਕਰਨਾ ਚਾਹੁੰਦੇ ਹਨ। ਉਹ ਇਕ ਜ਼ਜ਼ਬੇ ਨਾਲ ਇੱਥੇ ਆਏ ਹਨ ਅਤੇ ਪਾਲੀਟੀਸ਼ਨ ਦਾ ਕੰਮ ਇਹ ਨਹੀਂ ਹੈ ਕਿ ਉਹ ਨੈਕਸਟ ਇਲੈਕਸ਼ਨ ਬਾਰੇ ਸੋਚੇ। ਉਸ ਦਾ ਕੰਮ ਇਹ ਹੈ ਕਿ ਉਹ ਆਉਣ ਵਾਲੀ ਪੀੜ੍ਹੀ ਬਾਰੇ ਸੋਚੇ।(ਥੰਪਿੰਗ) ਅਸੀਂ ਸਾਰੇ ਜਣੇ ਮਿਲ ਕੇ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ ਜਿਹੜੇ ਅੰਦਰ ਬੈਠੇ ਹਨ।

ਲੋਕਾਂ ਨੇ ਤੁਹਾਨੂੰ ਬਾਈਕਾਟ ਕਰਨ ਵਾਸਤੇ ਨਹੀਂ ਭੇਜਿਆ। ਤੁਹਾਡੇ ਡਿਫਰੈਂਸਿਜ਼ ਹੋ ਸਕਦੇ ਹਨ। ਕੀ ਇਹ ਪਹਿਲੀ ਵਾਰ ਹੋਇਆ ਹੈ ਕਿ ਨੋਕ-ਝੋਕ ਹੋਈ ਹੈ? ਮੈਂ ਤਾਂ ਮਜੀਠੀਆ ਸਾਹਿਬ ਅਤੇ ਸਿੱਧੂ ਸਾਹਿਬ ਨੂੰ ਦੇਖਦਾ ਰਿਹਾ ਹਾਂ, ਮਾਫ ਕਰਨਾ ਬੀਬਾ ਜੀ (ਸ਼੍ਰੀਮਤੀ ਗਨੀਵ ਕੌਰ ਵੱਲ ਇਸ਼ਾਰਾ)। ਕੀ ਇਹ ਨੋਕ-ਝੋਕ ਦਾ ਸੈਂਟਰ ਹੈ, ਇਹ ਡਿਬੇਟ ਦਾ ਸੈਂਟਰ ਹੈ।

(**ਅਵਾਜ਼ਾਂ :** ਕੁਐਸਚਨ ਆਵਰ ਚੱਲ ਰਿਹਾ ਹੈ ਜੀ।)

**Minister :** I agree with you. ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਰੀਆਂ ਫੈਸਿਲਟੀਜ਼ ਦੇਵਾਂਗੇ, ਅੱਪਗ੍ਰੇਡ ਕਰਾਂਗੇ ਅਤੇ ਸਟਾਫ ਦੀ ਕਮੀ ਪੂਰੀ ਕਰਾਂਗੇ ਅਤੇ ਜੋ ਸਮਾਂ ਮਿਲਿਆ ਹੈ, ਉਸ ਵਿੱਚ ਸਮਾਂਬੱਧ ਤਰੀਕੇ ਨਾਲ ਕਰਾਂਗੇ। ਸਾਰੀਆਂ ਸਹੂਲਤਾਂ ਜਿਵੇਂ ਫਰੀ ਮੈਡੀਸਨ, ਫਰੀ ਟੈਸਟਿੰਗ and assured medical staff ਦੇਵਾਂਗੇ।

---

## ਸਹਿਕਾਰੀ ਖੰਡ ਮਿੱਲਾਂ ਵਿੱਚ ਈਥਨੋਲ ਪਲਾਂਟ ਲਗਾਉਣਾ

***555. ਸ਼੍ਰੀਮਤੀ ਇੰਦਰਜੀਤ ਕੌਰ ਮਾਨ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਦੀ ਸਹਿਕਾਰੀ ਖੰਡ ਮਿੱਲਾਂ ਵਿੱਚ ਆਉਣ ਵਾਲੇ ਸਮੇਂ ਵਿੱਚ ਈਥਨੋਲ ਪਲਾਂਟ ਲਗਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਕੀ ਨਕੋਦਰ ਖੰਡ ਮਿੱਲ ਨੂੰ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਸੰਸਦੀ ਮਾਮਲੇ ਮੰਤਰੀ)** : ਜੀ ਹਾਂ, ਸਰਕਾਰੀ ਖੰਡ ਮਿੱਲ, ਗੁਰਦਾਸਪੁਰ ਵਿਖੇ 120 KLPD ਸਮਰੱਥਾ ਦਾ ਨਵਾਂ ਈਥਨੋਲ ਪਲਾਂਟ ਲਗਾਉਣ ਸਬੰਧੀ ਇੱਕ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਪ੍ਰੰਤੂ ਨਕੋਦਰ ਖੰਡ ਮਿੱਲ ਵਿੱਚ ਇਥਨੋਲ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਅਜੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ** : ਸਰ, ਬਹੁਤ ਬਹੁਤ ਸ਼ੁਕਰੀਆ ਕਿ ਪੰਜਾਬ ਵਿੱਚ ਈਥਨੋਲ ਪਲਾਂਟ ਦੀ ਸ਼ੁਰੂਆਤ ਹੋਈ ਹੈ, ਇਹ ਸ਼ੂਗਰ ਮਿਲਾਂ ਵਿੱਚ ਲੱਗਣੇ ਸ਼ੁਰੂ ਹੋਏ ਹਨ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਦੂਜੇ ਨੰਬਰ ਤੇ ਨਕੋਦਰ ਦਾ ਨਾਂ ਆ ਜਾਵੇਗਾ ਜੀ। ਕੀ ਇੰਨਾ ਕੁ ਐਸ਼ੋਰ ਹੋ ਜਾਵੇਗਾ ਕਿਉਂਕਿ ਜਿਹੜੀ ਨਕੋਦਰ ਮਿਲ ਹੈ, ਉਹ ਬੜੀ ਸਮਰੱਥ ਹੈ। ਪਿਛਲੇ ਸਮੇਂ ਵਿੱਚ ਉਥੇ ਕੋਜੈਨਰੇਸ਼ਨ ਪਲਾਂਟ ਏ ਟੂ ਜ਼ੈੱਡ ਲੱਗਿਆ ਸੀ ਪਰ ਉਸ ਸਮੇਂ ਦੀ ਸਰਕਾਰ ਉਸ ਨੂੰ ਚਲਾਉਣ ਵਿੱਚ ਫੇਲ੍ਹ ਹੋਈ ਸੀ ਅਤੇ ਇਸ ਦੇ ਨਾਲ ਹੀ ਉਥੋਂ ਦੀ ਜ਼ਮੀਨ ਵੀ ਖਰਾਬ ਹੋਈ ਸੀ। ਉਸ ਮਿੱਲ ਨੇ ਹਾਈਕੋਰਟ ਵਿੱਚ ਲੜਾਈ ਲੜ ਕੇ ਸਾਰਾ ਪਲਾਂਟ ਅਤੇ ਉਹ ਸਾਰੀ ਜ਼ਮੀਨ ਵਾਪਸ ਹਾਸਲ ਕੀਤੀ ਹੈ। ਮੇਰਾ ਇਹ ਵੀ ਮੰਨਣਾ ਹੈ ਕਿ ਉਥੇ ਦੁਬਾਰਾ ਤੋਂ

ਕੋਜੈਨਰੇਸ਼ਨ ਪਲਾਂਟ ਵੀ ਚਲਾਇਆ ਜਾ ਸਕਦਾ ਹੈ। ਕਾਈਂਡਲੀ ਨਕੋਦਰ ਦੀ ਸ਼ੂਗਰ ਮਿਲ ਨੂੰ ਕੰਸਿਡਰ ਕੀਤਾ ਜਾਵੇ ਜੀ। ਧੰਨਵਾਦ।

**ਮਾਨਯੋਗ ਸਪੀਕਰ** : ਧੰਨਵਾਦ ਜੀ।

----------

## ਪਾਇਲ ਸਥਿਤ ਪੁਰਾਤਨ ਕਿਲੇ ਨੂੰ ਟੂਰਿਜ਼ਮ ਵਜੋਂ ਵਿਕਸਤ ਕਰਨਾ

***470. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਾਇਲ ਅਤੇ ਦੋਰਾਹਾ ਸਥਿਤ ਪੁਰਾਤਨ ਕਿਲ੍ਹਿਆਂ ਨੂੰ ਟੂਰਿਜ਼ਮ ਵਜੋਂ ਵਿਕਸਤ ਕਰਨ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਯੋਜਨਾ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮਿਸ ਅਨਮੋਲ ਗਗਨ ਮਾਨ** : ਜੀ ਹਾਂ। ਦੋਰਾਹਾ ਮੁਗਲ ਸਰਾਏ ਨੂੰ ਟੂਰਿਜ਼ਮ ਵਜੋਂ ਵਿਕਸਿਤ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕੰਮ 31.08.2023 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਕਿਲਾ ਪਾਇਲ ਦੀ ਰੈਸਟੋਰੇਸ਼ਨ/ਰੈਨੋਵੇਸ਼ਨ ਦਾ ਕੰਮ ਕਰਵਾਉਣ ਸਬੰਧੀ ਕੋਈ ਵੀ ਤਜਵੀਜ਼ ਹਾਲ ਦੀ ਘੜੀ ਪ੍ਰਵਾਨ ਨਹੀਂ ਹੈ। ਇਸ ਦੀ ਅਨੁਮਾਨਤ ਲਾਗਤ ਤਕਰੀਬਨ 5.26 ਕਰੋੜ ਰੁਪਏ ਹੈ।

7.3.2023 ਕਕ ਮਸ 10.50

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਤੁਹਾਡਾ ਅਤੇ ਮੰਤਰੀ ਸਾਹਿਬ ਦਾ ਵੀ ਬਹੁਤ-ਬਹੁਤ ਧੰਨਵਾਦ ਜੀ ਕਿ ਇਨ੍ਹਾਂ ਨੇ ਜਿਹੜੀਆਂ ਸਾਡੀਆਂ ਵਿਰਾਸਤੀ ਧਰੋਹਰਾਂ ਹਨ, ਉਨ੍ਹਾਂ ਵੱਲ ਮਾਨ ਸਰਕਾਰ ਧਿਆਨ ਦੇ ਰਹੀ ਹੈ ਅਤੇ ਪੰਜ ਕਰੋੜ ਰੁਪਿਆ ਮਿਲਿਆ ਹੈ। ਮੈਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਕੀ ਹਲਕਾ ਪਾਇਲ ਨੂੰ ਟੂਰਿਜਮ ਵਜੋਂ ਵਿਕਸਿਤ ਕੀਤਾ ਜਾ ਸਕਦਾ ਹੈ? ਕਿਉਂਕਿ ਜਿਵੇਂ ਮੰਤਰੀ ਸਾਹਿਬ ਨੇ ਵੀ ਦੱਸਿਆ ਹੈ ਕਿ ਇੱਥੇ ਦੋਰਾਹੇ ਵਿੱਚ ਬਹੁਤ ਸੋਹਣਾ ਕਿਲਾ ਹੈ, ਜਿਹੜਾ ਕਿ ਮੁਗਲ ਰਾਜ ਵੇਲੇ ਦਾ ਹੈ। ਇਸੇ ਤਰੀਕੇ ਨਾਲ ਪਾਇਲ ਵਿੱਚ ਵੀ ਬਹੁਤ ਸੋਹਣਾ ਕਿਲਾ ਹੈ। ਦੂਸਰਾ, ਇੱਥੇ ਗੁਰਦਵਾਰਾ ਚੋਹਲਾ ਸਾਹਿਬ ਵੀ ਸਥਿਤ ਹੈ, ਜਿੱਥੇ ਅੱਜ ਵੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ 52 ਕਲੀਆਂ ਵਾਲਾ ਚੋਲਾ ਸਾਹਿਬ ਪਿਆ ਹੈ। ਆਪ ਜੀ ਵੀ ਗੁਰਦੁਆਰਾ ਸ੍ਰੀ ਕਟਾਣਾ ਸਾਹਿਬ ਜਾ ਕੇ ਆਏ ਸੀ ਜਿਥੇ ਛੇਵੇਂ ਗੁਰੂ ਸਾਹਿਬ ਆਏ ਸੀ ਅਤੇ ਦਸਵੇਂ ਗੁਰੂ ਸਾਹਿਬ ਵੀ ਆਏ ਸੀ। ਇੱਥੇ ਇੱਕ ਪ੍ਰਾਚੀਨ ਸ਼ਿਵ ਮੰਦਰ ਹੈ, ਜਿਥੇ ਕਿ ਇੱਕ ਖੰਡਿਤ ਸ਼ਿਵਲਿੰਗ ਪਿਆ ਹੈ। ਪਾਇਲ ਦੇ ਵਿੱਚ ਸ੍ਰੀ ਰਾਮ ਜੀ ਦਾ ਵੀ ਇੱਕ ਮੰਦਰ ਹੈ, ਜਿਥੇ ਰਾਵਣ ਦੀ ਪੂਜਾ ਹੁੰਦੀ ਹੈ, ਇਹ ਇੱਕੋ ਇੱਕ ਅਜਿਹਾ ਮੰਦਰ ਹੈ। ਮੈਂ ਇਹ ਗੱਲ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਇਸ ਹਲਕੇ ਨੂੰ, ਜਿਹੜਾ ਕਿ ਪੂਰਾ ਪਛੜਿਆ ਹੋਇਆ ਹਲਕਾ ਹੈ, ਕੀ ਆਪਾਂ ਇਸ ਨੂੰ ਟੂਰਿਜ਼ਮ

ਵਜੋਂ ਵਿਕਸਿਤ ਕਰ ਸਕਦੇ ਹਾਂ ਤਾਂ ਕਿ ਸਾਡੇ ਲੋਕਾਂ ਨੂੰ ਰੁਜ਼ਗਾਰ ਮਿਲੇ। ਮਾਨ ਸਰਕਾਰ ਇਸ ਗੱਲ ਵੱਲ ਬਹੁਤ ਸੁਹਣੇ ਕਦਮ ਵਧਾ ਰਹੀ ਹੈ। ਮੈਂ ਇਹੀ ਗੱਲ ਪੁੱਛਣੀ ਚਾਹੁੰਦਾ ਹਾਂ।

**ਮੰਤਰੀ:** ਹਾਂ ਜੀ, ਮੈਂਬਰ ਸਾਹਿਬ। ਮੈਂ ਮਾਨਯੋਗ ਸਪੀਕਰ ਸਾਹਿਬ ਦੇ ਮਾਧਿਅਮ ਨਾਲ ਦੱਸਣਾ ਚਾਹਾਂਗੀ ਕਿ ਵਿਧਾਇਕ ਜੀ ਦੀ ਜੋ ਗੁਜ਼ਾਰਿਸ਼ ਆਈ ਸੀ ਕਿ ਜਿਹੜਾ ਉਥੇ ਪਾਇਲ ਕਿਲਾ ਬਣਾਇਆ ਗਿਆ ਹੈ, ਉਸਦੀ ਮੁੜ ਬਹਾਲੀ ਦੁਬਾਰਾ ਕੀਤੀ ਜਾਵੇ। ਉਸ ਦੇ ਵਾਸਤੇ ਅਸੀਂ ਐਕਸੀਅਨ ਨੂੰ ਭੇਜ ਕੇ ਪਰਾਪਰ ਅਨੁਮਾਨ ਲਗਵਾਇਆ ਹੈ ਅਤੇ ਅਸੀਂ ਇਸ ਤੇ ਵਿਚਾਰ ਕਰ ਰਹੇ ਹਾਂ ਅਤੇ ਪਾਇਲ ਵਿੱਚ ਜਿਵੇਂ ਮੈਂਬਰ ਸਾਹਿਬ ਨੇ ਦੱਸਿਆ ਹੈ, ਇਸ ਤੇ ਵਿਚਾਰ ਕਰਕੇ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਇਸ ਸਬੰਧ ਵਿੱਚ ਕੰਮ ਕਰਾਂਗੇ। ਨਾ ਸਿਰਫ ਪਾਇਲ, ਸਗੋਂ ਪੂਰੇ ਪੰਜਾਬ ਵਿੱਚ ਜਿੰਨੀਆਂ ਵੀ ਸਾਡੀਆਂ ਇਤਿਹਾਸਕ ਇਮਾਰਤਾਂ ਹਨ, ਜਿੰਨੇ ਵੀ ਸਾਡੇ ਪੁਰਾਤਨ ਸ਼ਹੀਦਾਂ ਦੇ ਘਰ ਹਨ, ਉਸ ਲਈ ਸੀ.ਐਮ. ਮਾਨ ਸਾਹਿਬ ਦੀ ਅਗਵਾਈ ਵਿੱਚ ਅਸੀਂ ਆਉਣ ਵਾਲੇ ਸਾਲ ਦੇ ਵਿੱਚ ਪੰਜਾਬ ਨੂੰ ਟੂਰਿਜਮ ਪੱਖੋਂ ਵੱਡੇ ਪੱਧਰ ਤੇ ਵਿਕਸਿਤ ਕਰਨ ਜਾ ਰਹੇ ਹਾਂ। ਇਕੱਲੇ ਇਕੱਲੇ ਜ਼ਿਲ੍ਹੇ ਵਿੱਚ ਜਾ ਕੇ, ਜਿੱਥੇ ਵੀ ਸਾਡੀਆਂ ਇਮਾਰਤਾਂ ਅਤੇ ਜਗ੍ਹਾਵਾਂ ਪਹਿਲਾਂ ਅਣਗਹਿਲੀ ਕਾਰਨ ਖੰਡਰ ਹੋ ਗਈਆਂ ਹਨ, ਉਹ ਜਿਹੜੀਆਂ ਜਗ੍ਹਾਵਾਂ ਹਨ, ਉਨ੍ਹਾਂ ਨੂੰ ਅਸੀਂ ਪਰਾਪਰ ਵਿਕਸਿਤ ਕਰਾਂਗੇ। ਬਹੁਤ ਸਾਰੇ ਵਿਧਾਇਕ ਆਪਣੇ ਜ਼ਿਲ੍ਹਿਆਂ ਅਤੇ ਹਲਕੇ ਨਾਲ ਸਬੰਧਿਤ ਇਮਾਰਤਾਂ ਦੇ ਮਾਮਲੇ ਲੈ ਕੇ ਆਉਂਦੇ ਹੋ, ਮੈਂ ਦੱਸਣਾ ਚਾਹਾਂਗੀ ਕਿ ਹਰ ਇੱਕ ਇਮਾਰਤ ਨੂੰ ਰਿਸਟੋਰ ਕੀਤਾ ਜਾਵੇਗਾ, ਉਸ ਦੀ ਰੈਨੋਵੇਸ਼ਨ ਕੀਤੀ ਜਾਵੇਗੀ। ਤੁਸੀਂ ਬੇਫਿਕਰ ਰਹੋ, ਪੂਰਾ ਪਾਇਲ ਹਲਕਾ ਸਾਡੇ ਵਿਚਾਰ ਅਧੀਨ ਹੈ, ਇਸ ਸਬੰਧੀ ਜਲਦੀ ਅਨੁਮਾਨ ਲਗਾ ਕੇ ਤੁਹਾਨੂੰ ਸੂਚਿਤ ਕੀਤਾ ਜਾਵੇਗਾ।

**ਮਾਨਯੋਗ ਸਪੀਕਰ:** ਥੈਂਕਿਉ ਜੀ। ਗਿਆਸਪੁਰਾ ਜੀ, ਅਜੇ ਕੁਝ ਕਹਿਣ ਤੋਂ ਰਹਿ ਗਿਆ ਹੈ ਜੀ?

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਹਾਂ ਜੀ, ਥੋੜ੍ਹੀ ਜਿਹੀ ਗੱਲ ਰਹਿ ਗਈ ਹੈ। ਸਪੀਕਰ ਸਾਹਿਬ, ਮੈਨੂੰ ਜਿਹੜਾ ਆਂਸਰ ਮਿਲਿਆ ਹੈ, ਮੈਂ ਤੁਹਾਡੇ ਮਾਧਿਅਮ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਮਿਤੀ 31.8.2023 ਤੱਕ ਕਿਲੇ ਨੂੰ ਮੁਕੰਮਲ ਕਰਨ ਦੀ ਤਾਰੀਕ ਮੰਤਰੀ ਸਾਹਿਬ ਨੇ ਦਿੱਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਦੋਂ ਤੱਕ ਕੰਮ ਕੰਪਲੀਟ ਹੋ ਜਾਵੇਗਾ? ਕਿਉਂਕਿ ਮੈਂ ਉਥੇ ਰੈਗੂਲਰ ਵਿਜ਼ਿਟ ਕਰਦਾ ਹਾਂ। ਉਥੇ ਕੰਮ ਬਹੁਤ ਸਲੋਅ ਤੇ ਧੀਮੀ ਪੱਧਰ ਤੇ ਹੋ ਰਿਹਾ ਹੈ। ਕਿਰਪਾ ਕਰਕੇ ਇਸ ਨੂੰ ਸਪੀਡ ਅੱਪ ਕਰਵਾਇਆ ਜਾਵੇ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਇਹ ਸਮਾਂਬੱਧ ਤਰੀਕੇ ਨਾਲ ਜੋ ਡੈਡਲਾਈਨ ਹੈ, ਉਦੋਂ ਤੱਕ ਕੰਪਲੀਟ ਹੋ ਜਾਵੇਗਾ?

**ਮੰਤਰੀ:** ਵਿਧਾਇਕ ਜੀ, ਆਪਾਂ ਕੰਮ ਕਰ ਰਹੇ ਹਾਂ। ਜੇ ਅਸੀਂ ਸਮਾਂ ਦਿੱਤਾ ਹੈ ਤਾਂ ਤੁਹਾਨੂੰ ਸਮੇਂ ਦੇ ਅੰਦਰ ਪੂਰਾ ਕਰਕੇ ਦੇਵਾਂਗੇ।

**ਸਰਦਾਰ ਰੁਪਿੰਦਰ ਸਿੰਘ:** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਮਾਨਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਮੈਂ ਪਹਿਲਾਂ ਵੀ ਬੇਨਤੀ ਲਗਾਈ ਸੀ ਕਿ ਮੇਰੇ ਹਲਕੇ ਵਿੱਚ ਹਾਈਵੇਅ ਦੇ ਉਤੇ ਇੱਕ ਪਿੰਡ ਸੰਘੋਲ ਸਥਿਤ ਹੈ, ਜਿਸ ਨੂੰ ਉੱਚਾ ਪਿੰਡ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਮਾਨਯੋਗ ਸਪੀਕਰ:** ਉਹ ਵੱਖਰਾ ਸਵਾਲ ਬਣਦਾ ਹੈ ਜੀ। ਤੁਸੀਂ ਬੈਠੋ ਜੀ।

**ਸਰਦਾਰ ਰੁਪਿੰਦਰ ਸਿੰਘ:** ਧੰਨਵਾਦ ਜੀ।

\-----------------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 610**

**ਮਾਨਯੋਗ ਸਪੀਕਰ:** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਅਲਾਓ ਕਰ ਦਿੱਤੀ ਗਈ ਹੈ।

\---------------

**ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਨੂੰ ਮਿਲਦੇ ਲੋੜੀਂਦੇ ਫੰਡਾਂ ਦੇ ਵੇਰਵੇ**

*352. **ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਰਾਜ ਸਰਕਾਰ ਵੱਲੋਂ ਪੰਜਾਬ ਅਨੁਸੂਚਿਤ ਜਾਤੀਆਂ, ਭੌਂ ਵਿਕਾਸ ਅਤੇ ਵਿੱਤ ਨਿਗਮ, ਚੰਡੀਗੜ੍ਹ ਨੂੰ ਪ੍ਰਬੰਧਕੀ ਖਰਚਿਆਂ ਅਤੇ ਕਾਰਪੋਰੇਸ਼ਨ ਵਲੋਂ ਨਿਰਧਾਰਤ ਕੀਤੇ ਜਾਂਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਹਰ ਸਾਲ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਂਦੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਨਾਂਹ' ਵਿੱਚ ਹੋਵੇ ਤਾਂ ਸਰਕਾਰ ਕਦੋਂ ਤੱਕ ਕਾਰਪੋਰੇਸ਼ਨ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣ ਲਈ ਕੋਈ ਕਾਰਵਾਈ ਕਰੇਗੀ?

**ਡਾਕਟਰ ਬਲਜੀਤ ਕੌਰ:** ਰਾਜ ਸਰਕਾਰ ਵਲੋਂ ਪੰਜਾਬ ਅਨੁਸੂਚਿਤ ਜਾਤੀਆਂ, ਭੌਂ ਵਿਕਾਸ ਅਤੇ ਵਿੱਤ ਨਿਗਮ, ਚੰਡੀਗੜ੍ਹ ਨੂੰ ਪ੍ਰਬੰਧਕੀ ਖਰਚਿਆਂ ਲਈ ਕੋਈ ਵੀ ਫੰਡਜ਼ ਮੁਹੱਈਆ ਨਹੀਂ ਕਰਵਾਏ ਜਾਂਦੇ ਹਨ। ਕਾਰਪੋਰੇਸ਼ਨ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਟੀਚੇ ਸਰਕਾਰ ਵਲੋਂ ਕੀਤੇ ਗਏ ਬਜਟ ਉਪਬੰਧ

ਅਨੁਸਾਰ ਮਿੱਥੇ ਜਾਂਦੇ ਹਨ। ਕਾਰਪੋਰੇਸ਼ਨ ਵਲੋਂ ਚਲਾਈਆ ਜਾ ਰਹੀਆਂ ਸਕੀਮਾਂ ਤਹਿਤ ਪਿਛਲੇ ਤਿੰਨ ਸਾਲਾਂ ਅਤੇ ਚਾਲੂ ਵਿੱਤੀ ਸਾਲ ਦੌਰਾਨ ਰਾਜ ਸਰਕਾਰ ਵਲੋਂ ਜਾਰੀ ਕੀਤੇ ਗਏ ਫੰਡਜ ਦੀ ਸੂਚਨਾ ਅਨੁਲੱਗ-ੳ ਤੇ ਰੱਖੀ ਹੈ।

(ਅ) ਕਾਰਪੋਰੇਸ਼ਨ ਲਈ ਪ੍ਰਬੰਧਕੀ ਖਰਚਿਆਂ ਦਾ ਉਪਬੰਧ ਕਰਵਾਉਣ ਲਈ ਤਜਵੀਜ਼ ਪ੍ਰਵਾਨਗੀ ਹਿੱਤ ਵਿੱਤ ਵਿਭਾਗ ਨੂੰ ਭੇਜੀ ਗਈ ਸੀ ਜਿਸ ਤੇ ਵਿੱਤ ਵਿਭਾਗ ਵੱਲੋਂ ਅਸਮਰੱਥਤਾ ਪ੍ਰਗਟ ਕੀਤੀ ਗਈ ਸੀ।

**(ਅਨੁਲੱਗ)**

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਰਾਜਪਾਲ ਸਾਹਿਬ ਦੇ ਭਾਸ਼ਣ ਵਿੱਚ ਜਿਹੜਾ ਕਿਹਾ ਗਿਆ ਹੈ ਕਿ ਅਸੀਂ ਸਿਰਫ 242, ਪੰਜਾਬ ਦੇ ਅੰਦਰ ਜਿਨ੍ਹਾਂ ਲੋਕਾਂ ਦੀ ਪਾਪੂਲੇਸ਼ਨ ਕਰੀਬ 40% ਹੈ, ਉਨ੍ਹਾਂ ਦੇ ਸਿਰਫ 200 ਲਾਭਪਾਤਰੀਆਂ ਨੂੰ 4.71 ਕਰੋੜ ਰੁਪਿਆ ਅਜੇ ਤੱਕ ਇਸ ਕਾਰਪੋਰੇਸ਼ਨ ਨੇ ਦਿੱਤਾ ਹੈ।

ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ/10.55/07.03.2023

ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਐਸ.ਸੀ. ਸਬ ਪਲਾਨ 500 ਕਰੋੜ ਦਾ ਕੇਂਦਰ ਸਰਕਾਰ ਨੂੰ ਭੇਜਿਆ ਹੈ, ਜਿਹੜਾ ਅਜੇ ਤੱਕ ਮੰਨਜ਼ੂਰ ਨਹੀਂ ਹੋਇਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਸਾਹਿਬ ਨੇ ਜਾਂ ਜਿਹੜੇ ਬਾਬਾ ਸਾਹਿਬ ਅੰਬੇਦਕਰ ਜੀ ਦੀ ਫੋਟੋ ਲਾ ਕੇ ਰਾਜ ਸਭਾ ਐਮ.ਪੀ. ਦਿੱਲੀ ਵਿਚ ਪਹੁੰਚੇ ਹਨ, ਕੀ ਉਨ੍ਹਾਂ ਨੇ ਇਹ ਮਾਮਲਾ ਕੇਂਦਰ ਸਰਕਾਰ ਨਾਲ ਟੇਕਅੱਪ ਕੀਤਾ ਹੈ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਇਹ ਮਾਮਲਾ ਕੇਂਦਰ ਸਰਕਾਰ ਨਾਲ ਟੇਕਅੱਪ ਕੀਤਾ ਗਿਆ ਹੈ?

**ਮੰਤਰੀ:** ਜਿੱਥੋਂ ਤੱਕ ਪ੍ਰਬੰਧਕੀ ਖਰਚਿਆਂ ਦੀ ਗੱਲ ਕੀਤੀ ਗਈ ਹੈ।

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਹਾਡੇ ਵਿਭਾਗ ਵੱਲੋਂ ਕੇਂਦਰ ਸਰਕਾਰ ਕੋਲ ਇਹ ਮੁੱਦਾ ਟੇਕਅੱਪ ਕੀਤਾ ਗਿਆ ਹੈ ਜਾਂ ਨਹੀਂ ਅਤੇ ਜੇਕਰ ਨਹੀਂ ਕੀਤਾ ਗਿਆ ਤਾਂ ਕਦੋਂ ਤੱਕ ਟੇਕਅੱਪ ਕੀਤਾ ਜਾਵੇਗਾ?

**ਮੰਤਰੀ:** ਇਸ ਦੀ ਐਗਜ਼ੈਕਟ ਜਾਣਕਾਰੀ ਇਸ ਵੇਲੇ ਮੇਰੇ ਕੋਲ ਨਹੀਂ ਹੈ, ਮੈਂ ਤੁਹਾਨੂੰ ਦੇਖ ਕੇ ਦੱਸ ਦਿਆਂਗੀ ਪਰ ਜੇਕਰ ਇਹ ਮਾਮਲਾ ਟੇਕਅੱਪ ਕਰਨਾ ਹੈ ਤਾਂ ਅਸੀਂ ਇਸ ਨੂੰ ਜਲਦ ਹੀ ਕਰ ਲਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ, ਬਾਬਾ ਸਾਹਿਬ ਅੰਬੇਦਕਰ ਜੀ ਨੇ ਕਿਹਾ ਸੀ ਕਿ ਰਾਜ ਸੱਤਾ ਉਹ ਚਾਬੀ ਹੈ ਜਿਸ ਨਾਲ ਤੁਸੀਂ ਆਪਣੀਆਂ ਸਾਰੀਆਂ ਮੁਸ਼ਕਿਲਾਂ ਦਾ ਹੱਲ ਕਰ ਸਕਦੇ ਹੋ। ਕੱਲ ਮੇਰੇ ਵੀਰ ਅਮਨ ਅਰੋੜਾ ਜੀ ਨੇ ਵੀ ਇਹ ਗੱਲ ਕਹੀ ਸੀ ਪਰ ਜੇਕਰ ਤੁਸੀਂ ਬਾਬਾ ਸਾਹਿਬ ਅੰਬੇਦਕਰ ਜੀ

ਦੀ ਕਮਿਉਨਿਟੀ ਵਿਚੋਂ ਕੋਈ ਰਾਜ ਸਭਾ ਮੈਂਬਰ ਭੇਜਿਆ ਹੁੰਦਾ ਤਾਂ ਉਨ੍ਹਾਂ ਨੂੰ ਇਹ ਫਿਕਰ ਹੁੰਦਾ ਕਿ ਜਿਹੜਾ ਐਸ.ਸੀ. ਸਬ ਪਲਾਨ ਦਾ 500 ਕਰੋੜ ਰੁਪਿਆ ਕੇਵਲ ਦਲਿਤ ਸਮਾਜ ਲਈ ਖਰਚ ਹੋਣਾ ਹੈ। ਉਸ ਦੀ ਪ੍ਰੋਪੋਜ਼ਲ ਵਾਸਤੇ ਨਾਂ ਤਾਂ ਮੰਤਰੀ ਸਾਹਿਬ ਨੇ ਅਤੇ ਨਾ ਕਿਸੇ ਐਮ.ਪੀ. ਨੇ ਇਹ ਮਸਲਾ ਕੇਂਦਰ ਸਰਕਾਰ ਕੋਲ ਉਠਾਇਆ। ਜੇਕਰ ਅਸੀਂ ਮਸਲਾ ਉਠਾਵਾਂਗੇ ਹੀ ਨਹੀਂ ਤਾਂ ਦਲਿਤਾਂ ਦਾ ਭਲਾ ਕਿਵੇਂ ਹੋਵੇਗਾ। ਇਸੇ ਲਈ ਮੇਰੀ ਬੇਨਤੀ ਹੈ ਕਿ ਇਹ ਮਾਮਲਾ ਕੇਂਦਰ ਕੋਲ ਉਠਾਓ ਤਾਂ ਕਿ ਇਹ 500 ਕਰੋੜ ਰੁਪਿਆ ਜਾਰੀ ਹੋਵੇ। ਧੰਨਵਾਦ ਜੀ।

**ਮੰਤਰੀ:** ਸਪੀਕਰ ਸਾਹਿਬ, ਜਿਹੜੇ 500 ਕਰੋੜ ਰੁਪਏ ਦੇ ਸਬ ਪਲਾਨ ਦੀ ਗੱਲ ਕੀਤੀ ਜਾ ਰਹੀ ਹੈ, ਇਹ ਪੈਸਾ ਕਿਉਂ ਰੁਕਿਆ, ਮੈਂ ਇਹ ਵੀ ਦੱਸਣਾ ਚਾਹਾਂਗੀ। ਪਿਛਲੀਆਂ ਸਰਕਾਰਾਂ ਦੌਰਾਨ ਜਿਹੜੇ ਯੂ.ਸੀਜ਼ ਕੇਂਦਰ ਸਰਕਾਰ ਨੂੰ ਭੇਜੇ ਜਾਣੇ ਸੀ, ਉਹ ਨਹੀਂ ਭੇਜੇ ਗਏ। ਸੋ, ਉਸ ਸਮੇਂ ਜਿਨ੍ਹਾਂ ਨੇ ਐਕਸ਼ਨ ਲੈਣਾ ਸੀ, ਉਦੋਂ ਕਿਉਂ ਨਹੀਂ ਲਿਆ ਗਿਆ, ਕਿਉਂ ਯੂ.ਸੀਜ਼. ਇਕੱਠੇ ਨਹੀਂ ਕੀਤੇ ਗਏ। ਅਸੀਂ ਹੁਣ ਪੂਰਾ ਜ਼ੋਰ ਲਗਾ ਰਹੇ ਹਾਂ ਕਿ ਸਾਰੇ ਯੂ.ਸੀਜ਼ ਇਕੱਠੇ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਣ ਤਾਂ ਜੋ ਅਗਲੇ ਫੰਡ ਜਾਰੀ ਹੋ ਸਕਣ। ਸੋ, ਕ੍ਰਿਪਾ ਕਰਕੇ ਪਹਿਲੀਆਂ ਸਰਕਾਰਾਂ ਦੀ ਮਾੜੀ ਕਾਰਗੁਜ਼ਾਰੀ ਨੂੰ ਸਾਡੇ ਸਿਰ ਤੇ ਨਾ ਥੋਪਿਆ ਜਾਵੇ।

**ਜਲ ਸਰੋਤ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸਪੀਕਰ ਸਾਹਿਬ, ਕੱਲ ਵੀ ਮਾਨਯੋਗ ਮੈਂਬਰ ਸਾਹਿਬ ਨੇ ਇਹ ਗੱਲ ਉਠਾਈ ਸੀ ਕਿ ਆਮ ਆਦਮੀ ਪਾਰਟੀ ਨੇ ਕੋਈ ਵੀ ਦਲਿਤ ਮੈਂਬਰ ਰਾਜ ਸਭਾ ਵਿਚ ਨਹੀਂ ਭੇਜਿਆ। ਕੱਲ ਵੀ ਅਰੋੜਾ ਸਾਹਿਬ ਨੇ ਇਸ ਗੱਲ ਦਾ ਜਵਾਬ ਦਿੱਤਾ ਸੀ ਕਿ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਅੰਬੇਦਕਰ ਜੀ ਦੀ ਸੋਚ ਨਾਲ ਸਹਿਮਤ ਨਹੀਂ ਹਾਂ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਪੰਜਾਬ ਵਿਚੋਂ ਨਵੀਂ ਚੁਣੀ ਗਈ ਸਰਕਾਰ ਵੱਲੋਂ ਰਾਜ ਸਭਾ ਮੈਂਬਰ ਚੁਣੇ ਗਏ ਹੋਣ। ਅਕਾਲੀ ਦਲ ਦੀ ਸਰਕਾਰ ਵੇਲੇ 4 ਰਾਜ ਸਭਾ ਮੈਂਬਰ ਸੀ, ਉਨ੍ਹਾਂ ਵਿਚੋਂ ਕਿਹੜਾ ਦਲਿਤ ਸੀ? ਕੀ ਭੂੰਦੜ ਸਾਹਿਬ ਦਲਿਤ ਸੀ? ਕੀ ਢੀਂਡਸਾ ਸਾਹਿਬ, ਨਰੇਸ਼ ਗੁਜਰਾਲ ਜਾਂ ਸ਼ਵੇਤ ਮਲਿਕ ਜੀ ਦਲਿਤ ਸਨ? (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਮਾਲ ਦੀ ਗੱਲ ਹੈ, ਤੁਸੀਂ ਜਿਹੜੇ ਕਮਰਿਆਂ ਵਿਚ ਬਾਦਲ ਸਾਹਿਬ ਦੀਆਂ ਫੋਟੋਆਂ ਲਾਉਂਦੇ ਰਹੇ ਹੋ, ਉਨ੍ਹਾਂ ਕਮਰਿਆਂ ਵਿਚ ਪਹਿਲੀ ਵਾਰ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਾਡੀ ਸਰਕਾਰ ਨੇ ਬਾਬਾ ਸਾਹਿਬ ਅੰਬੇਦਕਰ ਜੀ ਦੀ ਫੋਟੋ ਲਗਾਈ ਹੈ। ਤੁਸੀਂ ਸਾਨੂੰ ਕਹਿੰਦੇ ਹੋ ਕਿ ਅਸੀਂ ਇਹ ਵੋਟਾਂ ਖਾਤਰ ਕੀਤਾ ਹੈ ਪਰ ਤੁਸੀਂ ਤਾਂ ਵੋਟਾਂ ਖਾਤਰ ਵੀ ਨਹੀਂ ਕੀਤਾ, ਤੁਸੀਂ ਕਰ ਲੈਂਦੇ। ਸਾਡੇ ਸਿਰ ਤੇ ਕੋਈ ਵੋਟਾਂ ਦਾ ਦਬਾਅ ਨਹੀਂ ਸੀ, ਅਸੀਂ ਤਾਂ ਸਰਕਾਰ ਵਿਚ ਆਉਣ ਸਾਰ ਹੀ ਇਹ ਫੋਟੋਆਂ ਲਾਈਆਂ ਕਿਉਂਕਿ ਅਸੀਂ ਸਮਝਦੇ ਹਾਂ ਕਿ ਜੇ ਅੱਜ ਸਾਨੂੰ ਸਾਡੇ ਹੱਕ ਮਿਲੇ ਹਨ ਤਾਂ ਉਹ ਬਾਬਾ ਸਾਹਿਬ ਅੰਬੇਦਕਰ ਜੀ ਕਰਕੇ ਹੀ ਮਿਲੇ ਹਨ। ਇਸੇ ਕਰਕੇ ਅਸੀਂ ਉਨ੍ਹਾਂ ਦੀ ਸੋਚ ਤੇ ਪਹਿਰਾ ਦਿੰਦੇ ਹਾਂ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਪੀਕਰ ਸਾਹਿਬ।

**ਮਾਨਯੋਗ ਸਪੀਕਰ:** ਡਾਕਟਰ ਸਾਹਿਬ, ਹੁਣ ਅਸੀਂ ਅਗਲਾ ਸਵਾਲ ਲੈ ਲਈਏ, ਸਮਾਂ ਥੋੜ੍ਹਾ ਰਹਿ ਗਿਆ ਹੈ। ਤੁਹਾਡੀਆਂ ਦੋ ਸਪਲੀਮੈਂਟਰੀਜ਼ ਹੋ ਗਈਆਂ ਹਨ, ਹੁਣ ਇਕੋ ਪ੍ਰਸ਼ਨ ਤੇ ਪੂਰੀ ਡਿਬੇਟ ਥੋੜ੍ਹੀ ਚੱਲਣੀ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦੇ ਮੈਂਬਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਕਾਗਜ਼ ਪੱਤਰ ਫਰੋਲ ਰਹੇ ਸਨ।)

**ਮਾਨਯੋਗ ਸਪੀਕਰ:** ਬਾਜਵਾ ਜੀ, ਤੁਹਾਡਾ ਪ੍ਰਸ਼ਨ ਹੈ, 412 ਨੰਬਰ ਹੈ। ਤੁਸੀਂ ਤਿਆਰੀ ਤਾਂ ਕਰ ਲਿਆ ਕਰੋ।

aman-shubham/11.00/7.3.23 1

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ-ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

---

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਮਾਨਯੋਗ ਸਪੀਕਰ ਸਾਹਿਬ, ਕੱਲ੍ਹ ਦੀ ਜੋ ਮੰਦਭਾਗੀ ਘਟਨਾ ਹੋਈ ਹੈ, ਉਸ ਦੇ ਬਾਰੇ ਅਸੀਂ ਤੁਹਾਨੂੰ ਗੁਜ਼ਾਰਿਸ਼ ਕੀਤੀ ਕਿ ਤੁਸੀਂ custodian ਹੋ, ਜੋ ਵੀ ਅਪਸ਼ਬਦ ਚੀਫ ਮਨਿਸਟਸਰ ਸਾਹਿਬ ਵੱਲੋਂ ਵਰਤੇ ਗਏ, kindly ਉਨ੍ਹਾਂ ਨੂੰ ਕਹੋ ਕਿ ਇਸ ਨੂੰ condemn ਕਰੋ। But there have been no words from your side. ਤੁਸੀਂ ਕਿਹਾ ਕਿ ਮੈਂ ਇੱਕ ਵਾਰ ਹਾਊਸ ਦੀ ਪ੍ਰੋਸੀਡਿੰਗ ਕਢਵਾਂ ਲਵਾਂ, ਸੁਣ ਲਵਾਂ। ਅਸੀਂ ਕਿਹਾ ਹੈ ਕਿ ਮੈਂਬਰਜ਼ ਨੂੰ openly threatened ਕੀਤਾ ਹੈ। ਉਨ੍ਹਾਂ ਦਾ threatening posture Parliamentary language ਦੇ ਵਿੱਚ condemnable ਸੀ।

**ਮਾਨਯੋਗ ਸਪੀਕਰ:** ਬਾਜਵਾ ਸਾਹਿਬ, ਇਹ ਗੱਲਾਂ ਕੱਲ੍ਹ ਹੋ ਗਈਆਂ ਹਨ, ਆਪਾਂ ਹਾਊਸ ਨੂੰ ਅੱਗੇ ਚਲਾਉਣਾ ਹੈ। ਕੋਈ ਨਵੀਂ ਗੱਲ ਹੈ ਤਾਂ ਦੱਸ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੇਰੀ ਇੱਕ ਮਿੰਟ ਗੱਲ ਸੁਣ ਲਵੋ। ਹਾਂ ਜੀ, ਨਵੀਂ ਗੱਲ ਹੀ ਹੈ, ਪੁਰਾਣੀ ਨਹੀਂ ਹੈ। ਸਰ, ਬੇਨਤੀ ਹੈ ਕਿ ਚੀਫ ਮਨਿਸਟਰ ਸਾਹਿਬ ਵੱਲੋਂ ਕੋਈ ਕਿਸੇ ਕਿਸਮ ਦਾ ਇਸ ਗੱਲ ਬਾਰੇ ਜਿਹੜਾ ਅਸੀਂ ਸੋਚ ਰਹੇ ਸੀ ਕਿ he will have a larger heart and he will be extremely sorry ਕਿ ਕਿਸੇ ਦੇ ਮੈਂ sentiments hurt ਕੀਤੇ ਹਨ। ਪਰ ਉਹ ਨਹੀਂ ਆਏ। So the Congress Legislative Party has unanimously taken a decision ਕਿ ਜਿਨ੍ਹਾਂ ਚਿਰ ਚੀਫ ਮਨਿਸਟਰ ਇੱਥੇ ਰਹਿਣਗੇ, ਅਸੀਂ boycott ਕਰਾਂਗੇ, Otherwise ਜਿਵੇਂ ਹੁਣ ਚੀਫ ਮਨਿਸਟਰ ਸਾਹਿਬ ਇੱਥੇ ਬੈਠੇ ਨਹੀਂ ਹਨ, ਅਸੀਂ ਬਕਾਇਦਾ ਤੌਰ ਤੇ ਸਾਰੇ ਹਾਊਸ ਦੀ ਸਾਰੀ deliberation ਵਿੱਚ participate ਕਰਾਂਗੇ। ਹੁਣ ਅਸੀਂ participation ਕਰਨ ਵਾਸਤੇ ਬੈਠ ਗਏ ਹਾਂ। ਜਦੋਂ ਇਨ੍ਹਾਂ ਦੇ ਦਰਸ਼ਨ ਹੋਣਗੇ, ਅਸੀਂ ਉੱਠ ਕੇ ਬਾਹਰ ਚਲੇ ਜਾਵਾਂਗੇ।

**ਕੁੰਵਰ ਵਿਜੇ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਮਾਨਯੋਗ ਸਪੀਕਰ ਸਾਹਿਬ, ਮੈਨੂੰ ਜ਼ੀਰੋ ਆਵਰ ਦੇ ਵਿੱਚ ਜੋ ਗੱਲ ਕਰਨੀ ਸੀ, ਮੈਂ ਸਿਰਫ ਇੱਕ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਜਿਹੜਾ ਮੇਰਾ ਸਵਾਲ ਸੀ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਕਿ ਕੀ ਮੇਰਾ ਪ੍ਰਸ਼ਨ ਮੁਲਤਵੀ ਹੋ ਗਿਆ ਹੈ ਜਾਂ ਮੇਰਾ ਪ੍ਰਸ਼ਨ ਨੈਕਸਟ ਡੇਅ ਆਏਗਾ? ਨਹੀਂ ਤਾਂ ਚਲੋਂ ਮੈਂ ਜ਼ੀਰੋ ਆਵਰ ਦੇ ਵਿੱਚ ਹੀ ਆਪਣੀ ਗੱਲ ਕਰ ਲੈਂਦਾ ਹਾਂ।

**ਮਾਨਯੋਗ ਸਪੀਕਰ:** ਤੁਹਾਨੂੰ ਉਸ ਦਾ ਜਵਾਬ ਚਲਾ ਜਾਏਗਾ।

**Higher Education Minister (S. Harjot Singh Bains):** Sir, I want to answer.

**ਮਾਨਯੋਗ ਸਪੀਕਰ:** ਹੁਣ ਜ਼ੀਰੋ ਆਵਰ ਵਿੱਚ ਜਵਾਬ ਨਹੀਂ ਦੇ ਹੋਣਾ। ਕੁੰਵਰ ਜੀ, ਤੁਹਾਨੂੰ ਜਵਾਬ ਚਲਾ ਜਾਏਗਾ। Yes, please, let him complete.

**ਕੁੰਵਰ ਵਿਜੇ ਪ੍ਰਤਾਪ ਸਿੰਘ:** ਮਾਨਯੋਗ ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਗੌਰਮਿੰਟ ਕਾਲਜ ਫਾਰ ਵੂਮੈਨ, ਅੰਮ੍ਰਿਤਸਰ, ਦੀ ਮੌਜੂਦਾ ਸਥਿਤੀ ਅਤੇ ਬਿਹਤਰੀ ਦੇ ਬਾਰੇ ਸੀ। ਸਰ, ਇਹ ਕਾਲਜ 1932 ਦਾ ਹੈ ਅਤੇ ਆਜ਼ਾਦੀ ਤੋਂ ਪਹਿਲਾਂ ਦਾ ਹੈ। ਇੱਕ ਸਮਾਂ ਹੁੰਦਾ ਸੀ ਕਿ ਬਿਹਤਰੀਨ ਕਾਲਜਾਂ ਦੇ ਵਿੱਚ ਇਸ ਦਾ ਸਥਾਨ ਹੁੰਦਾ ਸੀ। ਇੱਥੇ 104 ਟੀਚਿੰਗ ਸਟਾਫ ਦੀਆਂ ਸੈਂਕਸ਼ਨ ਪੋਸਟਾਂ ਹਨ ਲੇਕਿਨ ਰੈਗੂਲਰ ਟੀਚਰ ਸਿਰਫ 19 ਹਨ, 85 ਟੀਚਰ guest faculty or part time faculty or visiting staff ਹੈ। ਸਪੀਕਰ ਸਾਹਿਬ, guest faculty guest ਹੀ ਹੁੰਦਾ ਹੈ, part time faculty part time ਹੀ ਹੁੰਦੀ ਹੈ ਅਤੇ ਜੋ visiting

staff ਹੈ, ਉਹ visiting ਹੀ ਹੁੰਦਾ ਹੈ। ਹੁਣ ਆਪਣੀ ਸਰਕਾਰ ਆਈ ਹੈ, ਮੈਂ ਸਪਸ਼ਟ ਕਹਿਣਾ ਚਾਹੁੰਦਾ ਹਾਂ ਕਿ education ਮਾਫੀਆ ਨੂੰ ਪ੍ਰਮੋਟ ਕਰਨ ਵਾਸਤੇ ਇਸ ਕਾਲਜ ਦਾ ਮਾੜਾ ਹਾਲ ਕੀਤਾ ਹੈ। ਸ਼੍ਰੀਮਤੀ ਕਿਰਨ ਬੇਦੀ ਵਰਗੇ ਜੋ ਆਈ.ਪੀ.ਐਸ ਅਫਸਰ ਰਹੇ ਹਨ, ਲੈਫਟੀਨੈਂਟ ਗਵਰਨਰ ਰਹੇ ਹਨ, ਉਹ ਇਸ ਕਾਲਜ ਦੇ ਪ੍ਰੋਡਕਟ ਰਹਿ ਚੁੱਕੇ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਾਡੀ ਸਰਕਾਰ School of eminence ਬਣਾ ਰਹੀ ਹੈ।ਇਸ ਤਰੀਕੇ ਦੇ ਨਾਲ ਇਸ ਕਾਲਜ ਨੂੰ College of eminence ਬਣਾਇਆ ਜਾਵੇ। ਇਹ ਹੋਣਾ ਚਾਹੀਦਾ ਹੈ ਕਿ ਅੰਮ੍ਰਿਤਸਰ ਦੇ ਵਿੱਚ ਵੀ ਕੁੜੀਆਂ ਦੀ ਪੜਾਈ ਵਾਸਤੇ ਇੱਕ ਵਧੀਆ ਕਾਲਜ ਹੋਵੇ। ਤਾਂ ਜੋ Saint Stephen, Delhi, Hindu college, Delhi, Miranda House, Delhi ਹੈ ਉਸ ਦੀ ਬਰਾਬਰੀ ਸਾਡਾ ਇਹ ਕਾਲਜ ਕਰ ਸਕੇ। ਦੂਸਰੀ ਗੱਲ ਇਹ ਹੈ ਕਿ HEIs ਟੀਚਰਾਂ ਦੀ category, 2006 ਦੇ ਵਿੱਚ ਰੱਖੀ ਗਈ ਸੀ। ਇਸ ਕੈਟਾਗਰੀ ਦੇ ਵਿੱਚ ਜਿਹੜੇ ਟੀਚਰ ਹਨ ਉਹ ਸਾਲ 6-7-8 ਮਹੀਨੇ ਕੰਮ ਲਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਤਨਖਾਹ 17000 ਪ੍ਰਤੀ ਮਹੀਨਾ ਹੁੰਦੀ ਹੈ। ਤੁਸੀਂ ਦੇਖੋਗੇ ਕਿ ਯੂ.ਜੀ.ਸੀ ਜਿਨ੍ਹਾਂ ਨੇ ਕਲੀਅਰ ਕੀਤੀ ਹੈ , NET pass ਜਿਨ੍ਹਾਂ ਨੇ ਕੀਤਾ ਹੋਇਆ ਹੈ ਅਤੇ ਜਿਨ੍ਹਾਂ ਨੇ Phd ਕੀਤੀ ਹੋਈ ਹੈ, ਉਨ੍ਹਾਂ ਨੂੰ ਜੇਕਰ ਅਸੀਂ17,000 ਰੁਪਿਆ ਦਿੰਦੇ ਹਾਂ ਅਤੇ ਸਿਰਫ 8 ਮਹੀਨੇ ਕੰਮ ਲੈਂਦੇ ਹਾਂ ਉਹ ਕਿਸ ਤਰ੍ਹਾਂ ਕੰਮ ਕਰਨਗੇ। ਇਸ ਕਰਕੇ....

ਤ.ਸ./ਸ਼.ਜ. /11.05 / 07.03.2023 1

ਬੇਨਤੀ ਹੈ ਕਿ ਜਿਹੜੀ ਐਚ.ਈ.ਆਈ.ਐਸ. ਕੈਟਾਗਰੀ ਬਣਾਈ ਗਈ ਸੀ, ਉਹ ਸਰਕਾਰ ਦੀ ਕਿਸੇ ਪਾਲਿਸੀ ਤਹਿਤ ਬਣਾਈ ਗਈ ਸੀ। ਸਰਕਾਰ ਉਸ ਨੂੰ ਰੈਗੂਲੇਟ/ਰੈਗੂਲਰਾਈਜ਼ ਕਰਵਾਏ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। ਹੁਣ ਤੁਸੀਂ ਬੈਠੋ। ਮੰਤਰੀ ਜੀ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹਨ।

**ਉਚੇਰੀ ਸਿੱਖਿਆ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਧੰਨਵਾਦ। ਮਾਨਯੋਗ ਐਮ.ਐਲ.ਏ. ਸਾਹਿਬ ਵੱਲੋਂ ਬਿਲਕੁਲ ਸਹੀ ਇਸ਼ੂ ਰੇਜ਼ ਕੀਤਾ ਗਿਆ ਹੈ। ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸਬੰਧਿਤ ਕਾਲਜ ਵਿੱਚ 104 ਵਿੱਚੋਂ 85 ਆਸਾਮੀਆਂ ਖਾਲੀ ਹਨ। ਇਹ ਬਿਲਕੁਲ ਦਰੁਸਤ ਹੈ ਕਿ 19 ਰੈਗੂਲਰ ਹਨ। ਮੈਨੂੰ Higher Education ਮਹਿਕਮਾ ਦੋ ਮਹੀਨੇ ਪਹਿਲਾਂ ਹੀ ਮਿਲਿਆ ਹੈ। ਮੈਂ ਇੰਟਰ ਸਕੂਲ ਐਜੂਕੇਸ਼ਨ ਵਿੱਚ ਬਹੁਤ ਜ਼ਿਆਦਾ ਕੰਮ ਕੀਤਾ ਹੈ। ਜਿੰਨਾ ਵੀ ਮੈਂ Higher Education ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਮੈਂ ਸਮਝਿਆ ਹੈ ਕਿ ਪੰਜਾਬ ਦੀ ਉਚੇਰੀ ਸਿੱਖਿਆ ਦਾ ਬੇੜਾ ਗਰਕ ਕੀਤਾ ਗਿਆ ਹੈ। ਪਿਛਲੇ 20 ਸਾਲਾਂ ਤੋਂ ਸਾਡੇ ਕਾਲਜ ਖਾਲੀ ਪਏ ਹਨ। ਸਾਡੇ ਪ੍ਰੋਫੈਸਰਜ਼ ਨਹੀਂ ਹਨ। ਮੈਂਬਰ ਸਾਹਿਬ ਬਿਲਕੁਲ ਸਹੀ ਕਹਿ ਰਹੇ ਹਨ ਕਿ ਜਿਹੜੇ ਗੈਸਟ ਫੈਕਲਟੀ ਹਨ, ਉਨ੍ਹਾਂ ਨੂੰ ਬਹੁਤ ਥੋੜ੍ਹੀ ਤਨਖਾਹ ਦਿੱਤੀ ਜਾ ਰਹੀ ਹੈ। ਹੋਰ ਦੁੱਖਦਾਈ ਹੈ ਕਿ 1158 ਦੀ ਜਿਹੜੀ ਨਵੀਂ ਭਰਤੀ ਹੋਈ ਸੀ, ਉਸ ਵਿੱਚ ਵੀ ਇੰਨੀਆਂ ਕਮੀਆਂ ਛੱਡੀਆਂ

ਗਈਆਂ ਕਿ ਉਹ ਭਰਤੀ ਅੱਜ ਹਾਈ ਕੋਰਟ ਵਿੱਚ stuck ਹੈ। ਜੇਕਰ ਉਹ ਬੱਚੇ ਅੱਜ ਸਾਡੇ ਕੋਲ ਆ ਜਾਂਦੇ ਤਾਂ ਪੰਜਾਬ ਦੇ ਕਾਲਜ ਬਿਹਤਰ ਹੁੰਦੇ। ਸਾਨੂੰ ਇਸ ਭਰਤੀ ਸਬੰਧੀ ਹਾਈ ਕੋਰਟ ਵਿੱਚ ਕੇਸ ਲੜਨਾ ਪੈ ਰਿਹਾ ਹੈ। ਸਾਡੀ ਕੈਬਨਿਟ ਨੇ ਲਾਸਟ ਮੀਟਿੰਗ ਵਿੱਚ 650 ਨਵੀਆਂ ਭਰਤੀਆਂ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੈਂ ਐਮ.ਐਲ.ਏ. ਸਾਹਿਬ, ਸਾਰੇ ਹਾਊਸ ਨੂੰ ਅਤੇ ਪੰਜਾਬ ਨੂੰ ਇਨਸ਼ਿਉਰ ਕਰਵਾਉਂਦਾ ਹਾਂ। ਇਹ ਸਾਰੇ ਕਾਲਜ ਲੈਜੇਂਡ ਕਾਲਜ ਸਨ। ਕੋਈ 1930 ਵਿੱਚ ਅਤੇ ਕੋਈ 1960 ਵਿੱਚ ਆਰੰਭ ਹੋਇਆ ਸੀ ਪਰ ਉਸ ਤੋਂ ਬਾਅਦ ਉਥੇ ਇੱਕ ਇੱਟ ਵੀ ਨਹੀਂ ਲੱਗੀ। ਸਾਡੇ ਸਕੂਲਾਂ ਵਿੱਚ ਤਾਂ ਇੰਟਰਐਕਟਿਵ ਪੈਨਲ ਪ੍ਰਾਜੈਕਟਰ ਆ ਗਏ ਪਰੰਤੂ ਕਾਲਜ ਅੱਜ ਵੀ ਉਸ ਤਰ੍ਹਾਂ ਹੀ ਪਏ ਹਨ, ਖਾਲੀ ਹੋ ਗਏ ਹਨ। Its a very serious issue, sir. I assure you, within one year ਅਸੀਂ ਆਪਣੀ higher education ਤੇ ਬਹੁਤ ਜ਼ਿਆਦਾ ਕੰਮ ਕਰਾਂਗੇ। ਅੱਜ ਬਹੁਤ ਮਾੜੇ ਹਾਲਾਤ ਹਨ। We are short of Professors and we are fighting it legally also and we will fulfil it. ਸਰ, ਇਸ ਕਾਲਜ ਨੂੰ ਸਾਡੀ ਸਰਕਾਰ ਦੌਰਾਨ 3 ਕਰੋੜ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। (ਥੰਪਿੰਗ) ਮੈਂ 3 ਕਰੋੜ ਰੁਪਏ ਦਾ ਫੰਡ ਭੇਜਿਆ ਹੈ। ਐਮ.ਐਲ.ਏ. ਸਾਹਿਬ, I assure you, anything that is to be done, my office is always open. ਜ਼ਰੂਰ ਆਉ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਮਾਨਯੋਗ ਸਪੀਕਰ ਸਾਹਿਬ.......

**ਮਾਨਯੋਗ ਸਪੀਕਰ** : ਨਹੀਂ ਜੀ। ਹੋ ਗਿਆ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ):** ਸਪੀਕਰ ਸਾਹਿਬ, ਧੰਨਵਾਦ। ਪੰਜਾਬ ਦਾ ਹਰ ਬਾਸ਼ਿੰਦਾ ਅਮਨ ਅਤੇ ਸ਼ਾਂਤੀ ਚਾਹੁੰਦਾ ਹੈ। ਮੇਰਾ ਹਲਕਾ ਦੀਨਾਨਗਰ ਬਹੁਤ ਹੀ ਸ਼ਾਂਤੀ ਵਾਲਾ ਇਲਾਕਾ ਹੈ, ਜਿੱਥੇ ਕਦੇ ਵੀ ਕੋਈ ਝਗੜਾ ਵਗੈਰਾ ਨਹੀਂ ਹੋਇਆ। ਪਿਛਲੀ ਸਰਕਾਰ ਨੇ ਟਰੱਕ ਯੂਨੀਅਨਜ਼ ਭੰਗ ਕਰ ਦਿੱਤੀਆਂ ਸਨ। ਸਾਡੀ ਸਰਕਾਰ ਵੇਲੇ ਕੋਈ ਟਰੱਕ ਯੂਨੀਅਨ ਨਹੀਂ ਸੀ। ਪਰ ਜਦੋਂ ਦੀ ਨਵੀਂ ਸਰਕਾਰ ਬਣੀ ਹੈ, ਉਦੋਂ ਤੋਂ extra freight charges ਲਏ ਜਾਂਦੇ ਹਨ। ਉਥੇ ਸ਼ੂਗਰ ਮਿੱਲ ਵੀ ਹੈ ਅਤੇ ਟਰੱਕਾਂ ਦੀ ਲੋੜ ਵੀ ਹੁੰਦੀ ਹੈ। Under the patronage of so called ਤੁਹਾਡੇ ਬਣਾਏ ਹੋਏ ਹਲਕਾ ਇੰਚਾਰਜ, ਜੋ ਕਿ ਸਾਡੇ ਮੰਤਰੀ ਜੀ ਦੇ ਵੀ ਪਰਮ ਮਿੱਤਰ ਹਨ, ਉਥੇ ਲੋਕਾਂ ਨੂੰ ਲੁੱਟਿਆ ਜਾਂਦਾ ਹੈ ਅਤੇ ਮਨਮਾਨੀਆਂ ਪਰਚੀਆਂ ਕੱਟੀਆਂ ਜਾਂਦੀਆਂ ਹਨ।

**ਇੱਕ ਆਵਾਜ਼** : ਤੁਸੀਂ ਬਣਾਈਆਂ ਹਨ।

**ਸ਼੍ਰੀਮਤੀ ਅਰੁਨਾ ਚੌਧਰੀ** : ਅਸੀਂ ਨਹੀਂ ਬਣਾਈਆਂ, ਅਸੀਂ ਤਾਂ ਭੰਗ ਕੀਤੀਆਂ ਹਨ। (ਕੁਝ ਕਾਗਜ਼ ਲਹਿਰਾਉਂਦੇ ਹੋਏ) ਇਹ ਕੁਝ 300 ਜਾਂ 350 ਰੁਪਏ ਦੀਆਂ ਪਰਚੀਆਂ ਹਨ। ਜੇਕਰ ਤਾਂ ਇਹ ਲੀਗਲ ਹਨ ਤਾਂ ਇਸ ਤੇ ਸਰਕਾਰ ਆਪਣਾ ਰੁੱਖ ਸਪਸ਼ਟ ਕਰੇ। ਜੇਕਰ ਤਾਂ ਸਰਕਾਰ ਨੂੰ ਕੁਝ ਹਿੱਸਾ/ਰੈਵੇਨਿਊ ਆ ਰਿਹਾ ਹੈ ਤਾਂ ਚੰਗੀ ਗੱਲ ਹੈ, ਜੇਕਰ ਨਹੀਂ ਜਾਂਦਾ ਤਾਂ ਇਸ ਤੇ ਜ਼ਰੂਰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਤੁਸੀਂ ਇੰਟਰਵੀਨ ਕਰੋ। ਉਥੇ ਦੂਜੀ ਗੱਲ ਇਹ ਹੋਈ ਹੈ ਕਿ ਜਿਹੜਾ ਪ੍ਰਧਾਨ ਬਣਾਇਆ ਗਿਆ ਹੈ, ਉਸ ਤੇ ਐਨ.ਡੀ.ਪੀ.ਐਸ. ਐਕਟ ਅਧੀਨ ਡਰੱਗ ਦਾ ਕੇਸ ਹੈ। ਉਸ ਵਿਰੁੱਧ ਬਹਿਰਾਮਪੁਰ ਸਟੇਸ਼ਨ ਵਿੱਚ 47 ਨੰਬਰ ਐਫ.ਆਈ.ਆਰ. ਦਰਜ ਹੈ। ਉਹ ਡਰੱਗ ਵੇਚਦਾ ਹੈ। ਜਿਹੜਾ ਪਹਿਲਾਂ ਪ੍ਰਧਾਨ ਸੀ, ਉਸ ਨਾਲ ਇਨ੍ਹਾਂ ਦੀ ਆਪਸ ਵਿੱਚ ਲੜਾਈ ਹੋਈ ਅਤੇ ਇੱਕ ਦੂਜੇ ਦੀਆਂ ਬਾਹਵਾਂ ਤੋੜੀਆਂ। ਇਹ ਮਸਲਾ ਵੀ ਬਹੁਤ ਗੰਭੀਰ ਬਣਿਆ ਹੋਇਆ ਹੈ। ਸੋ, ਮੈਂ ਚਾਹੁੰਦੀ ਹਾਂ ਕਿ ਦੀਨਾਨਗਰ ਵਿੱਚ ਬਣਿਆ ਇਸ ਤਰ੍ਹਾਂ ਦਾ ਲੁੱਟ-ਖਸੁੱਟ ਦਾ ਮਰਕਜ਼ ਦੂਰ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ** : ਧੰਨਵਾਦ, ਬੀਬਾ ਜੀ। ਤੁਹਾਡੀ ਗੱਲ ਆ ਗਈ ਹੈ। (ਸ਼ੋਰ) ਤੁਸੀਂ ਤਾਂ ਐਫ.ਆਈ.ਆਰ. ਵੀ ਕਰਵਾ ਦਿੱਤੀ ਹੈ।

**ਸ਼੍ਰੀਮਤੀ ਅਰੁਨਾ ਚੌਧਰੀ** : ਮੈਂ ਇਹ ਕਾਗਜ਼, ਪਰਚੀਆਂ, ਫੋਟੋਆਂ, ਐਫ.ਆਈ.ਆਰ. ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਣਾ ਚਾਹੁੰਦੀ ਹਾਂ।**

**ਮਾਨਯੋਗ ਸਪੀਕਰ** : ਹੁਣ ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਧੰਨਵਾਦ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਲੰਧਰ ਦੇ ਮੁਹੱਲਾ ਲਤੀਫਪੁਰਾ ਵਿਖੇ ਲਗਭਗ 70-75 ਪਰਿਵਾਰ, ਜੋ ਕਿ ਆਜ਼ਾਦੀ ਸਮੇਂ ਪਾਕਿਸਤਾਨ ਤੋਂ ਉਜੜ ਕੇ ਇੱਥੇ ਆ ਕੇ ਵਸੇ ਹਨ, ਉਹ 1947 ਤੋਂ ਲਗਾਤਾਰ ਇੱਥੇ ਰਹਿ ਰਹੇ ਸਨ

ਸ.ਸ.-ਅ.ਗ./11:10/7.3.2023

ਜਿਹੜੇ ਲਗਾਤਾਰ ਉੱਥੇ 1947 ਤੋਂ ਰਹਿ ਰਹੇ ਸੀ, ਜਿਨ੍ਹਾਂ ਦੇ ਕੱਚੇ ਮਕਾਨ ਪੱਕੇ ਬਣਾਏ ਔਰ ਉਨ੍ਹਾਂ ਦੇ ਪਰਿਵਾਰਾਂ ਵਿੱਚ ਛੋਟੇ-ਛੋਟੇ ਬੱਚੇ ਰਹਿੰਦੇ ਸੀ। ਉਨ੍ਹਾਂ ਨੂੰ ਉੱਥੋਂ ਉਜਾੜਿਆ ਗਿਆ, ਉਨ੍ਹਾਂ ਤੇ ਅਣ-ਮਨੁੱਖੀ ਤਸ਼ੱਦਦ ਕੀਤਾ ਗਿਆ। ਮੇਰੀ ਆਪ ਜੀ ਦੇ ਮਾਧਿਅਮ ਰਾਹੀਂ ਅਪੀਲ ਹੈ ਕਿ ਉਨ੍ਹਾਂ ਦਾ ਉੱਥੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ।

---

** Not allowed by the Hon'ble Speaker

**ਸ਼੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ):** ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਬਹੁਤ ਹੀ ਸੀਨੀਅਰ ਬਾਜਵਾ ਸਾਹਿਬ ਸਾਡੇ ਤੋਂ ਵੱਡੇ ਵੀ ਹਨ। ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ 92 ਮੈਂਬਰਾਂ ਦਾ ਮੁੱਖ ਮੰਤਰੀ ਇਨ੍ਹਾਂ ਦੀ ਇਜਾਜ਼ਤ ਲੈ ਕੇ ਕਿਸੇ ਨੇ ਸਦਨ ਅੰਦਰ ਨਹੀਂ ਆਉਣਾ, ਇਨ੍ਹਾਂ ਦੀ ਇਜਾਜ਼ਤ ਤੋਂ ਬਾਹਰ ਨਹੀਂ ਜਾਣਾ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਜਨਤਾ ਨੇ ਉਨ੍ਹਾਂ ਨੂੰ 10 ਸਾਲ ਲਈ ਮੁੱਖ ਮੰਤਰੀ ਬਣਾਉਣਾ ਹੈ। ਤੁਸੀਂ (ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) 10 ਸਾਲ ਬਾਹਰ ਬੈਠਣ ਦੀ ਤਿਆਰੀ ਰੱਖੋ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਦੀ ਕੋਈ ਗੱਲ ਹੈ ਤਾਂ ਤੁਸੀਂ ਦੱਸੋ।

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ (ਖੰਨਾ):** ਮਾਨਯੋਗ ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਪੰਜਾਬ ਦਾ ਇੱਕ ਬਹੁਤ ਅਹਿਮ ਮੁੱਦਾ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਜੋ ਕਿ ਐਨ.ਆਰ.ਆਈ. ਵੀਰਾਂ ਨਾਲ ਬੜੇ ਦਿਲ ਤੋਂ ਜੁੜਿਆ ਹੋਇਆ ਮਾਮਲਾ ਹੈ। ਮੋਹਾਲੀ ਇੰਟਰਨੈਸ਼ਨਲ ਏਅਰਪੋਰਟ ਦਾ ਨਾਮ ਅਸੀਂ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਵਜੋਂ ਜਾਣਦੇ ਹਾਂ। ਸਰ, ਇੱਕ ਬੜੀ ਦੇਖਣਯੋਗ ਚੀਜ਼ ਹੈ ਕਿ ਹਰ ਏਅਰਪੋਰਟ ਤੇ ਜਦੋਂ ਵੀ ਫਲਾਈਟਜ਼ ਆਉਂਦੀਆਂ ਹਨ ਤਾਂ ਉੱਥੇ ਏਅਰਪੋਰਟ ਦਾ ਪਰਾਪਰ ਨਾਮ ਲਿਆ ਜਾਂਦਾ ਹੈ ਪਰ ਮੈਂ ਅਕਸਰ ਦੇਖਦਾ ਹਾਂ ਕਿ ਜਦੋਂ ਮੋਹਾਲੀ ਇੰਟਰਨੈਸ਼ਨਲ ਏਅਰਪੋਰਟ ਤੇ ਫਲਾਈਟ ਆਉਂਦੀ ਹੈ ਤਾਂ ਫਲਾਈਟ ਵਿੱਚ ਕਦੇ ਵੀ ਅਨਾਊਂਸ ਨਹੀਂ ਕੀਤਾ ਜਾਂਦਾ ਕਿ ਅਸੀਂ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਤੇ ਪਹੁੰਚਣ ਵਾਲੇ ਹਾਂ। ਇੱਕ ਤਾਂ ਇਸ ਚੀਜ਼ ਨੂੰ ਨੋਟਿਸ ਵਿੱਚ ਲਿਆ ਜਾਵੇ।

ਇਸ ਤੋਂ ਇਲਾਵਾ ਮੋਹਾਲੀ ਇੰਟਰਨੈਸ਼ਨਲ ਏਅਰਪੋਰਟ ਕਹਿਣ ਨੂੰ ਇੰਟਰਨੈਸ਼ਨਲ ਏਅਰਪੋਰਟ ਜ਼ਰੂਰ ਹੈ ਪਰੰਤੂ ਉੱਥੋਂ ਵੱਡੀਆਂ ਕੰਟਰੀਜ਼ ਲਈ ਕੋਈ ਵੀ ਫਲਾਈਟ ਨਹੀਂ ਚੱਲਦੀ ਜਿਸ ਕਰਕੇ ਐਨ.ਆਰ.ਆਈ. ਵੀਰਾਂ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡਾ ਸਾਰਾ ਪੰਜਾਬ ਦਾ ਮੇਨ ਰੈਵੇਨਿਊ ਹਰਿਆਣਾ ਵਿੱਚ ਜਾ ਰਿਹਾ ਹੈ, due to International Airport at Delhi. ਇਸ ਕਰਕੇ ਆਪ ਜੀ ਦੇ ਅੱਗੇ ਬੇਨਤੀ ਹੈ ਕਿ ਮੋਹਾਲੀ ਦੇ ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ ਨੂੰ ਬਿਲਕੁਲ ਸੁਚਾਰੂ ਰੂਪ ਵਿੱਚ ਸਾਰੀਆਂ ਕੰਟਰੀਜ਼ ਲਈ ਚਲਾਇਆ ਜਾਵੇ। ਧੰਨਵਾਦ ਜੀ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਧੰਨਵਾਦ, ਸਪੀਕਰ ਸਾਹਿਬ, ਹੁਣੇ ਡਾਕਟਰ ਬਲਬੀਰ ਜੀ ਨੇ ਬੜੀ ਵਧੀਆ ਗੱਲ ਕੀਤੀ ਹੈ, ਉਨ੍ਹਾਂ ਨੇ ਕਿਹਾ ਕਿ ਆਪਾਂ ਇੱਥੇ ਹਾਊਸ ਵਿੱਚ ਅਜਿਹੇ ਫੈਸਲੇ ਲਈਏ which should affect the future generations. ਮੰਤਰੀ ਸਾਹਿਬ, ਹਰਜੋਤ ਜੀ ਬੈਠੇ ਹਨ। ਜਿਹੜਾ ਤੁਸੀਂ school of eminence ਦੀ ਸ਼ੁਰੂਆਤ ਕੀਤੀ ਹੈ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਨੋਟਿਸ ਵਿੱਚ

ਲਿਆਉਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਹੁਣੇ ਕੁਝ ਦਿਨ ਪਹਿਲਾਂ ਅਬੋਹਰ ਆਏ ਸੀ। ਸਾਡੇ ਜ਼ਿਲ੍ਹੇ ਵਿੱਚ ਚਾਰ school of eminence ਅਨਾਊਂਸ ਕਰਕੇ ਗਏ ਸੀ। ਦੋ ਸਕੂਲ ਜਲਾਲਾਬਾਦ, ਇੱਕ ਫਾਜ਼ਿਲਕਾ ਅਤੇ ਇੱਕ ਬੱਲੂਆਣਾ ਵਿਖੇ ਬਣਾਏ ਜਾਣਗੇ। ਸਾਡੇ ਅਬੋਹਰ ਵਿੱਚ ਸੀਨੀਅਰ ਸੈਕੰਡਰੀ ਸਕੂਲ 100 ਸਾਲ ਤੋਂ ਪੁਰਾਣਾ ਸਕੂਲ ਹੈ। ਉਮੀਦ ਕਰਦਾ ਹਾਂ ਕਿ ਸਾਡੇ ਨਾਲ ਵਿਤਕਰਾ ਨਹੀਂ ਹੋਵੇਗਾ। ਧੰਨਵਾਦ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਕੱਲ੍ਹ ਵੀ ਅਸੀਂ ਆਪਣੇ ਵੱਲੋਂ ਇਹ ਗੱਲ ਰੱਖੀ ਸੀ ਕਿ ਪੰਜਾਬ ਵਿੱਚ ਮਗਰਲੇ ਇੱਕ ਸਾਲ ਤੋਂ ਪਿੰਡਾਂ ਦੀਆਂ ਪੰਚਾਇਤਾਂ, ਨਗਰ ਕੌਂਸਲਾਂ ਜਾਂ ਕਮੇਟੀਆਂ ਵਿੱਚ ਕੋਈ ਡਿਵੈਲਪਮੈਂਟ ਦਾ ਕੰਮ ਨਹੀਂ ਚੱਲਿਆ। ਸਾਰੇ ਸਰਪੰਚ, ਸਾਰੇ ਮਿਉਂਸਿਪਲ ਕਮੇਟੀ ਦੇ ਪ੍ਰਧਾਨ ਸਾਹਿਬਾਨ ਚਾਹੇ ਬਲਾਕ ਸੰਮਤੀ ਦੇ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਹਨ, ਉਹ ਸਾਰੇ ਪ੍ਰੇਸ਼ਾਨ ਹਨ। ਪੈਸਾ ਬਿਲਕੁਲ ਪਿਆ ਹੈ, ਮੈਂ ਉਦਾਹਰਨ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿ 6 ਕਰੋੜ ਰੁਪਏ ਦੇ ਲਗਭਗ ਵਿੱਤ ਕਮਿਸ਼ਨ ਦੀ ਗਰਾਂਟ ਆਉਂਦੀ ਹੈ, ਸਰਪੰਚਾਂ ਕੋਲ ਤਾਂ ਆ ਹੀ ਜਾਂਦੀ ਹੈ। ਪਿਛਲੀ ਸਰਕਾਰ ਵੇਲੇ ਕਿਹਾ ਗਿਆ ਸੀ ਕਿ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਜਾਂ ਬਲਾਕ ਸੰਮਤੀ ਦੇ ਚੇਅਰਮੈਨ ਕੋਲ ਇਸ ਤਰ੍ਹਾਂ ਦੀਆਂ ਗਰਾਂਟਸ ਅਲੱਗ ਪਰਸੈਂਟੇਜ ਦੇ ਹਿਸਾਬ ਨਾਲ ਮਿਲਣਗੀਆਂ, ਤੁਹਾਨੂੰ ਇਸ ਗੱਲ ਦਾ ਪਤਾ ਹੈ। 6 ਕਰੋੜ ਰੁਪਏ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਗਰਾਂਟ ਹੈ ਅਤੇ 4 ਕਰੋੜ ਰੁਪਏ ਦੇ ਲਗਭੱਗ ਬਲਾਕ ਸੰਮਤੀ ਦੀ ਗਰਾਂਟ ਹੈ। ਇਹ ਪੂਰੇ ਪੰਜਾਬ ਵਿੱਚ ਪਈਆਂ ਹਨ ਲੇਕਿਨ ਪੈਸਾ ਲਗਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉਹ ਚੁਣੇ ਹੋਏ ਨੁਮਾਇੰਦੇ ਹਨ, ਉਨ੍ਹਾਂ ਦਾ ਇੱਕ ਸਾਲ ਹੋਰ ਪਿਆ ਹੈ। ਜੇਕਰ ਗਰਾਂਟ ਲਗਾਉਣ ਨਹੀਂ ਦਿੰਦੇ ਤਾਂ ਮੇਰਾ ਖਿਆਲ ਹੈ ਕਿ ਪੰਜਾਬ ਦਾ ਕਾਫੀ ਹਿੱਸਾ, ਪੰਜਾਬ ਦੇ ਕਾਫੀ ਪਿੰਡ, ਕਈ ਸ਼ਹਿਰ ਅਤੇ ਕਈ ਵਾਰਡ ਡਿਵੈਲਪਮੈਂਟ ਪੱਖੋਂ ਵਾਂਝੇ ਰਹਿ ਜਾਣਗੇ। ਮੇਰੀ ਬੇਨਤੀ ਹੈ ਕਿ ਇੰਨਾ ਵਿਤਕਰਾ ਨਾ ਕੀਤਾ ਜਾਵੇ, ਇੰਨਾ ਡਿਸਕ੍ਰੀਮੀਨੇਸ਼ਨ ਨਾ ਕੀਤਾ ਜਾਵੇ। ਉਹ ਗਰਾਂਟਸ ਲਗਾਉਣ ਦੀ ਇਜਾਜ਼ਤ ਦਿੱਤੀ ਜਾਵੇ। ਧੰਨਵਾਦ ਜੀ।

**ਮ.ਰ. ਅ.ਗੌ./11.15/07.03.2023**

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ (ਮੌੜ):** ਸਪੀਕਰ ਸਾਹਿਬ, ਮੌੜ ਮੰਡੀ ਵਿੱਚ ਇੱਕ ਸੀ.ਐਚ.ਸੀ. ਹਸਪਤਾਲ ਪੈਂਦਾ ਹੈ, ਜਿਸ ਦੀ ਹਾਲਤ ਕਾਫੀ ਖਸਤਾ ਹੋ ਚੁੱਕੀ ਹੈ ਅਤੇ ਉਹ ਬਾਜ਼ਾਰ ਦੀ ਸੰਘਣੀ ਆਬਾਦੀ ਵਿੱਚ ਪੈਂਦਾ ਹੈ ਅਤੇ ਐਬੂਲੈਂਸ ਤੱਕ ਜਾਣ ਲਈ ਵੀ ਦਿੱਕਤ ਆਉਂਦੀ ਹੈ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੀ.ਐਚ.ਸੀ. ਹਸਪਤਾਲ ਨੂੰ ਅਪਗਰੇਡ ਕਰਕੇ ਬਾਹਰ ਸ਼ਿਫਟ ਕੀਤਾ ਜਾਵੇ। ਧੰਨਵਾਦ ਜੀ।

**ਸਰਦਾਰ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਮੈਂ ਸਰਕਾਰ ਦਾ ਧਿਆਨ ਏਅਰਪੋਰਟ ਆਦਮਪੁਰ ਤੋਂ ਡਰੌਲੀ ਨੂੰ ਜਾਂਦੀ ਸੜਕ ਵੱਲ ਦਿਵਾਉਣਾ ਚਾਹੁੰਦਾ ਹਾਂ। ਇਸ ਸੜਕ ਦਾ ਨਾਂ ਗੁਰੂ ਰਵੀਦਾਸ ਜੀ ਦੇ ਨਾਮ ਤੇ ਰੱਖਿਆ ਗਿਆ ਹੈ। ਏਅਰਪੋਰਟ ਆਦਮਪੁਰ ਤੋਂ ਡਰੌਲੀ ਨੂੰ ਜਾਣ ਵਾਲੀ ਸੜਕ ਦਾ ਕੰਮ ਬੜੀ ਧੀਮੀ ਰਫਤਾਰ ਨਾਲ ਚਲ ਰਿਹਾ ਹੈ। ਮੇਰਾ ਖਿਆਲ ਹੈ ਕਿ ਜੇਕਰ ਇਹ ਸੜਕ ਜਲਦੀ ਤੋਂ ਜਲਦੀ ਮੁਕੰਮਲ ਕਰਵਾਈ ਜਾਵੇ ਤਾਂ ਏਅਰਪੋਰਟ ਵੀ ਉਂਨੀ ਜਲਦੀ ਹੀ ਸ਼ੁਰੂ ਹੋਵੇਗਾ ਅਤੇ ਲੋਕਾਂ ਨੂੰ ਇਸ ਦੀ ਸਹੂਲਤ ਮਿਲੇਗੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਡਰੌਲੀ ਨੂੰ ਜਾਣ ਵਾਲੀ ਸੜਕ ਦਾ ਕੰਮ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ ਕਿਉਂਕਿ ਇਹ ਸੜਕ ਆਦਮਪੁਰ ਏਅਰਪੋਰਟ ਤੋਂ ਡਰੌਲੀ ਗੜ੍ਹਸ਼ੰਕਰ ਤੋਂ ਆ ਕੇ ਚੰਡੀਗੜ੍ਹ ਮਿਲਦੀ ਹੈ। ਇਸ ਕਰਕੇ ਲੋਕਾਂ ਨੂੰ ਵਾਇਆ ਜਲੰਧਰ ਜਾਣਾ ਪੈਂਦਾ ਹੈ। ਸੋ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਸੜਕ ਦਾ ਕੰਮ ਤੁਰੰਤ ਮੁਕੰਮਲ ਕਰਵਾਇਆ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ selection process for principals and teachers ਨੂੰ ਸਿੰਗਾਪੁਰ ਭੇਜਣ ਲਈ ਇੱਕ ਇਸ਼ੂ ਫਲੈਗ ਕੀਤਾ ਸੀ ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਜਵਾਬ ਦਿੱਤਾ ਗਿਆ ਕਿ ਤੁਸੀਂ ਤਾਂ ਸਿਲੈਕਟਿਡ ਹੋ, ਤੁਹਾਨੂੰ ਸਾਡਾ ਜਵਾਬ ਦੇਣਾ ਬਣਦਾ ਨਹੀਂ ਹੈ। ਸਰਕਾਰ ਨੇ ਬਕਾਇਦਾ ਚਿੱਠੀ ਲਿਖ ਕੇ ਭੇਜ ਦਿੱਤਾ ਸੀ। ਮੇਰੇ ਹੱਥ ਵਿੱਚ ਇਹ ਡਾਕੂਮੈਂਟਸ ਹਨ। (ਇਸ ਸਮੇਂ ਸਦਨ ਵਿੱਚ ਹੱਥ ਵਿੱਚ ਫੜੇ ਡਾਕੂਮੈਂਟਸ ਦਿਖਾਉਂਦੇ ਹੋਏ।) ਮੈਂ ਤਾਂ ਇਲੈਕਟਿਡ ਹਾਂ ਔਰ ਇਲੈਕਟਿਡ ਨੂੰ ਅਧਿਕਾਰ ਹੈ ਕਿ ਉਹ ਆਪਣੀ ਗੱਲ ਵਿਧਾਨ ਸਭਾ ਵਿੱਚ ਰੱਖ ਸਕਦਾ ਹੈ। ਸਪੀਕਰ ਸਾਹਿਬ, ਪਹਿਲਾ ਨੋਟਿਸ ਡਾਇਰੈਕਟਰ, ਐਸ.ਸੀ.,ਆਰ.ਟੀ. ਨੇ ਕੱਢਿਆ ਸੀ ਅਤੇ ਸ਼ਰਤਾਂ ਵਿੱਚ ਲਿਖਿਆ ਸੀ ਕਿ ਪੰਜ ਸਾਲ ਦੀ ਸਰਵਿਸ ਹੋਣੀ ਚਾਹੀਦੀ ਹੈ ਅਤੇ ਪੰਜ ਸਾਲ ਉਸ ਦੀ ਰਿਟਾਇਰਮੈਂਟ ਵਿੱਚ ਹੋਣੇ ਚਾਹੀਦੇ ਹਨ and only those people can apply. Suddenly there was a public notice again on 10th January 2023 ਜਿਸ ਵਿੱਚ ਉਨ੍ਹਾਂ ਨੇ ਪੰਜ ਸਾਲ ਦੀ ਸਰਵਿਸ ਰਿਲੈਕਸ ਕਰਕੇ ਦੋ ਸਾਲ ਕਰ ਦਿੱਤੀ। ਉਸ ਤੋਂ ਇਹ ਨਜ਼ਰ ਆਇਆ ਕਿ ਇਸ ਵਿੱਚ ਕੁਝ ਨਾ ਕੁਝ favouritism, nepotism ਕਿਉਂਕਿ ਇਕਦਮ ਸ਼ਰਤ ਬਦਲ ਦਿੱਤੀ ਗਈ।ਇਸ ਵਿੱਚ important ਗੱਲ ਇਹ ਹੈ ਕਿ the portal for applying foreign trainings with relaxed conditions will be open till 20th January, 2023. ਸਪੀਕਰ ਸਾਹਿਬ, 20 ਤਾਰੀਖ ਤੱਕ ਐਪਲੀਕੇਸ਼ਨ ਲੈਣ ਲਈ ਪੋਰਟਲ ਖੁੱਲ੍ਹਿਆ ਸੀ ਅਤੇ 21 ਤਾਰੀਖ ਨੂੰ ਮੁੱਖ ਮੰਤਰੀ ਸਾਹਿਬ, ਸਕੂਲ ਆਫ ਐਮੀਨੈਂਸ ਦਾ ਪਹਿਲਾ ਫੰਕਸ਼ਨ ਕੀਤਾ ਅਤੇ ਉਸ ਦੇ ਪਹਿਲੇ ਬੈਚ ਨਾਲ ਫੋਟੋ

ਵੀ ਖਿਚਾ ਲਈ। ਮੈਂ ਕਹਾਂਗਾ ਕਿ ਰਾਤੋ-ਰਾਤ ਸਾਰੀ ਸਿਲੈਕਸ਼ਨ ਹੋ ਗਈ। Any interviews, ਕੋਈ ਮੈਰਿਟ, ਕੋਈ ਪੁੱਛ-ਪੜਤਾਲ ਅਤੇ ਕੋਈ ਹੋਰ ਪ੍ਰਾਸੈਸ they just completed it overnight. ਸੋ, ਗਵਰਨਰ ਸਾਹਿਬ ਨੇ ਜਿਹੜਾ ਮਸਲਾ ਉਠਾਇਆ ਸੀ, ਉਸ ਨੂੰ ਮੰਤਰੀ ਸਾਹਿਬ ਕਲੈਰੀਫਾਈ ਕਰਨ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਹਾਡੀ ਗੱਲ ਆ ਗਈ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹਾਂ ਜੀ, ਅਗਰ ਮੇਰੀ ਗੱਲ ਆ ਗਈ ਹੈ ਤਾਂ ਮੰਤਰੀ ਜੀ ਕਲੈਰੀਫਾਈ ਕਰਨ।

**ਮਾਨਯੋਗ ਸਪੀਕਰ:** ਜ਼ੀਰੋ ਆਵਰ ਦੇ ਮੁੱਦੇ ਦੇ ਵਿੱਚ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਮੰਤਰੀ ਜੀ ਜਵਾਬ ਦੇਣ। ਮੰਤਰੀ ਜੀ, ਜਵਾਬ ਦੇਣਾ ਚਾਹੁੰਦੇ ਹੋ। ਹਾਂ ਜੀ, ਮੰਤਰੀ ਜੀ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋ ਰਹੀ ਹੈ ਕਿ ਪਹਿਲੀ ਵਾਰ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਗੱਲ ਇੱਥੇ ਹੋ ਰਹੀ ਹੈ। ਅੱਜ ਤੱਕ ਤਾਂ ਪੁੱਛਿਆ ਹੀ ਨਹੀਂ ਗਿਆ ਸੀ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਵੱਡੇ-ਵੱਡੇ ਲੀਡਰ ਜਿਨ੍ਹਾਂ ਕੋਲ ਜਦੋਂ ਮੌਕੇ ਸੀ, ਉਹ ਟਵੀਟ ਕਰਨ ਲੱਗ ਗਏ ਕਿ ਹੁਣ ਸਕੂਲਾਂ ਵਿੱਚ ਇਹ ਹੈ ਨਹੀਂ ਹੈ, ਉਹ ਨਹੀਂ ਹੈ। ਮੈਨੂੰ ਬੜੀ ਖੁਸ਼ੀ ਮਹਿਸੂਸ ਹੁੰਦੀ ਹੈ, ਸਾਰਿਆਂ ਦਾ ਧੰਨਵਾਦ ਜੀ। ਦੂਜੀ ਗੱਲ, ਖਹਿਰਾ ਸਾਹਿਬ ਨੂੰ ਮੇਰੇ ਵੱਲੋਂ ਅਤੇ ਮੇਰੇ ਮਹਿਕਮੇ ਵੱਲੋਂ offer ਹੈ ਅਤੇ ਅਸੀਂ ਸੀ.ਐਮ. ਸਾਹਿਬ ਤੋਂ ਪ੍ਰਵਾਨਗੀ ਲੈ ਕੇ ਇਨ੍ਹਾਂ ਲਈ ਅਰੇਂਜ ਵੀ ਕਰ ਦੇਵਾਂਗੇ ਅਤੇ ਤੀਜੇ ਬੈਚ ਵਿੱਚ ਅਸੀਂ ਇਨ੍ਹਾਂ ਨੂੰ ਭੇਜਣਾ ਚਾਹੁੰਦੇ ਹਾਂ ਕਿਉਂਕਿ ਇਹ ਨਾਲ ਜਾ ਕੇ ਦੇਖ ਆਉਣਗੇ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੇਰੇ ਵੱਲੋਂ offer ਹੈ, ਤੁਸੀਂ accept ਕਰੋ ਜਾਂ ਨਾ ਕਰੋ। ਤੀਜਾ, someone sent me......(ਵਿਘਨ) ਹੁਣ ਸੁਣ ਲਓ, ਖਹਿਰਾ ਸਾਹਿਬ, ਸੁਣ ਦਾ ਵੀ ਮਾਦਾ ਰੱਖੋ।(ਵਿਘਨ) ਹੁਣ ਸੁਣ ਦਾ ਵੀ ਮਾਦਾ ਰੱਖੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਬੈਠੇ ਬੈਠੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼ ਚੇਅਰ ਨੂੰ ਐਡਰੈੱਸ ਕਰੋ।

**ਸਿੱਖਿਆ ਮੰਤਰੀ:** Let me speak. ਮੈਂ ਤੁਹਾਨੂੰ offer ਕੀਤਾ ਚਲੇ ਜਾਣਾ। ਨਹੀਂ ਜਾਣਾ ਤਾਂ ਨਾ ਜਾਣਾ (ਵਿਘਨ) ਸੁਣ ਤਾਂ ਲਓ। ਜੇਕਰ ਅਸੀਂ ਆਮ ਘਰਾਂ ਦੇ ਬੰਦੇ ਹਾਂ ਤਾਂ ਸਾਡੀ ਗੱਲ ਨਹੀਂ ਸੁਣਨੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਸਿੱਖਿਆ ਮੰਤਰੀ:** ਸਰ, ਹੁਣ ਸੁਣ ਲੈਣ ਜੀ।

**ਮਾਨਯੋਗ ਸਪੀਕਰ:** ਮੈਂ ਕਹਿੰਦਾ ਹਾਂ ਕਿ ਜੇਕਰ ਮਾਨਯੋਗ ਮੰਤਰੀ ਜੀ ਜਵਾਬ ਦੇਣ ਤਾਂ ਉਸ ਨੂੰ ਸੁਣਨਾ ਚਾਹੀਦਾ ਹੈ।

**ਸਿੱਖਿਆ ਮੰਤਰੀ:** ਸਰ ਪਲੀਜ਼, ਹੁਣ ਇਹ ਪੰਜ ਮਿੰਟ ਨਾ ਬੋਲਣ। Let me speak. If he interrupts kindly Sir take action.

GK/HS 11.20 7-3--2023

**ਮਾਨਯੋਗ ਸਪੀਕਰ:** ਹਾਂ ਜੀ ਜਵਾਬ ਦਿਓ ਜੀ।

**ਸਿੱਖਿਆ ਮੰਤਰੀ:** ਸਰ, ਇਹ ਸਾਡੀ ਕਮਿਟਮੈਂਟ ਸੀ ਕਿ ਸਾਡੇ ਵੱਲੋਂ ਫੌਰਨ ਐਜੂਕੇਸ਼ਨ ਸੈੱਲ ਐਸਟੇਬਲਿਸ਼ ਕੀਤਾ ਗਿਆ। ਇਹ SECRT ਵਿੱਚ ਇੱਕ ਪਾਰਦਰਸ਼ੀ ਸਕੈੱਲ ਬਣਾਇਆ ਗਿਆ। ਉਸ ਵਿੱਚ ਕੋਈ ਵੀ ਓਪਨਲੀ ਅਪਲਾਈ ਕਰ ਸਕਦਾ ਹੈ। ਉਸ ਵਿੱਚ ਕੰਡੀਸ਼ਨਜ਼ ਬਣਾਈਆਂ ਗਈਆਂ ਕਿ ਤੁਹਾਡੀ ਸਰਵਿਸ ਵਿੱਚ ਪੰਜ ਸਾਲ ਪਏ ਹੋਣੇ ਚਾਹੀਦੇ ਹਨ, ਅਕੈਡਮਿਕ ਰਿਕਾਰਡ ਕਿਵੇਂ ਦਾ ਹੈ, ਸਕੂਲ ਵਿੱਚ ਬੱਚਿਆਂ ਦੇ ਦਾਖਲੇ ਕਿੰਨੇ ਹੋਏ, ਤੁਹਾਡੇ ਖਿਲਾਫ ਕੋਈ ਕਰੀਮੀਨਲ ਐਕਸ਼ਨ ਜਾਂ ACR ਵਿੱਚ ਕੋਈ negative entry ਤਾਂ ਨਹੀਂ ਹੈ। ਇਸ ਤੋਂ ਇਲਾਵਾ ਇੱਕ ਕੰਡੀਸ਼ਨ ਇਹ ਵੀ ਸੀ ਕਿ ਤੁਹਾਨੂੰ ਸਰਵਿਸ ਵਿੱਚ ਪੰਜ ਸਾਲ ਹੋ ਚੁੱਕੇ ਹੋਣੇ ਚਾਹੀਦੇ ਹਨ। ਜਦੋਂ ਅਸੀਂ ਇਸ ਨੂੰ ਓਪਨ ਕੀਤਾ ਤਾਂ ਐਪਲੀਕੇਸ਼ਨਜ਼ ਘੱਟ ਆ ਰਹੀਆਂ ਸਨ। ਸਾਨੂੰ ਉਦੋਂ ਇਹ ਲੱਗਿਆ ਕਿ ਅਸੀਂ ਆਪਣੇ young Principals ਨੂੰ ਵੀ ਭੇਜੀਏ। Why we are forcing them? ਅਸੀਂ ਫਿਰ ਉਹ ਕੰਡੀਸ਼ਨ ਪੰਜ ਸਾਲ ਤੋਂ ਦੋ ਸਾਲ ਤੇ ਘਟਾ ਦਿੱਤੀ ਪਰ ਖਹਿਰਾ ਸਾਹਿਬ ਨੇ ਜਿਹੜਾ ਟਵੀਟ ਕੀਤਾ ਹੈ ਉਸ ਦਾ ਮੈਨੂੰ ਕਿਸੇ ਨੇ ਸਕਰੀਨ ਸ਼ਾਰਟ ਭੇਜਿਆ ਹੈ, ਉਹਦੇ ਵਿੱਚ he has used ਕਿ ਜਿਹੜੇ ਪੈਂਡਿੰਗ ਸਰਵਿਸ ਹੈ ਉਹ ਪੰਜ ਸਾਲ ਤੋਂ ਦੋ ਸਾਲ ਦੀ ਕਰ ਦਿੱਤੀ। No. ਸਰ, ਜੇਕਰ ਮੈਂ ਅੱਜ ਪ੍ਰਿੰਸੀਪਲ ਸਿਲੈਕਟ ਹੁੰਦਾ ਹਾਂ ਤਾਂ ਜੇਕਰ ਮੇਰੀ ਸਰਵਿਸ ਦੋ ਸਾਲ ਹੈ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ and it is open. ਸਰ, ਦੂਜੀ ਗੱਲ ਇਹ ਹੈ ਕਿ ਅਸੀਂ ਆਪਣੇ ਸਾਰੇ ਪ੍ਰਿੰਸੀਪਲ ਭੇਜਣੇ ਹੈ। ਤੀਜੀ ਗੱਲ, ਤੁਸੀਂ ਚੈੱਕ ਕਰੋ ਕਿ ਇਨ੍ਹਾਂ ਵਿੱਚ ਮੇਰਾ ਕੋਈ ਰਿਸ਼ਤੇਦਾਰ ਹੈ? ਜਿੰਨੇ ਵੀ ਪ੍ਰਿੰਸੀਪਲ ਹਨ ਉਹ ਸਾਰੇ National awardees, State awardees ਹਨ। ਉਨ੍ਹਾਂ ਦੇ ਪਿੰਡਾਂ ਵਾਲਿਆਂ ਨੂੰ ਜਾ ਕੇ ਪੁੱਛੋ, ਉਸ ਇਲਾਕੇ ਦੇ ਬੰਦਿਆਂ ਨੂੰ ਪੁੱਛੋ। ਹਰਜੋਤ ਬੈਂਸ ਨੇ ਆਪਣਾ ਕਿਹੜਾ ਰਿਸ਼ਤੇਦਾਰ ਬਾਹਰ ਭੇਜਿਆ ਹੈ। ਚੌਥੀ ਗੱਲ, ਜਿਹੜੀ ਫੋਟੋ ਦੀ ਗੱਲ ਕਰ ਰਹੇ ਹਨ ਉਹ ਪਹਿਲੇ ਬੈਚ ਦੀ ਫੋਟੋ ਹੈ। ਉਨ੍ਹਾਂ ਦੀਆਂ ਟਿਕਟਾਂ ਵੀ ਹੋ ਚੁੱਕੀਆਂ ਸਨ। ਪਹਿਲਾ ਬੈਚ 4 ਫਰਵਰੀ ਨੂੰ ਗਿਆ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਪੋਰਟਲ ਕਦੋਂ ਓਪਨ ਹੋਇਆ ਸੀ?

**ਸਿੱਖਿਆ ਮੰਤਰੀ:** ਅਕਤੂਬਰ ਵਿੱਚ ਖੁੱਲ੍ਹਿਆ ਸੀ। This is for second batch. ਹੁਣ ਤੀਜੇ ਬੈਚ ਲਈ ਫਿਰ ਖੋਲ੍ਹਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ)

**ਸਿੱਖਿਆ ਮੰਤਰੀ:** ਜਦੋਂ ਵੀ ਬੈਚ ਆਵੇਗਾ ਤਾਂ ਉਦੋਂ ਤੀਜੇ ਬੈਚ ਲਈ ਫਿਰ ਖੋਲ੍ਹ ਲਵਾਂਗੇ। ਚੌਥੇ ਬੈਚ ਲਈ ਫਿਰ ਖੋਲ੍ਹ ਲਵਾਂਗੇ। and we are open ਅਸੀਂ ਤਾਂ ਸਭ ਨੂੰ ਭੇਜਣਾ ਹੈ। ਸਾਰੇ ਪ੍ਰਿੰਸੀਪਲਾਂ ਨੂੰ ਭੇਜਾਂਗੇ। Then where is the element of favouritism? (ਥੰਪਿੰਗ) ਖਹਿਰਾ ਸਾਹਿਬ, ਇਹ ਤਾਂ ਹੱਦ ਹੀ ਹੋ ਗਈ। ਤੁਸੀਂ ਗਲਤ ਟਵੀਟ ਲਈ ਮਾਫੀ ਮੰਗੋ and for spreading wrong information and it is his habbit. (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਤੁਸੀਂ ਪੰਜਾਬ ਨੂੰ ਗੁੰਮਰਾਹ ਕਰ ਰਹੇ ਹੋ। Speaker Sahib, I am using the mobile and it is against the rules.

**Mr. Speaker:** You can.

**Education Minister:** Speaker Sahib, shockingly how Bhagwant Mann hurriedly changed. And let us judge, who is so hurried. Changed the criteria of Principals selection for Singapore training, minimum five years service remaining, cut down to two years. Where it has been cut down? Show me any document. This is you tweet. (Interruption). Speaker Sahib, this man spreads fake information. ਇਹ ਪੰਜਾਬ ਨੂੰ ਗੁੰਮਰਾਹ ਕਰ ਰਹੇ ਹਨ। ਇਹ ਮੈਂ ਆਨ ਰਿਕਾਰਡ ਦਿਖਾ ਰਿਹਾ ਹਾਂ।

**Sardar Sukhpal Singh Khaira:** Mind your language Mr. Minister.

**Education Minister:** Speaker, Sahib, I am showing it with evidence. (Interruption) I am showing you with evidence

**Sardar Sukhpal Singh Khaira:** You take whatever action you want. Mind your language.

**Education Minister:** Speaker, Sahib: ( ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) Speaker, Sahib, it is his habbit. Speaker Sahib, he is a habitual offender. ਪੰਜਾਬ ਨੂੰ ਗੁੰਮਰਾਹ ਕਰਨਾ, ਇਹਨਾ ਦਾ ਇਕੋ ਹੀ ਕੰਮ ਹੈ। ਹਨ। Speaker Sahib, I am showing it on record. Sir, I am again repeating it: Who is hurriedly? Shockingly how Bhagwant Mann , My Hon'ble Chief Minister hurriedly changed the criteria of Principals selection for Singapore Training, minimum 5 years of service remaining cut down to two years. Where it has been cut down? (Voices from Treasury benches: Shame, Shame) ਇਹ ਤਾਂ ਹੱਦ ਹੀ ਹੋ ਗਈ ਹੈ। ਇਹ ਆਪ ਤਾਂ ਕੈਨੇਡਾ ਅਮਰੀਕਾ ਜਿੱਥੇ ਮਰਜ਼ੀ ਘੁੰਮ ਸਕਦੇ ਹਨ ਪਰ ਜੇਕਰ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਚਲੇ ਜਾਣ ਤਾਂ ਟਵੀਟ ਕਰ ਦਿੰਦੇ ਹਨ। (ਵਿਘਨ)(ਸ਼ੋਰ) ਮੈਨੂੰ ਇਸ ਗੱਲ ਦੀ ਬਹੁਤ ਤਕਲੀਫ ਹੁੰਦੀ ਹੈ ਕਿ ਝੂਠੀ ਇਨਫਰਮੇਸ਼ਨ ਕਿਉਂ ਫੈਲਾਈ ਜਾਂਦੀ ਹੈ? ਕੀ ਅਮਰੀਕਾ ਕੈਨੇਡਾ ਸਿਰਫ ਇਹੀ ਜਾ ਸਕਦੇ ਹਨ? ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਅਮਰੀਕਾ, ਕੈਨੇਡਾ ਨਹੀਂ ਜਾ ਸਕਦੇ? (ਥੰਪਿੰਗ) ਕੀ ਆਮ ਘਰਾਂ ਦੇ ਬੱਚਿਆਂ ਨੂੰ ਕੋਈ ਹੱਕ ਨਹੀਂ ਹੈ?

**ਮਾਨਯੋਗ ਸਪੀਕਰ:** ਮੰਤਰੀ ਜੀ, ਹੁਣ ਇਨ੍ਹਾਂ ਨੂੰ ਪੁੱਛ ਲਈਏ ਕਿ ਇਹ ਟਵੀਟ ਇਨ੍ਹਾਂ ਦਾ ਹੀ ਸੀ ਜਾਂ ਕਿਸੇ ਹੋਰ ਦਾ ਸੀ। ਖਹਿਰਾ ਸਾਹਿਬ, ਕੀ ਟਵੀਟ ਤੁਹਾਡਾ ਹੀ ਸੀ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਗੱਲ ਇਹ ਹੈ ਕਿ ਮੈਂ ਇੱਕ ਇਸ਼ੂ ਫਲੈਗ ਕੀਤਾ ਹੈ। ਮੈਂ ਇਹ ਪਬਲਿਕ ਨੋਟਿਸ ਡਾਇਰੈਕਟਰ SECRT ਦਾ ਜਿਸ ਵਿੱਚ ਪੋਰਟਲ ਦੀ ਤਾਰੀਖ ਲਿਖੀ ਹੋਈ ਹੈ। ਜਿਹੜੀਆਂ ਉਸ ਤੋਂ ਪਹਿਲਾਂ ਕੰਡੀਸ਼ਨਜ਼ ਸਨ Now let us presume. He (Minister) is pointing out technical errors in the tweet. ਤੁਹਾਡੇ ਮਾਰਫਤ ਮੇਰੀ ਇਨ੍ਹਾਂ ਨੂੰ ਚੁਣੌਤੀ ਹੈ ਜੇਕਰ ਇਹ ਕਹਿੰਦੇ ਹਨ ਕਿ ਇਹ ਟਵੀਟ ਗਲਤ ਹੈ ਤਾਂ ਤੁਸੀਂ ਸਾਇਬਰ ਸੈੱਲ ਵਿੱਚ ਜਾ ਕੇ ਮੇਰੇ ਖਿਲਾਫ ਕੰਪਲੇਂਟ ਕਰਕੇ ਐਫ.ਆਈ.ਆਰ ਦਰਜ ਕਰਵਾ ਦਿਓ। Can he do this here?

**ਸਿੱਖਿਆ ਮੰਤਰੀ:** ਕਰਵਾ ਦਿੰਦੇ ਹਾਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਹਾਲੇ ਤੱਕ ਆਪਣਾ ਟਵੀਟ ਨਹੀਂ ਦੇਖਿਆ।I do not know who has send it to you. May it be an edited. I will see and tell you. Will you apologize then?

**ਸਿੱਖਿਆ ਮੰਤਰੀ:** ਪਰ ਹੁਣ ਡਿਲੀਟ ਨਾ ਕਰ ਦਿਓ।

11.25 07.03.2023 RK/HS Tiwana

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੈਂ ਕਾਹਦੇ ਲਈ ਡਿਲੀਟ ਕਰਨਾ ਹੈ। ਮੈਂ ਕਦੇ ਡਿਲੀਟ ਨਹੀਂ ਕਰਦਾ, ਤੁਹਾਨੂੰ ਗਲਤ ਫਹਿਮੀ ਹੈ।

**ਸਿੱਖਿਆ ਮੰਤਰੀ :** ਮੇਰੇ ਕੋਲ screenshot ਵੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਫਿਰ screenshot ਤਾਂ ਡਿਲੀਟ ਨਹੀਂ ਹੋਵੇਗਾ।

**ਮਾਨਯੋਗ ਸਪੀਕਰ :** ਮੰਤਰੀ ਜੀ, ਹਰਜੋਤ ਬੈਂਸ ਜੀ, ਬੈਠੋ, ਬੈਠੋ। ਇਹ ਟਵੀਟ ਤੁਸੀਂ ਕਿਤੇ ਆਪਣੇ ਕੋਲੋਂ ਤਾਂ ਨਹੀਂ ਬਣਾ ਲਿਆ?

**ਸਿੱਖਿਆ ਮੰਤਰੀ :** ਸਰ, ਤੁਸੀਂ ਵੀ ਟਵਿੱਟਰ ਕਾਫੀ ਯੂਜ਼ ਕਰਦੇ ਹੋ। ਤੁਸੀਂ ਵੀ screen shot ਲੈ ਲਵੋ। (ਵਿਘਨ) ਸੁਣ ਲਵੋ। ਇੱਥੇ ਮੀਡੀਆ ਵੀ ਬੈਠਾ ਹੈ।

**Sardar Sukhpal Singh Khaira:** There has been an anomaly.

**ਸਿੱਖਿਆ ਮੰਤਰੀ** : ਹੁਣ anomaly ਹੋ ਗਈ। ਦੇਵਤਾ ਜੀ, ਸੁਣ ਲਵੋ, ਸੁਣਨ ਦਾ ਮਾਦਾ ਵੀ ਰੱਖੋ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਖਹਿਰਾ ਸਾਹਿਬ, ਮੇਰਾ ਖਿਆਲ ਹੈ ਕਿ ਆਪਾਂ ਹੁਣ ਬੈਠ ਜਾਈਏ। ਇਸ ਗੱਲ ਨੂੰ ਆਪਾਂ ਅੱਗੇ ਲੈ ਚੱਲੀਏ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਰ, ਇਹ ਮੇਰੀ ਸਾਈਬਰ ਦੇ ਵਿੱਚ ਕੰਪਲੇਂਟ ਦੇਣ ਅਤੇ ਪਰਚਾ ਦਰਜ ਕਰਵਾਉਣ। ਮੇਰੇ ਖਿਲਾਫ ਪਰਚਾ ਦਿਓਗੇ? (ਵਿਘਨ) ਸਰ, ਇਨ੍ਹਾਂ ਨੇ ਪਹਿਲਾਂ ਵੀ ਮੇਰੇ ਖਿਲਾਫ ਅਤੇ ਪ੍ਰਧਾਨ ਦੇ ਖਿਲਾਫ ਐਫ.ਆਈ.ਆਰ. ਦਿੱਤੀ।

**ਮਾਨਯੋਗ ਸਪੀਕਰ :** ਇਹ ਕਹਿ ਰਹੇ ਹਨ ਕਿ ਤੁਸੀਂ ਸਾਈਬਰ ਦੇ ਵਿੱਚ ਕੰਪਲੇਂਟ ਦਿਓਗੇ?

**ਸਿੱਖਿਆ ਮੰਤਰੀ :** ਮੈਂ ਇਹ ਵਿਧਾਨ ਸਭਾ ਦੇ ਵਿੱਚ ਮੀਡੀਆ ਦੀ ਹਾਜ਼ਰੀ ਵਿੱਚ ਇਹ ਕਹਿ ਰਿਹਾ ਹਾਂ। ਇਹ ਵਿਧਾਨ ਸਭਾ ਦੀ ਫਲੋਰ ਤੇ ਡਿਸੀਜ਼ਨ ਹੋਇਆ ਹੈ। ਸਰ, ਅਗਰ ਇਹ ਟਵੀਟ ਗਲਤ ਹੋਇਆ ਤਾਂ ਅਸੀਂ ਸਾਈਬਰ ਸੈੱਲ ਨੂੰ ਕੰਪਲੇਂਟ ਦਿਆਂਗੇ। Let the police take action. (ਵਿਘਨ)

**ਮਾਨਯੋਗ ਸਪੀਕਰ :** ਠੀਕ ਹੈ ਜੀ, ਬੈਠੋ। ਮੈਂ ਅਲਾਓ ਕੀਤਾ ਜੀ। ਮੈਂ ਅਲਾਓ ਕਰ ਦਿੱਤਾ ਹੈ। (ਵਿਘਨ) You cannot point fingers at the chair. ਚੇਅਰ ਦੇ ਫੈਸਲੇ ਉੱਤੇ ਕੋਈ ਵੀ ਮਾਨਯੋਗ ਮੈਂਬਰ ਕੁਐਸ਼ਚਨ ਨਹੀਂ ਕਰ ਸਕਦਾ। ਪਲੀਜ਼, ਹੁਣ ਤੁਸੀਂ ਬੈਠੋ। ਆਪਾਂ ਹੁਣ ਹਾਊਸ ਨੂੰ ਅੱਗੇ ਚਲਾਈਏ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਕੋਈ ਰੂਲ ਹੋਵੇਗਾ। There is no rule.

**ਮਾਨਯੋਗ ਸਪੀਕਰ :** ਇਹ ਚੇਅਰ ਹੀ ਰੂਲ ਹੈ। (ਵਿਘਨ) ਹੁਣ ਬੈਠੋ, ਸਰਦਾਰ ਸੁਖਪਾਲ ਸਿੰਘ ਖਹਿਰਾ ਜੀ। ਤੁਹਾਨੂੰ ਬੁਲਾਇਆ ਤੇ ਤੁਹਾਨੂੰ ਮੌਕਾ ਦਿੱਤਾ, ਇਹ ਮੇਰੀ ਡਿਊਟੀ ਹੈ। ਇਹ ਡਿਬੇਟ ਇਕੱਲਾ ਤੁਹਾਡੇ ਲਈ ਤਾਂ ਨਹੀਂ ਹੋਣੀ। ਹੁਣ ਆਪਾਂ ਹਾਊਸ ਨੂੰ ਅੱਗੇ ਤੋਰੀਏ। ਹਾਂ ਜੀ, ਕੁਲਵੰਤ ਸਿੰਘ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ) :** ਸਪੀਕਰ ਸਾਹਿਬ, ਸਮਾਂ ਦੇਣ ਦੇ ਲਈ ਤੁਹਾਡਾ ਧੰਨਵਾਦ। ਮਨ ਨੂੰ ਉਦੋਂ ਬਹੁਤ ਖੁਸ਼ੀ ਹੋਈ ਜਦੋਂ ਮੰਤਰੀ ਸਾਹਿਬ ਨੇ ਦੱਸਿਆ ਕਿ ਜਿਹੜੇ ਆਜ਼ਾਦੀ ਘੁਲਾਟੀਏ ਪਰਿਵਾਰ ਹਨ, ਉਨ੍ਹਾਂ ਦੇ ਘਰਾਂ ਦੀ ਦੇਖ-ਰੇਖ, ਉਨ੍ਹਾਂ ਦੀ ਸਾਂਭ-ਸੰਭਾਲ ਲਈ, ਮਾਨ ਸਰਕਾਰ ਬਹੁਤ ਵਧੀਆ ਉਪਰਾਲੇ ਕਰ ਰਹੀ ਹੈ। ਤੁਸੀਂ ਵੀ ਇੱਕ ਸਖਤ ਨਿਰਦੇਸ਼ ਜਾਰੀ ਕੀਤਾ ਹੈ, ਜਿਵੇਂ ਸਰਦਾਰ ਲਾਭ ਸਿੰਘ ਉਗੋਕੇ ਨੇ ਸਵਾਲ ਚੁੱਕਿਆ ਸੀ ਕਿ ਜਿਹੜੇ ਬੰਦੇ ਨੇ ਅਣਗਹਿਲੀ ਕੀਤੀ ਕਿ 8400 ਰੁਪਏ ਪੈਨਸ਼ਨ ਕਿਵੇਂ ਲੇਟ ਹੋਈ। ਮੈਂ ਇਸ ਦੇ ਲਈ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣੇ ਸ਼ਹਿਰ ਦੇ ਵਿੱਚ ਸ਼ਹੀਦ ਸੁਖਦੇਵ ਸਿੰਘ ..(ਵਿਘਨ)

## RULING BY THE SPEAKER

**ਮਾਨਯੋਗ ਸਪੀਕਰ :** ਇੱਕ ਮਿੰਟ ਮੇਰੀ ਗੱਲ ਸੁਣੋ ਜੀ। ਮੈਂ ਤੁਹਾਨੂੰ ਦੱਸਦਾ ਹਾਂ, ਤੁਸੀਂ ਬੈਠੋ ਇੱਕ ਮਿੰਟ। ਇਹ ਮੇਰਾ ਨਿਰਦੇਸ਼ ਨਹੀਂ ਹੈ, ਮੇਰੀ ਤਾਂ ਇਹ ਬੇਨਤੀ ਹੈ। ਜਿਹੜਾ ਇਹ ਨਿਰਦੇਸ਼ ਹੁੰਦਾ ਹੈ, ਇਹ ਹਾਊਸ ਦਾ ਨਿਰਦੇਸ਼ ਹੁੰਦਾ ਹੈ। ਇੱਕ ਮਿੰਟ, ਮੈਂ ਤੁਹਾਨੂੰ ਦੱਸਦਾ ਹਾਂ ਜਿਹੜਾ ਇਹ ਮੁਕੱਦਸ ਹਾਊਸ ਹੁੰਦਾ ਹੈ, ਭਾਵੇਂ ਇਹ ਪੁਲਿਟੀਕਲ ਪੋਸਟਾਂ ਹਨ, ਭਾਵੇਂ ਸੰਵਿਧਾਨਕ ਪੋਸਟਾਂ ਹਨ ਜਾਂ ਬਿਊਰੋਕ੍ਰੇਸੀ ਹੈ। ਇਹ ਸਾਰੇ ਹੀ ਇਸ ਮੁਕੱਦਸ ਹਾਊਸ ਨੂੰ ਜਵਾਬਦੇਹ ਹਨ। ਮੈਨੂੰ ਬਹੁਤ ਵਾਰ ਸਾਡੇ ਮਾਨਯੋਗ ਮੈਂਬਰ ਸਾਹਿਬਾਨਾਂ ਦੀਆਂ ਕਨਸਰਨਜ਼ ਆਉਂਦੀਆਂ ਹਨ, ਉਹ ਮੇਰੇ ਕੋਲ ਆ ਕੇ ਦੱਸਦੇ ਰਹਿੰਦੇ ਹਨ ਕਿ ਸਰਕਾਰ ਦੇ ਵਿੱਚ ਬੈਠੇ ਕਈ ਲੋਕ, ਕਈ ਬਿਊਰੋਕ੍ਰੇਟਸ, ਪ੍ਰੋਟੋਕਾਲ ਦੀ ਪਾਲਣਾ ਨਹੀਂ ਕਰਦੇ। ਵੈਸੇ ਤਾਂ ਇਸ ਵਾਸਤੇ ਕਮੇਟੀ ਬਣੀ ਹੋਈ ਹੈ। ਲੇਕਿਨ ਮੈਂ ਇੱਥੇ ਦੱਸ ਦਿਆਂ ਕਿ ਹਿੰਦੁਸਤਾਨ ਦੇ ਸੰਵਿਧਾਨ ਨੇ ਸਰਕਾਰ ਦੇ ਤਿੰਨ ਅੰਗ ਬਣਾਏ ਹਨ। ਸਟੇਟ ਵਿੱਚ ਇੱਕ ਜੁਡੀਸ਼ਰੀ ਹੁੰਦੀ ਹੈ, ਜਿਸ ਦਾ ਹੈੱਡ ਮਾਨਯੋਗ ਚੀਫ ਜਸਟਿਸ ਹੁੰਦੇ ਹਨ। ਐਗਜ਼ੈਕਟਿਵ, ਜਿਸ ਦਾ ਹੈੱਡ ਮਾਨਯੋਗ ਮੁੱਖ ਮੰਤਰੀ ਸਾਹਿਬ ਹੁੰਦੇ ਹਨ। ਲੈਜਿਸਲੇਚਰ, ਜਿਸ ਦੇ ਹੈੱਡ ਸਪੀਕਰ ਹੁੰਦੇ

ਹਨ। ਸੰਵਿਧਾਨ ਵੱਲੋਂ ਇਨ੍ਹਾਂ ਤਿੰਨਾਂ ਨੂੰ ਆਪਣੇ ਆਪਣੇ ਦਾਇਰੇ ਦੇ ਵਿੱਚ ਰਹਿ ਕੇ ਕੰਮ ਕਰਨ ਦੀ ਤਵੱਕੋ ਕੀਤੀ ਜਾਂਦੀ ਹੈ। ਕਈ ਵਾਰ ਇੱਕ-ਦੂਜੇ ਦੇ ਅਧਿਕਾਰ ਖੇਤਰ ਦੇ ਵਿੱਚ ਜਦੋਂ ਦਖਲਅੰਦਾਜ਼ੀ ਹੁੰਦੀ ਹੈ ਤਾਂ ਇਨ੍ਹਾਂ ਇੰਸਟੀਚਿਊਸ਼ਨਜ਼ ਦੀ sanctity ਤੇ ਸੱਟ ਵੱਜਦੀ ਹੈ। ਇਸ ਲਈ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ, ਹਾਂ, ਜਿਹੜੀ ਐਗਜ਼ੈਕਟਿਵ ਹੈ, ਸਰਕਾਰ ਹੈ, ਉਹ ਵਿਧਾਨ ਸਭਾ ਤੋਂ ਤਾਕਤਾਂ ਲੈਂਦੀ ਹੈ। ਸੋ, ਸਰਕਾਰ ਪੂਰੀ ਤਰ੍ਹਾਂ ਨਾਲ ਵਿਧਾਨ ਸਭਾ ਨੂੰ ਜਵਾਬਦੇਹ ਹੁੰਦੀ ਹੈ। ਔਰ ਜਿੱਥੇ ਕਿਤੇ ਵੀ ਪ੍ਰੋਟੋਕੋਲ ਦੇ ਵਿੱਚ ਉਲੰਘਣਾ ਹੁੰਦੀ ਹੈ ਤਾਂ ਸਾਡੇ ਮਾਨਯੋਗ ਮੈਂਬਰਾਂ ਦੀ, ਉਹ ਭਾਵੇਂ ਇੱਧਰ ਬੈਠੇ ਹੋਣ ਜਾਂ ਉੱਧਰ ਬੈਠੇ ਹੋਣ। ਇਸ ਦੇ ਲਈ ਸਖਤ ਐਕਸ਼ਨ ਲੈਣ ਲਈ ਸੰਵਿਧਾਨ ਨੇ ਇਸ ਹਾਊਸ ਨੂੰ empower ਕੀਤਾ ਹੋਇਆ ਹੈ।

ਕੁ.ਕ/ਬ.ਸ. 11.30 7.03.2023

ਪਿਛਲੇ ਦਿਨੀਂ ਯੂ.ਪੀ. ਵਿਧਾਨ ਸਭਾ ਵਿੱਚ, ਯੂ.ਪੀ. ਵਿਧਾਨ ਸਭਾ ਵੱਲੋਂ ਜਿਨ੍ਹਾਂ ਅਫਸਰਾਂ ਨੇ ਪ੍ਰੋਟੋਕੋਲ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਨੂੰ ਇੱਕ ਦਿਨ ਦੀ ਕੈਦ ਵੀ ਕੀਤੀ ਗਈ ਹੈ। ਸੋ, ਮੈਂ ਸੰਸਦੀ ਮਾਮਲੇ ਮੰਤਰੀ ਸਾਹਿਬ, ਸ੍ਰੀ ਨਿੱਜਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰਾਂ ਦੇ ਮਾਣ-ਸਨਮਾਨ ਦੇ ਵਿੱਚ ਕਿਤੇ ਵੀ ਕੋਈ ਕੁਤਾਹੀ ਨਹੀਂ ਹੋਣੀ ਚਾਹੀਦੀ ਅਤੇ ਇਸ ਸਬੰਧੀ ਡਾਇਰੈਕਸ਼ਨਜ਼ ਜਾਰੀ ਕੀਤੀਆਂ ਜਾਣ ਕਿਉਂਕਿ ਇਹ ਇੱਕ-ਇੱਕ ਮੈਂਬਰ ਨਹੀਂ ਹਨ। ਇਹ ਡੇਢ-ਡੇਢ ਲੱਖ ਲੋਕਾਂ ਦੇ ਨੁਮਾਇੰਦੇ ਹਨ। (ਥੰਪਿੰਗ) ਜੇਕਰ ਕਿਸੇ ਵੀ ਮੈਂਬਰ ਦੇ ਪ੍ਰੋਟੋਕੋਲ ਵਿੱਚ ਕੋਈ ਕੁਤਾਹੀ ਹੁੰਦੀ ਹੈ ਤਾਂ ਉਹ ਡੇਢ ਲੱਖ ਲੋਕਾਂ ਦੇ ਸਵੈ ਮਾਣ ਦੇ ਉੱਪਰ ਸੱਟ ਵੱਜੇਗੀ ਕਿਉਂਕਿ ਇਹ ਲੋਕਰਾਜ ਹੈ। ਇਹ ਹਾਊਸ ਉਨ੍ਹਾਂ ਡੇਢ ਲੱਖ ਲੋਕਾਂ ਦੇ ਸਵੈ ਮਾਣ ਤੇ ਕਦੇ ਵੀ ਸੱਟ ਨਹੀਂ ਵੱਜਣ ਦੇਵੇਗਾ। (ਥੰਪਿੰਗ) ਬਾਕੀ ਜਿਹੜੇ ਆਜ਼ਾਦੀ ਘੁਲਾਟੀਆਂ ਦੀ ਗੱਲ ਹੈ, ਚਾਹੇ ਜੋ ਮਰਜ਼ੀ ਹੋ ਜਾਵੇ ਅਸੀਂ ਉਨ੍ਹਾਂ ਦਾ ਦੇਣ ਕਦੇ ਵੀ ਨਹੀਂ ਦੇ ਸਕਦੇ।

## MATTERS RAISED DURING ZERO HOUR *(RESUMPTION)*

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼ਹੀਦ ਸੁਖਦੇਵ ਥਾਪਰ ਦਾ ਘਰ ਨੌਘਰੇ ਵਿੱਚ ਹੈ। ਉੱਥੇ ਜਾਣ ਲਈ ਪਰਾਪਰ ਰਸਤਾ ਨਹੀਂ ਹੈ। ਜਿਹੜੇ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠੇ ਹਨ, ਫਿਰ ਉਹ ਗੁੱਸਾ ਮੰਨਣਗੇ ਉਨ੍ਹਾਂ ਦੇ ਪਰਿਵਾਰਾਂ ਨੇ ਬੜੀ ਵਾਰ ਬੇਨਤੀਆਂ ਕੀਤੀਆਂ ਹਨ ਕਿ ਉਨ੍ਹਾਂ ਦੇ ਘਰ ਨੂੰ ਪਰਾਪਰ ਰਸਤਾ ਬਣਾ ਦੇਵੋ ਪਰ ਕਿਸੇ ਨੇ ਵੀ ਉਨ੍ਹਾਂ ਦੀ ਗੱਲ ਨਹੀਂ ਸੁਣੀ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਘਰ ਨੂੰ ਪਰਾਪਰ ਚੌੜਾ ਰਸਤਾ ਬਣਾ ਕੇ ਦੇਣ ਦਾ ਮਾਣ ਵੀ ਆਪਣੀ ਸਰਕਾਰ ਨੂੰ ਹੀ ਮਿਲਣਾ ਹੈ। ਤੁਸੀਂ ਇਸ ਸਬੰਧੀ ਕੋਈ ਹੁਕਮ ਅਤੇ ਦਿਸ਼ਾ ਨਿਰਦੇਸ਼ ਜਾਰੀ ਕਰੋ। ਉੱਥੇ ਹਰ ਵਾਰੀ ਜਾ ਕੇ ਸਾਰੇ ਲੀਡਰ ਬੋਲਦੇ ਹਨ,

'ਸ਼ਹੀਦੋਂ ਕੀ ਚਿਤਾਓਂ ਪੇ ਲਗੇਗੇਂ ਹਰ ਬਰਸ ਮੇਲੇ, ਵਤਨ ਪੇ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।'

ਇਹ ਗੱਲ ਸੱਚ ਹੋ ਜਾਵੇ ਇਸ ਲੋਈ ਜ਼ਰੂਰ ਕੋਈ ਪ੍ਰਬੰਧ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

**ਮਾਨਯੋਗ ਸਪੀਕਰ:** ਹੁਕਮ ਅਤੇ ਦਿਸ਼ਾ ਨਿਰਦੇਸ਼ ਤਾਂ ਜੇ ਉਨ੍ਹਾਂ ਦੀ ਮਰਜ਼ੀ ਹੋਵੇ ਤਾਂ ਮਾਨਯੋਗ ਮੰਤਰੀ, ਜੌੜਾਮਾਜਰਾ ਸਾਹਿਬ ਹੀ ਕਰਨਗੇ। ਜੌੜਾ ਮਾਜਰਾ ਸਾਹਿਬ ਜੇ ਕਰਨਾ ਚਾਹੁੰਦੇ ਹਾਂ ਤਾਂ ਕਰ ਸਕਦੇ ਹੋ।

**ਸੁਤੰਤਰਤਾ ਸੈਨਾਨੀ ਮੰਤਰੀ (ਸਰਦਾਰ ਚੇਤਨ ਸਿੰਘ ਜੌੜਾਮਾਜਰਾ):** ਸਰ, ਜੇ ਕੋਈ ਫੰਡ ਦੀ ਲੋੜ ਹੋਈ ਤਾਂ ਜ਼ਰੂਰ ਕਰਾਂਗੇ। ਜੇਕਰ ਰਸਤੇ ਲਈ ਜਗ੍ਹਾ ਉਪਲਬਧ ਹੈ ਤਾਂ ਪੈਸੇ ਦੀ ਜਿਹੜੀ ਵੀ ਜ਼ਰੂਰਤ ਹੋਵੇਗੀ, ਉਹ ਪੂਰੀ ਹੋ ਜਾਵੇਗੀ। ਥੈਂਕ ਯੂ । (ਥੰਪਿੰਗ)

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.):** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਪਿਛਲੇ ਸੈਸ਼ਨ ਵਿੱਚ ਅਸੀਂ ਇੱਕ ਇਸ਼ੂ ਰੇਜ਼ ਕੀਤਾ ਸੀ ਕਿ ਐਡਵੋਕੇਟ ਜਨਰਲ ਆਫਿਸ ਦੇ ਵਿੱਚ, ਰਿਜ਼ਰਵ ਕੈਟਾਗਰੀ ਦੇ ਨਾਲ ਸਬੰਧਿਤ ਲਾਅ ਅਫਸਰਾਂ ਨੂੰ ਭਰਤੀ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਬਣਦੇ ਹੱਕ ਦਿੱਤੇ ਜਾਣ। ਉਸ ਤੋਂ ਬਾਅਦ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਕਿ ਐਡਵੋਕੇਟ ਜਨਰਲ ਆਫਿਸ ਦੇ ਵਿੱਚ 58 ਪੋਸਟਾਂ ਰਿਜ਼ਰਵ/ਐਸ.ਸੀ. ਕੈਟਾਗਰੀ ਨਾਲ ਸਬੰਧਿਤ ਦਿੱਤੀਆਂ ਜਾਣਗੀਆਂ। ਬੜੇ fanfair ਦੇ ਐਲਾਨ ਕੀਤਾ ਗਿਆ ਸੀ। ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਅੱਜ ਆਏ ਨਹੀਂ ਹਨ। ਉਨ੍ਹਾਂ ਨੇ ਕਰੀਬ 10 ਸਾਥੀਆਂ ਦੇ ਨਾਲ, ਦੋ ਕੈਬਨਿਟ ਮਨਿਸਟਰ ਤੇ ਅੱਠ ਐਮ.ਐਲ.ਏ. ਸਾਹਿਬਾਨ ਦੇ ਨਾਲ ਇੱਕ ਬਹੁਤ ਵੱਡੀ ਪ੍ਰੈੱਸ ਕਾਨਫਰੰਸ ਕੀਤੀ। ਇਸ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਗਿਆ ਕਿ 'ਬਾਬਾ ਸਾਹਿਬ ਤੇਰਾ ਸਪਨਾ ਅਧੂਰਾ, ਕੇਜਰੀਵਾਲ ਤੇ ਭਗਵੰਤ ਮਾਨ ਕਰਨਗੇ ਪੂਰਾ।' ਬੜਾ ਅਫਸੋਸ ਹੈ ਕਿ ਅੱਜ ਉਹ advertisement ਨੂੰ ਕਰੀਬ ਛੇ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਬੀਤ ਚੁੱਕਾ ਹੈ ਔਰ ਉਨ੍ਹਾਂ ਕੇਸਿਜ਼ ਦੇ ਵਿੱਚ appointment letter issue ਨਹੀਂ ਹੋਏ ਹਨ। ਇਸ ਦੇ ਵਿਪਰੀਤ ਜਿਹੜੀ advertisement ਜਨਰਲ ਕੈਟਾਗਰੀਜ਼ ਦੇ ਨਾਲ ਸਬੰਧਿਤ ਪਿਛਲੇ ਨਵੰਬਰ ਵਿੱਚ ਆਈ, ਉਨ੍ਹਾਂ ਨੂੰ appointment letter issue ਵੀ ਕਰ ਦਿੱਤੇ ਗਏ ਹਨ। ਵਿੱਤ ਮੰਤਰੀ ਸਾਹਿਬ ਜਿਹੜੇ ਜਦੋਂ ਐਲ.ਓ.ਪੀ. ਹੁੰਦੇ ਸੀ ਤਾਂ ਬੜੇ ਜੋਸ਼ ਦੇ ਨਾਲ ਮੁੱਦੇ ਉਠਾਇਆ ਕਰਦੇ ਸੀ। 85ਵੀਂ ਸੋਧ ਦੀ ਗੱਲ ਕਰਦੇ ਸੀ। ਦਲਿਤ ਇਸ਼ੂਜ਼, ਦਲਿਤ ਅੱਤਿਆਚਾਰ ਤੇ ਗੱਲ ਕਰਦੇ ਹੁੰਦੇ ਸੀ। ਮੈਂ ਪੰਜਾਬ ਦੀ ਗੱਲ ਤਾਂ ਬਾਅਦ ਵਿੱਚ ਕਰਾਂਗਾ ਅੱਜ ਸਭ ਤੋਂ ਜ਼ਿਆਦਾ ਦਲਿਤ ਅੱਤਿਆਚਾਰ ਉਨ੍ਹਾਂ ਦੇ ਆਪਣੇ ਜ਼ਿਲ੍ਹੇ ਵਿੱਚ ਹੋ ਰਿਹਾ ਹੈ। ਸਰ, ਮੈਂ ਆਪ ਜੀ ਰਾਹੀਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ fanfair ਦੇ ਨਾਲ ਇਹ ਅਨਾਊਂਸ ਕੀਤਾ ਸੀ ਕਿ

58 ਪੋਸਟਾਂ ਦੇ appointment letter issue ਕੀਤੇ ਜਾਣਗੇ ਮੈਂ ਸਰਕਾਰ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ appointment letter ਜਲਦ ਤੋਂ ਜਲਦ ਇਸ਼ੂ ਕੀਤੇ ਜਾਣ। ਹਾਈਕੋਰਟ ਵਿੱਚ ਇਸ ਸਬੰਧੀ ਕੇਸ ਲੱਗਾ ਹੋਇਆ ਹੈ। ਸਰਕਾਰ ਇਹ wait ਕਰ ਰਹੀ ਹੈ ਕਿ ਕਦੋਂ ਇਸ ਤੇ ਸਟੇਅ ਮਿਲੇ ਤੇ ਕਦੋਂ ਇਸ ਦੀ ਮਨਾਹੀ ਕੀਤੀ ਜਾਵੇ। ਧੰਨਵਾਦ ਜੀ।

ਪ.ਸ਼./ਬ.ਸ/11.35/07.03.2023

----

## CALL ATTENTION NOTICES UNDER SECTION 66

### ਕ੍ਰਮ ਨੰ: 15

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਅਕਸਰ ਦੇਖਿਆ ਜਾਂਦਾ ਹੈ ਕਿ ਮਾਲ ਪਟਵਾਰੀ ਵੱਲੋਂ ਜਦੋਂ ਚਾਰ ਸਾਲਾ ਬਾਅਦ ਰਿਕਾਰਡ ਤਿਆਰ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਕੁਝ ਗਲਤੀਆਂ ਜਾਣੇ-ਅਨਜਾਣੇ ਹੋ ਜਾਂਦੀਆਂ ਹਨ। ਸਬੰਧਿਤ ਪਬਲਿਕ ਨੂੰ ਲੋੜ ਪੈਣ ਤੇ ਪਤਾ ਲੱਗਦਾ ਹੈ ਕਿ ਜੋ ਇੰਦਰਾਜ ਪਟਵਾਰੀ ਦੇ ਰਿਕਾਰਡ ਵਿੱਚ ਦਰਜ ਹੈ ਉਸ ਵਿੱਚ ਉਸ ਦੇ ਪਿਤਾ ਦਾ ਨਾਮ ਗਲਤ ਹੈ, ਉਸ ਦੇ ਬੇਟੇ ਦਾ ਨਾਮ ਗਲਤ ਹੈ, ਰਕਬੇ ਵਿੱਚ ਘਾਟਾ ਹੋ ਗਿਆ ਹੈ ਆਦਿ-ਆਦਿ। ਇਨ੍ਹਾਂ ਇੰਦਰਾਜਾਂ ਨੂੰ ਠੀਕ ਕਰਵਾਉਣ ਲਈ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ ਹੈ। ਸੁਝਾਅ ਦਿੱਤਾ ਜਾਂਦਾ ਹੈ ਕਿ ਅਜਿਹੇ ਕੇਸਾਂ ਵਿੱਚ ਇੰਦਰਾਜ ਦਰੁਸਤੀ ਨੂੰ ਸਮਾਂ-ਬੱਧ ਕੀਤਾ ਜਾਵੇ ਅਤੇ ਇੰਦਰਾਜ 02 ਦਿਨ ਵਿੱਚ ਦਰੁਸਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ ਤਾਂ ਜੋ ਲੋਕਾਂ ਨੂੰ ਹੋ ਰਹੀ ਖੱਜਲ-ਖੁਆਰੀ ਤੋਂ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ (ਸ਼੍ਰੀ ਬ੍ਰਮ ਸ਼ੰਕਰ)**: ਬਹੁਤ ਹੀ ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸ਼੍ਰੀ ਗੁਰਦਿੱਤ ਸਿੰਘ, ਐਮ.ਐਲ.ਏ. ਸਾਹਿਬ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਸਵਾਲ ਕੀਤਾ ਹੈ, ਇਹ ਬਿਲਕੁਲ ਠੀਕ ਹੈ। ਇਸ ਦੇ ਵਿੱਚ ਕਈ ਵਾਰ ਦੇਖਿਆ ਗਿਆ ਹੈ ਕਿ ਸਬੰਧਿਤ ਇਲਾਕੇ ਦੇ ਜਿਹੜੇ ਪਟਵਾਰੀ ਹੁੰਦੇ ਹਨ, ਉਹ ਕੁਝ ਕੇਸਾਂ ਵਿੱਚ ਜਾਣਬੁੱਝ ਕੇ ਵੀ ਅਜਿਹਾ ਕੰਮ ਕਰਦੇ ਹਨ। ਲੇਕਿਨ ਮੈਂ ਮੈਂਬਰ ਸਾਹਿਬਾਨ ਨੂੰ ਇਹ assure ਕਰਦਾ ਹਾਂ ਕਿ ਇਸ ਤਰ੍ਹਾਂ ਦਾ

ਜੇ ਕੋਈ ਕੇਸ ਹੈ ਜਾਂ ਕੰਪਲੇਂਟ ਹੈ ਤਾਂ ਇਹ ਕੰਪਲੇਂਟ ਜਦੋਂ ਡੀ.ਸੀ. ਕੋਲ ਜਾਂ ਸਾਡੇ ਕੋਲ ਆਉਂਦੀ ਹੈ ਤਾਂ ਸਬੰਧਿਤ ਪਟਵਾਰੀ ਨੂੰ ਬੁਲਾ ਕੇ ਪੁੱਛਿਆ ਜਾਂਦਾ ਹੈ। ਇਸ ਸਬੰਧੀ ਡਿਪਾਰਟਮੈਂਟ ਵੱਲੋਂ ਸਬੰਧਿਤ ਡਿਪਟੀ ਕਮਿਸ਼ਨਰਾਂ ਨੂੰ ਆਰਡਰ ਜਾਰੀ ਕੀਤੇ ਗਏ ਹਨ ਕਿ ਇਸ ਤਰ੍ਹਾਂ ਦੇ ਕੇਸਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਤੁਰੰਤ ਉਨ੍ਹਾਂ ਦੀ ਮਦਦ ਕੀਤੀ ਜਾਵੇ, ਜਿਨ੍ਹਾਂ ਨਾਲ ਇਸ ਤਰ੍ਹਾਂ ਦਾ ਵਾਕਿਆ ਹੋਇਆ ਹੈ ਔਰ ਇਸ ਦੇ ਵਿੱਚ Land Manual Record ਦੇ ਪੈਰ੍ਹਾ ਨੰ: 7.29 ਅਨੁਸਾਰ ਉਪਬੰਧ ਹੈ, ਜਿਸ ਰਾਹੀਂ ਜਮ੍ਹਾਬੰਦੀ ਵਿੱਚ ਇੰਦਰਾਜ ਦਰੁਸਤ ਕਰਨ ਸਬੰਧੀ ਫਰਦਬਦਰ ਅਨੁਸਾਰ ਦਰੁਸਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹਦਾਇਤਾਂ ਮੁੜ ਦੁਹਰਾ ਦਿੱਤੀਆਂ ਜਾਣਗੀਆਂ। ਹੁਣ ਅਸੀਂ ਪੋਰਟਲ ਦੇ ਵਿੱਚ ਇੱਕ ਨੰਬਰ ਵੀ ਜਾਰੀ ਕੀਤਾ ਹੈ ਅਤੇ ਅਸੀਂ ਵ੍ਹਟਸਐੱਪ ਨੰਬਰ ਵੀ ਇੱਕ ਜਾਂ ਦੋ ਦਿਨ ਵਿੱਚ ਜਾਰੀ ਕਰ ਰਹੇ ਹਾਂ। ਜਿੰਨੇ ਵੀ ਕੇਸ ਇਸ ਤਰ੍ਹਾਂ ਦੇ ਹੋਣਗੇ ਜਿਸ ਵਿੱਚ ਲੱਗਦਾ ਹੈ ਕਿ ਡਿਪਟੀ ਕਮਿਸ਼ਨਰ ਵੱਲੋਂ ਡਿਲੇਅ ਹੋ ਰਿਹਾ ਹੈ, ਉਸ ਕੇਸ ਉੱਤੇ ਐਫ.ਸੀ.ਆਰ. ਦੀ ਟੀਮ ਖੁਦ ਫੈਸਲਾ ਲਵੇਗੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਸਰ, ਹੋਣਾ ਤਾਂ ਇਹ ਚਾਹੀਦਾ ਹੈ ਕਿ ਜਿਹੜਾ ਪਟਵਾਰੀ ਗਲਤੀ ਕਰਦਾ ਹੈ, ਉਹ ਹੀ ਠੀਕ ਕਰ ਸਕੇ ਕਿਉਂਕਿ ਬਹੁਤੀ ਵਾਰੀ ਡੀ.ਸੀ., ਕਾਨੂੰਗੋ, ਤਹਿਸੀਲਦਾਰ, ਐਸ.ਡੀ.ਐਮ. ਜਾਂ ਐਫ.ਸੀ.ਆਰ. ਸਾਹਿਬ ਕੋਲ ਵੀ ਇਸ ਤਰ੍ਹਾਂ ਦੇ ਮਸਲੇ ਪਹੁੰਚਦੇ ਹਨ। ਇਸ ਨਾਲ ਇੱਕ ਤਾਂ ਸਮੇਂ ਦੀ ਬਰਬਾਦੀ ਹੁੰਦੀ ਹੈ। ਜਿਹੜੇ ਬੰਦੇ ਕੋਲੋਂ ਗਲਤੀ ਹੋਈ ਹੈ, ਉਹ ਆਪ ਰਪਟ ਦਰਜ ਕਰੇ ਅਤੇ ਨਾਲ ਦੀ ਨਾਲ ਮਸਲਾ ਹੱਲ ਹੋ ਜਾਵੇ। ਇਸ ਮਸਲੇ ਸਬੰਧੀ ਕਈ ਲੋਕ 10-10 ਜਾਂ 15-15 ਸਾਲਾਂ ਤੋਂ ਗੇੜੇ ਕੱਢ ਰਹੇ ਹਨ। ਇਸ ਨਾਲ ਸਾਡੀ ਸਰਕਾਰ ਦਾ ਅਕਸ ਵੀ ਖਰਾਬ ਹੁੰਦਾ ਹੈ।

**ਮਾਨਯੋਗ ਸਪੀਕਰ**: ਥੈਂਕ ਯੂ, ਥੈਂਕ ਯੂ।

------

### *(ਕ੍ਰਮ ਨੰ: 17)*

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਹਲਕਾ ਜਗਰਾਉਂ ਅਧੀਨ ਪੈਂਦੇ ਸ਼ਹਿਰ ਅਤੇ ਪਿੰਡਾਂ ਅੰਦਰ ਲੋਕਾਂ ਦੇ ਬਿਜਲੀ ਦੇ ਮੀਟਰ ਘਰਾਂ ਤੋਂ ਬਾਹਰ ਕੱਢਣ ਮੌਕੇ ਪ੍ਰਾਈਵੇਟ ਕੰਪਨੀ ਵੱਲੋਂ ਲੋਕਾਂ ਦੇ ਘਰਾਂ ਅਤੇ ਬਿਜਲੀ ਦੇ ਖੰਬਿਆਂ ਉੱਪਰ ਤਾਰਾਂ ਦੇ ਜਾਲ ਇਕੱਠੇ ਕਰ ਦਿੱਤੇ ਹਨ ਅਤੇ ਪ੍ਰੋਪਰ ਤਰੀਕੇ ਨਾਲ ਤਾਰਾਂ ਦੀ ਕੋਈ ਬਾਈਂਡਿੰਗ ਨਹੀਂ ਕੀਤੀ ਗਈ ਹੈ। ਬਹੁਤ ਥਾਵਾਂ ਤੇ ਬਿਜਲੀ ਦੇ ਮੀਟਰ ਵੀ ਨੀਵੇਂ ਲਗਾਏ ਗਏ ਹਨ, ਜੋ ਬਰਸਾਤਾਂ ਦੇ ਦਿਨਾਂ ਦੌਰਾਨ ਹਾਦਸਿਆਂ ਦੇ ਕਾਰਨ ਬਣ ਸਕਦੇ ਹਨ। ਇਸ ਤੋਂ ਇਲਾਵਾ ਕਈ ਪਿੰਡਾਂ

ਅੰਦਰ ਬਿਜਲੀ ਦੀਆਂ ਤਾਰਾਂ ਨੀਵੀਂਆਂ ਹਨ ਅਤੇ ਤਾਰਾਂ ਵੀ ਪੁਰਾਣੀਆਂ ਹੋ ਚੁੱਕੀਆਂ ਹਨ। ਇਸ ਲਈ ਪੁਰਾਣੀਆਂ ਤਾਰਾਂ ਨੂੰ ਬਦਲੀ ਕੀਤਾ ਜਾਵੇ ਅਤੇ ਢਿੱਲੀਆਂ ਤਾਰਾਂ ਨੂੰ ਕੱਸਿਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**11.40/ਜਸਪਾਲ/ਰਜਨੀਸ਼/7.3.2023**

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ) :** ਮਾਨਯੋਗ ਸਪੀਕਰ ਸਾਹਿਬ, ਵੰਡ ਮੰਡਲ ਪੀ.ਐਸ.ਪੀ.ਸੀ.ਐਲ. ਜਗਰਾਉਂ ਅਧੀਨ ਪੈਂਦੇ ਪਿੰਡਾਂ ਅਤੇ ਸ਼ਹਿਰਾਂ ਅੰਦਰ ਬਿਜਲੀ ਦੇ ਮੀਟਰਾਂ ਨੂੰ ਬਾਹਰ ਕੱਢਣ ਦਾ ਕੰਮ 2011-12 ਵਿਚ ਮਹਾਂ ਸ਼ਕਤੀ ਪ੍ਰਾਈਵੇਟ ਕੰਪਨੀ, ਬਠਿੰਡਾ ਵਲੋਂ ਕੀਤਾ ਗਿਆ ਸੀ। ਇਸ ਕੰਮ ਹੋਏ ਨੂੰ ਤਕਰੀਬਨ 11-12 ਸਾਲ ਹੋ ਗਏ ਹਨ। ਵਾਹਿਗੁਰੂ ਜੀ ਦੀ ਬਖਸ਼ਿਸ਼ ਨਾਲ ਅਤੇ ਰਿਕਾਰਡ ਅਨੁਸਾਰ ਅੱਜ ਤੱਕ ਇਨ੍ਹਾਂ ਪਿੰਡਾਂ ਸ਼ਹਿਰਾਂ ਵਿੱਚ ਪਿੱਲਰ ਬਕਸੇ ਨੀਵੇਂ ਹੋਣ ਕਾਰਨ ਕੋਈ ਵੀ ਹਾਦਸਾ ਨਹੀਂ ਵਾਪਰਿਆ ਹੈ। ਕੁਝ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਨਵੀਆਂ ਬਣਨ ਨਾਲ ਉਚੀਆਂ ਹੋ ਗਈਆਂ ਹਨ ਜਿਸ ਨਾਲ ਲੱਗੇ ਬਕਸੇ ਤੇ ਉਪਰੋਂ ਲੰਘਦੀਆਂ ਤਾਰਾਂ ਨੀਵੀਆਂ ਹੋ ਗਈਆਂ ਹਨ। ਕੁਝ ਬਿਜਲੀ ਦੇ ਖੰਭਿਆਂ ਉਪਰ ਟੈਲੀਫੋਨ ਅਤੇ ਇੰਟਰਨੈਟ ਦੀਆਂ ਤਾਰਾਂ ਵੀ ਬੰਨੀਆਂ ਹੋਈਆਂ ਹਨ ਜਿਸ ਕਰਕੇ ਕਈ ਥਾਵਾਂ ਉਤੇ ਖੰਭਿਆਂ ਉਪਰ ਤਾਰਾਂ ਦਾ ਜਾਲ ਬਣਿਆ ਹੋਇਆ ਹੈ। ਨੀਵੇਂ ਹੋਏ ਮੀਟਰ ਬਕਸਿਆਂ ਨੂੰ ਸਾਈਟਾਂ ਚੈੱਕ ਕਰਕੇ ਉੱਚੇ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਮੇਰੇ ਪਿੰਡ ਡਾਂਗੀਅਨ ਵਿੱਚ ਤਿੰਨ ਦਿਨ ਪਹਿਲਾਂ ਹੀ, ਥੋੜ੍ਹੇ ਦਿਨ ਪਹਿਲਾਂ ਹੀ ਤਿੰਨ ਬੱਚਿਆਂ ਦਾ ਪਿਉ ਕਰੰਟ ਲੱਗਣ ਕਾਰਨ ਮਰਿਆ ਹੈ, ਕਿਰਪਾ ਕਰਕੇ ਜੇ ਇਨ੍ਹਾਂ ਨੂੰ ਨਹੀਂ ਪਤਾ ਲੱਗਿਆ ਤਾਂ ਜਾਂਚ ਕਰਵਾ ਲੈਣ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਗੱਲ ਜ਼ਰੂਰ ਕਹਿਣੀ ਹੈ ਕਿ ਇਸ ਨੂੰ ਟਾਈਮ ਬਾਊਂਡ ਕਰ ਦਿਉ। ਪੈਡੀ ਦੀ ਫਸਲ ਲਗਣ ਤੋਂ ਪਹਿਲਾਂ ਪਹਿਲਾਂ ਉਹ ਸਾਰੇ ਮੀਟਰ ਜਿਹੜੇ ਸੜਕ ਉਤੇ ਪਏ ਹੋਏ ਹਨ, ਜੇ ਕਹੋ ਤਾਂ ਮੈਂ ਉਨ੍ਹਾਂ ਦੀ ਫੋਟੋ ਖਿੱਚ ਕੇ ਮੰਤਰੀ ਸਾਹਿਬ ਨੂੰ ਭੇਜ ਦਿਆਂਗੀ, ਜਿਹੜੇ ਸੜਕ ਉਤੇ ਆਏ ਪਏ ਹਨ, ਉਨ੍ਹਾਂ ਅਫਸਰਾਂ ਦੇ ਉਤੇ ਐਕਸ਼ਨ ਲਵੋ ਜਿਨ੍ਹਾਂ ਨੇ ਗਲਤ ਕੀਤਾ ਹੈ। ਪੈਡੀ ਤੋਂ ਪਹਿਲਾਂ ਪਹਿਲਾਂ ਇਹ ਕੰਮ ਖਤਮ ਕਰ ਦਿਉ।

**ਮੰਤਰੀ :** ਮਾਨਯੋਗ ਸਪੀਕਰ, ਹੁਣ ਤੱਕ ਕੀਤੇ ਗਏ ਸਰਵੇ ਦੌਰਾਨ ਕੁੱਲ 20 ਸਾਈਜ਼ ਦੇ 157 ਪਿੱਲਰ ਬਕਸੇ ਜੋ ਕਿ ਨੀਵੇਂ ਹੋ ਗਏ ਹਨ, ਨੂੰ ਬਦਲੀ ਕਰਨ ਦਾ ਤਖਮੀਨਾ ਪਾਸ ਕੀਤਾ ਜਾ ਚੁੱਕਾ ਹੈ ਅਤੇ ਤਾਰਾਂ ਨੂੰ

ਸਾਈਟਾਂ ਚੈਕ ਕਰਕੇ ਉਚਾ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਧਾਲੀਵਾਲ ਕਾਲੋਨੀ ਅਤੇ ਡਿਸਪੋਜਲ ਰੋਡ ਜਗਰਾਉਂ ਦੇ ਏਰੀਏ ਵਿਚ 20 ਸਾਈਜ਼ ਦੇ 5 ਨਵੇਂ ਪਿੱਲਰ ਬਕਸਿਆਂ ਨੂੰ 4 ਅਤੇ 6 ਸਾਈਜ਼ ਦੇ 25 ਮੀਟਰ ਬਕਸਿਆਂ ਨਾਲ ਬਦਲੀ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਬਚਦੇ 20 ਸਾਈਜ਼ ਦੇ 152 ਪਿੱਲਰ ਬਕਸਿਆਂ ਨੂੰ ਅਤੇ 4 ਤੇ 6 ਸਾਈਜ਼ ਦੇ ਲਗਭਗ 760 ਮੀਟਰ ਬਕਸੇ ਲਗਾ ਕੇ ਆਉਣ ਵਾਲੇ ਚਾਰ ਮਹੀਨਿਆਂ ਵਿਚ ਬਦਲੀ ਕਰ ਦਿੱਤੇ ਜਾਣਗੇ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹੋ ਗਿਆ ਜੀ। ਕਾਲ ਅਟੈਨਸ਼ਨ ਵਿਚ ਜਿਹੜੇ ਮਾਨਯੋਗ ਮੈਂਬਰ ਸਾਹਿਬ ਦੀ ਕਾਲ ਅਟੈਨਸ਼ਨ ਹੁੰਦੀ ਹੈ, ਸਿਰਫ ਉਨ੍ਹਾਂ ਦੀ ਹੀ ਸਪਲੀਮੈਂਟਰੀ ਲਈ ਜਾਂਦੀ ਹੈ। ਅਗਲੀ ਕਾਲ ਅਟੈਨਸ਼ਨ, ਸ਼੍ਰੀ ਦਿਨੇਸ਼ ਕੁਮਾਰ ਚੱਢਾ ਜੀ।

**(ਕ੍ਰਮ ਨੰ: 20)**

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪਿਛਲੇ ਲੰਬੇ ਸਮੇਂ ਤੋਂ ਸਰਕਾਰੀ ਪ੍ਰਸ਼ਾਸਨਿਕ ਅਫਸਰ ਆਪਣੇ ਸਟੇਸ਼ਨ ਤੇ ਰਹਿਣ ਦੀ ਬਜਾਏ ਸ਼ਾਮ 5 ਵਜੇ ਤੋਂ ਬਾਅਦ ਚੰਡੀਗੜ੍ਹ, ਮੋਹਾਲੀ ਜਾਂ ਹੋਰ ਥਾਵਾਂ ਤੇ ਆਪਣੇ ਘਰਾਂ ਵਿੱਚ ਪਹੁੰਚ ਜਾਂਦੇ ਹਨ, ਜਿਸ ਨਾਲ ਜਨਤਕ ਕੰਮ ਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਇਸ ਸਬੰਧੀ ਜ਼ਰੂਰੀ ਆਦੇਸ਼ ਜਾਰੀ ਕੀਤੇ ਜਾਣ ਕਿ ਸਾਰੇ ਅਫਸਰ ਆਪਣੇ ਸਟੇਸ਼ਨ ਤੇ ਹੀ ਰਹਿਣ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ ।

**ਮਾਨਯੋਗ ਸਪੀਕਰ :** ਇਹ ਮੁੱਖ ਮੰਤਰੀ ਸਾਹਿਬ ਜੀ ਨੇ ਮੀਤ ਹੇਅਰ ਮੰਤਰੀ ਜੀ ਨੂੰ ਆਥੋਰਾਈਜ਼ ਕੀਤਾ ਹੈ। ਹਾਂ ਜੀ, ਮੰਤਰੀ ਜੀ।

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਧੰਨਵਾਦ ਸਪੀਕਰ ਸਾਹਿਬ। ਸਰ, ਪਹਿਲਾਂ ਤਾਂ ਮੈਂ ਸ਼ਲਾਘਾ ਕਰਦਾ ਹਾਂ ਕਿ ਬੜਾ ਇੰਪਾਰਟਮੈਂਟ ਮਸਲਾ ਮੈਂਬਰ ਸਾਹਿਬ ਨੇ ਇਥੇ ਉਠਾਇਆ ਹੈ। ਸਰ, ਇਹ ਬਿਲਕੁਲ ਠੀਕ ਹੈ ਕਿ ਬਹੁਤ ਅਫਸਰ, ਕਿਉਂਕਿ ਕਈਆਂ ਦੀ ਰਿਹਾਇਸ਼ ਚੰਡੀਗੜ੍ਹ ਹੈ, ਕਈਆਂ ਦੀ ਪਟਿਆਲੇ ਹੈ, ਕਈਆਂ ਦੀ ਮੋਹਾਲੀ ਹੈ ਤੇ ਜ਼ਿਆਦਾਤਰ ਨੂੰ ਇਹ ਹੁੰਦਾ ਹੈ ਕਿ ਸ਼ਾਮ ਨੂੰ 5.00 ਵਜੇ ਤੋਂ ਬਾਅਦ, ਕਈ ਤਾਂ ਕੋਸ਼ਿਸ਼ ਕਰਦੇ ਹਨ ਕਿ ਪੰਜ ਵਜੇ ਤੋਂ ਪਹਿਲਾਂ ਹੀ ਆਪਣੇ ਘਰਾਂ ਨੂੰ ਚਲੇ ਜਾਈਏ ਜਾਂ ਜਿਨ੍ਹਾਂ ਦੀ ਵੱਡੇ ਸ਼ਹਿਰਾਂ ਵਿੱਚ ਰਿਹਾਇਸ਼ ਹੈ। ਸਰ, ਇਸ ਉਤੇ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਨੋਟਿਸ ਕੱਢਿਆ ਹੈ, ਪੱਤਰ ਨੰ: 12/622014, ਜੀ.ਸੀ.ਪ.ਫ-178, ਜਿਸ ਦੀ

ਕਾਪੀ ਇਸ ਨਾਲ ਨੱਥੀ ਹੈ। ਸਾਰੇ ਅਫਸਰਾਂ ਨੂੰ ਹਦਾਇਤ ਕੀਤੀ ਹੈ ਕਿ ਜੋ ਵੀ ਉਨ੍ਹਾਂ ਦੀ ਸੀਨੀਅਰ ਅਥਾਰਿਟੀ ਹੈ ਉਸ ਤੋਂ ਪਰਮਿਸ਼ਨ ਲਏ ਬਿਨਾਂ ਤੁਸੀਂ ਜਿਥੇ ਪੋਸਟਿਡ ਹੋ, ਉਹ ਤੁਸੀਂ ਡਿਸਟ੍ਰਕਿਟ ਜਾਂ ਡਵੀਜ਼ਨ ਛੱਡ ਕੇ ਆਪਣੀ ਰਿਹਾਇਸ਼ ਉਤੇ ਨਹੀਂ ਜਾ ਸਕਦੇ ਕਿਉਂਕਿ ਇਸ ਨਾਲ ਬਹੁਤ ਸਾਰੇ, ਜਿਵੇਂ ਕੋਈ ਐਮਰਜੈਂਸੀ ਕੰਮ ਪੈ ਗਿਆ ਜਾਂ ਹੋਰ ਕੋਈ ਪ੍ਰਸ਼ਾਸਕੀ ਕੰਮ ਹਨ ਉਨ੍ਹਾਂ ਵਿੱਚ ਦਿੱਕਤ ਆਉਂਦੀ ਸੀ । ਸਰ, ਇਸ ਤੋਂ ਇਲਾਵਾ ਵੀ ਮੈਂ ਲਈ ਵੀ ਮੁੱਖ ਮੰਤਰੀ ਸਾਹਿਬ ਨੂੰ ਵੀ ਵਧਾਈ ਦਿੰਦਾ ਹਾਂ ਕਿ ਸਾਡੀ ਸਰਕਾਰ ਦੀ ਇਹ ਹਮੇਸ਼ਾ ਤੋਂ ਤਰਜੀਹ ਹੈ ਕਿ ਲੋਕਾਂ ਦੇ ਕੰਮਾਂ ਵਿੱਚ ਜਿਹੜੀ ਕਠਿਨਾਈ ਹੈ ਉਸ ਨੂੰ ਅਸਾਨ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ, ਇਸ ਲਈ ਸਰਕਾਰ ਨੇ "ਤੁਹਾਡੇ ਦੁਆਰ ਪ੍ਰੋਗਰਾਮ" ਵੀ ਸ਼ੁਰੂ ਕੀਤਾ ਹੈ (ਥੰਪਿੰਗ) ਉਸ ਵਿਚ ਮੈਨੂੰ ਲੱਗਦਾ ਹੈ ਕਿ ਪੰਜਾਬ ਦੇ ਲੱਖਾਂ ਲੋਕ, ਕਿਉਂਕਿ ਇਹ ਪਹਿਲੀ ਵਾਰ ਹੋਇਆ ਹੈ, ਲੇਕਿਨ ਪਿਛਲੇ 75 ਸਾਲ ਦੇ ਇਤਿਹਾਸ ਵਿਚ ਇਹੀ ਹੁੰਦਾ ਰਿਹਾ ਹੈ ਕਿ ਲੋਕ ਹੀ ਅਫਸਰਾਂ ਦੇ ਦੁਆਰ ਜਾਂ ਉਨ੍ਹਾਂ ਦੇ ਕਮਰਿਆਂ ਤੱਕ ਜਾਂਦੇ ਸੀ।

ਬ.ਕ./ਰ.ਕ/7.3.23/11.45

ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਅਫਸਰ ਲੋਕਾਂ ਤੱਕ ਜਾ ਰਹੇ ਹਨ।(ਥੰਪਿੰਗ) ਇਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ। ਇਸ ਤੋਂ ਇਲਾਵਾ ਅਸੀਂ ਆਉਣ ਵਾਲੇ ਸਮੇਂ ਵਿੱਚ 40 ਸਰਵਿਸਿਜ਼ ਸ਼ੁਰੂ ਕਰਨ ਲੱਗੇ ਹਾਂ। ਜਿਸ ਅਧੀਨ ਲੋਕਾਂ ਨੂੰ door step delivery ਜਿਵੇਂ ਕਿਸੇ ਨੇ ਆਪਣਾ ਅਧਾਰ ਕਾਰਡ ਬਣਵਾਉਣਾ ਹੈ, ਕਿਸੇ ਨੇ ਜਾਤੀ ਸਰਟੀਫਿਕੇਟ ਬਣਵਾਉਣਾ ਹੈ ਤਾਂ ਉਸ ਨੂੰ ਦਫਤਰ ਵਿੱਚ ਜਾਣ ਦੀ ਜਾਂ ਸੁਵਿਧਾ ਕੇਂਦਰ ਵਿੱਚ ਜਾਣ ਦੀ ਲੋੜ ਨਹੀਂ ਹੈ। ਤੁਸੀਂ ਫੋਨ ਕਰਕੇ ਟਾਈਮ ਲੈਣਾ ਹੈ, ਮੁਲਾਜ਼ਮ ਤੁਹਾਡੇ ਘਰ ਆ ਕੇ ਡਾਕੂਮੈਂਟ ਲੈ ਜਾਣਗੇ ਅਤੇ ਸਰਟੀਫਿਕੇਟ ਘਰ ਦੇ ਕੇ ਜਾਣਗੇ।(ਥੰਪਿੰਗ) ਇਸ ਨਾਲ ਲੋਕਾਂ ਦੀ ਆਉਣ ਵਾਲੇ ਸਮੇਂ ਵਿੱਚ ਖੱਜਲ-ਖੁਆਰੀ ਘਟੇਗੀ। ਇਸ ਦੇ ਨਾਲ ਹੀ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਸਾਡੇ ਕੋਲ ਸਿਫਾਰਸ਼ਾਂ ਆਉਂਦੀਆਂ ਹਨ। ਸਾਰਾ ਸਦਨ ਸੁਣ ਰਿਹਾ ਹੈ, ਸਾਰੇ ਲੋਕ ਸੁਣ ਰਹੇ ਹਨ, ਮੀਡੀਆ ਵੀ ਬੈਠਾ ਹੈ। ਕਲ੍ਹ ਸ਼੍ਰੀ ਬੁੱਧ ਰਾਮ ਜੀ ਨੇ ਵੀ ਜ਼ਿਕਰ ਕੀਤਾ ਸੀ ਕਿ ਵੱਖ ਵੱਖ ਮਹਿਕਮਿਆਂ ਵਿੱਚ ਜੇ.ਈ, ਐਸ.ਡੀ.ਓ ਆਦਿ ਦੀਆਂ ਅਸਾਮੀਆਂ ਵਾਸਤੇ ਤਕਰੀਬਨ ਮਾਲਵੇ ਵਿਚੋਂ ਨਵੀਆਂ ਭਰਤੀਆਂ ਹੋਈਆਂ ਹਨ। ਮੈਂ ਉਨ੍ਹਾਂ ਸਾਰੇ ਮੁਲਾਜ਼ਮਾਂ ਅਤੇ ਅਫਸਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਜਿਹੜੀ ਵੀ ਭਰਤੀ ਕਰਦੀ ਹੈ, ਉਹ ਕੇਵਲ ਰੁਜ਼ਗਾਰ ਦੇਣ ਵਾਸਤੇ ਨਹੀਂ ਕਰਦੀ। ਉਹ ਭਰਤੀ ਇਸ ਕਰਕੇ ਵੀ ਹੁੰਦੀ ਹੈ ਤਾਂ ਕਿ ਅਸੀਂ ਲੋਕਾਂ ਦੀ ਸੇਵਾ ਕਰ ਸਕੀਏ। ਹੁਣ ਤਰਨਤਾਰਨ ਜਾਂ ਗੁਰਦਾਸਪੁਰ ਦੇ ਲੋਕਾਂ ਦੀ ਸੇਵਾ ਕਰਨੀ ਹੈ ਅਤੇ ਉਥੇ ਅਸਾਮੀਆਂ ਖਾਲੀ ਸਨ ਪਰ ਹੁਣ ਸਿਫਾਰਸ਼ਾਂ ਆਉਂਦੀਆਂ ਹਨ ਕਿ ਸਾਨੂੰ ਬਰਨਾਲਾ ਲਗਾ ਦਿਓ, ਸਾਨੂੰ ਸੰਗਰੂਰ ਲਗਾ ਦਿਓ,

ਸਾਨੂੰ ਪਟਿਆਲਾ ਲਗਾ ਦਿਓ। ਜਿਨ੍ਹਾਂ 27,000 ਨੂੰ ਨੌਕਰੀਆਂ ਦਿੱਤੀਆਂ ਹਨ, ਲੋਕਾਂ ਦੇ ਟੈਕਸ ਦੇ ਪੈਸੇ ਵਿਚੋਂ ਉਨ੍ਹਾਂ ਨੂੰ ਤਨਖਾਹ ਮਿਲਣੀ ਹੈ। ਸੋ ਜਿੱਥੇ ਪੋਸਟਿੰਗ ਹੁੰਦੀ ਹੈ, ਉਥੇ ਲੋਕਾਂ ਦੀ ਸੇਵਾ ਕਰੋ, ਬਦਲੀਆਂ ਲਈ ਲੀਡਰਾਂ ਅਤੇ ਅਫਸਰਾਂ ਦੇ ਚੱਕਰ ਕੱਢਣੇ ਬੰਦ ਕਰੋ। ਧੰਨਵਾਦ। (ਥੰਪਿੰਗ)

**ਸ਼੍ਰੀ ਦਿਨੇਸ਼ ਕੁਮਾਰ ਚੱਢਾ** : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਟੇਸ਼ਨ ਤੇ ਰਹਿਣ ਲਈ ਪੱਤਰ ਜਾਰੀ ਕੀਤਾ ਹੈ ਪਰ ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਅਫਸਰਾਂ ਨੇ ਸਟੇਸ਼ਨਾਂ ਤੇ ਰਹਿਣਾ ਬੰਦ ਕਰ ਦਿੱਤਾ। ਇਸ ਕਰਕੇ ਸਰਕਾਰੀ ਰਿਹਾਇਸ਼ਾਂ ਖੰਡਰ ਬਣ ਚੁੱਕੀਆਂ ਹਨ ਅਤੇ ਰਹਿਣ ਦੇ ਕਾਬਲ ਨਹੀਂ ਰਹੀਆਂ। ਇਸ ਲਈ ਇਸ ਫੈਸਲੇ ਨੂੰ ਲਾਗੂ ਕਰਨ ਲਈ ਸਬੰਧਿਤ ਅਫਸਰਾਂ ਕੋਲੋਂ ਸਟੇਸ਼ਨਾਂ ਦੇ ਰਿਹਾਇਸ਼ੀ ਐਡਰੈੱਸ ਲੈ ਲਏ ਜਾਣ ਤਾਂ ਜੋ ਇਸ ਬਾਰੇ ਡਿਪਟੀ ਕਮਿਸ਼ਨਰ ਨੂੰ ਵੀ ਪਤਾ ਹੋਵੇ, ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਪਤਾ ਹੋਵੇ। ਉਨ੍ਹਾਂ ਦੀ ਜਵਾਬਦੇਹੀ ਹੋ ਸਕੇ ਕਿ ਉਹ ਸਟੇਸ਼ਨ ਤੇ ਰਹਿ ਰਹੇ ਹਨ ਜਾਂ ਨਹੀਂ ਰਹਿ ਰਹੇ।

**ਮਾਨਯੋਗ ਸਪੀਕਰ** : ਧੰਨਵਾਦ ਜੀ।

-----

## PAPERS RE-LAID/LAID ON THE TABLE OF THE HOUSE

**ਮਾਨਯੋਗ ਸਪੀਕਰ** : ਸੰਸਦੀ ਮਾਮਲੇ ਮੰਤਰੀ ਸਦਨ ਦੀ ਮੇਜ਼ ਤੇ ਮੁੜ ਰੱਖੇ ਜਾਣ ਵਾਲੇ/ ਰੱਖੇ ਜਾਣ ਵਾਲੇ ਕਾਗਜ਼ ਪੱਤਰ ਰੱਖਣਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਇੰਦਰਬੀਰ ਸਿੰਘ ਨਿੱਜਰ)** : ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦਾ ਹੈ –

i) ਸਾਲ 2023 ਲਈ ਮਹਾਤਮਾ ਗਾਧੀਂ ਨੈਸ਼ਨਲ ਰੂਰਲ ਇੰਪਲਾਈਮੈਂਟ ਗਰੰਟੀ ਸਕੀਮ ਨੂੰ ਪੰਜਾਬ ਵਿੱਚ ਲਾਗੂ ਕਰਨ ਲਈ ਆਡਿਟ ਪਰਫਾਰਮੈਂਸ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ ;

ii) 31 ਮਾਰਚ, 2022 ਨੂੰ ਖ਼ਤਮ ਹੋਏ ਸਾਲ ਲਈ ਰਾਜ ਦੇ ਵਿੱਤ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਆਡਿਟ ਰਿਪੋਰਟ-ਪੰਜਾਬ ਸਰਕਾਰ ;

iii) 31 ਮਾਰਚ, 2021 ਨੂੰ ਖ਼ਤਮ ਹੋਏ ਸਾਲ ਲਈ ਆਡਿਟ ਪਾਲਣਾ ਕਰਨ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ;

iv) ਸਾਲ 2021-2022 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਜਿਲਦ-1 ਅਤੇ 2); ਅਤੇ

v) ਸਾਲ 2021-2022 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ,

ਜਿਵੇ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ

**2.** ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਨਿਯਮ, 2017, ਮੇਜ਼ ਤੇ ਮੁੜ ਰੱਖਦਾਂ ਹਾਂ, ਜਿਵੇਂ ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ।

**3.** ਸਾਲ 2017-18, 2018-19, 2019-20 ਅਤੇ 2020-21 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਐਕਟ, 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ।

**4.** ਸਾਲ 2020-21 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ 11ਵੀਂ ਸਾਲਾਨਾ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ।

**5.** ਸਾਲ 2021-22 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਐਕਟ, 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ।

**6.** ਸਾਲ 2020 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਦੀ ਸਾਲਾਨਾ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਸੂਚਨਾ ਦੇ ਅਧਿਕਾਰ ਐਕਟ, 2005 ਦੀ ਧਾਰਾ 25 (4) ਅਧੀਨ ਲੋੜੀਂਦਾ ਹੈ।

**7.** ਸਾਲ 2015-16 ਅਤੇ 2016-17 ਲਈ ਪੰਜਾਬ ਬਿਲਡਿੰਗ ਅਤੇ ਹੋਰ ਉਸਾਰੀ ਸਬੰਧੀ ਕਾਮਿਆਂ ਦੇ ਭਲਾਈ ਬੋਰਡ ਦੀਆਂ ਸਾਲਾਨਾ ਰਿਪੋਰਟਾਂ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਬਿਲਡਿੰਗ ਅਤੇ ਹੋਰ ਉਸਾਰੀ ਸਬੰਧੀ ਕਾਮਿਆ (ਨੌਕਰੀ ਅਤੇ ਸੇਵਾ ਦੀਆਂ ਸ਼ਰਤਾਂ ਦਾ ਵਿਨਿਯਮ) ਐਕਟ, 1996 ਦੀ ਧਾਰਾ 27 (5) ਅਧੀਨ ਲੋੜੀਂਦਾ ਹੈ।

**8.** ਸਾਲ 2018-19 ਅਤੇ 2019-20 ਲਈ ਬਠਿੰਡਾ ਵਿਕਾਸ ਅਥਾਰਿਟੀ (ਬੀ.ਡੀ.ਏ) ਦੀਆਂ ਸਾਲਾਨਾ ਰਿਪੋਰਟਾਂ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ, ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

| | |
|---|---|
| 9. | ਸਾਲ 2016-17, 2017-18, 2018-19, 2019-20 ਅਤੇ 2020-21 ਲਈ ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਸਾਬਕਾ ਫੌਜੀ ਨਿਗਮ ਐਕਟ, 1978 ਦੀ ਧਾਰਾ 23 (6) ਅਧੀਨ ਲੋੜੀਂਦਾ ਹੈ। |
| 10. | ਸਾਲ 2020-21 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 (2) ਅਧੀਨ ਲੋੜੀਂਦਾ ਹੈ। |
| 11. | ਸਾਲ 2020-21 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦਾ ਸਾਲਾਨਾ ਵਿਵਰਣ ਅਤੇ ਲੇਖੇ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਖੇਤਰੀ, ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ। |
| 12. | ਸਾਲ 2021-22 ਦੀ ਚੌਥੀ ਤਿਮਾਹੀ (1.04.2021 ਤੋਂ 31.03.2022) ਅਤੇ 2022-23 ਦੀ ਪਹਿਲੀ ਦੋ ਤਿਮਾਹੀ ਲਈ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦੇ ਸਬੰਧ ਵਿੱਚ ਵਸੂਲੀ ਅਤੇ ਖਰਚੇ ਵਿੱਚ ਪ੍ਰਵਿਰਤੀ ਸਦਨ ਦੀ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ। |
| 13. | ਸਾਲ 2021-22 ਲਈ ਪੰਜਾਬ ਰਾਜ ਜਗਲਾਤ ਵਿਕਾਸ ਕਾਰਪੋਰੇਸ਼ਨ ਲਿਮਿਟਡ ਦੀ 39ਵੀਂ ਸਾਲਾਨਾ ਰਿਪੋਰਟ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) (ਅ) ਅਧੀਨ ਲੋੜੀਂਦਾ ਹੈ। |
| 14. | ਸਾਲਾਂ 2015-16, 2016-17, 2017-18, 2018-19, 2019-20 ਅਤੇ 2020-21 ਲਈ ਪੰਜਾਬ ਰਾਜ ਐਨ.ਅਰ.ਆਈ ਕਮਿਸ਼ਨ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ, ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਗੈਰ-ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਐਕਟ, 2011 ਦੀ ਧਾਰਾ 20 ਅਧੀਨ ਲੋੜੀਂਦਾ ਹੈ। |

----

## PRESENTATION OF REPORTS OF THE COMMITTEES

**ਮਾਨਯੋਗ ਸਪੀਕਰ** : ਸਰਦਾਰ ਜੈ ਕ੍ਰਿਸ਼ਨ ਸਿੰਘ, ਡਿਪਟੀ ਸਪੀਕਰ ਸਾਹਿਬ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

1**. ਅਹੁਦੇ ਦੇ ਆਧਾਰ ਤੇ ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਜੈ ਕ੍ਰਿਸ਼ਨ ਸਿੰਘ)** : ਸ਼੍ਰੀਮਾਨ ਜੀ, ਮੈਂ ਸਾਲ 2022-23 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 51ਵੀਂ ਰਿਪੋਰਟ ਪੇਸ਼ ਕਰਦਾ ਹਾਂ।

2. **ਸਭਾਪਤੀ, ਪੰਚਾਇਤੀ ਰਾਜ ਸੰਸਥਾਵਾਂ ਸਬੰਧੀ ਕਮੇਟੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)** : ਸ਼੍ਰੀਮਾਨ ਜੀ, ਮੈਂ ਸਾਲ 2022-23 ਲਈ ਸ਼ਿਆਮਾ ਪ੍ਰਸਾਦ ਮੁਖਰਜੀ ਰੂਰਬਨ ਮਿਸ਼ਨ ਅਧੀਨ ਪੰਜਾਬ ਰਾਜ ਵਿੱਚ ਬਣਾਏ ਗਏ 8 ਕਲਸਟਰਾਂ ਤੇ ਕੀਤੇ ਗਏ ਕੰਮਾਂ ਦੀ ਕਮੇਟੀ ਦੁਆਰਾ ਕੀਤੀ ਗਈ ਪੜਤਾਲ ਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਦੀ ਵਿਸ਼ੇਸ਼ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ ਸਾਹਿਬ, ਸ਼ਿਆਮਾ ਪ੍ਰਸਾਦ ਮੁਖਰਜੀ ਰੂਰਬਨ ਮਿਸ਼ਨ ਫਰਵਰੀ 2016 ਵਿੱਚ ਸ਼ੁਰੂ ਹੋਇਆ ਸੀ, ਜਿਸ ਤਹਿਤ ਪੂਰੇ ਭਾਰਤ ਵਿੱਚ 300 ਕਲੱਸਟਰ ਡਿਵੈਲਪ ਕੀਤੇ ਜਾਣੇ ਸਨ। ਰੂਰਬਨ ਮਿਸ਼ਨ ਦਾ ਬੇਸਿਕ ਮਕਸਦ ਇਹ ਹੈ ਕਿ ਲੋਕਾਂ ਨੂੰ ਪਿੰਡਾਂ ਵਿੱਚ ਸ਼ਹਿਰਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾਣ ਭਾਵ ਜ਼ਿੰਦਗੀ ਸ਼ਹਿਰਾਂ ਵਰਗੀ ਅਤੇ ਮਾਹੌਲ ਪਿੰਡਾਂ ਵਰਗਾ ਪ੍ਰਾਪਤ ਹੋਵੇ ਅਤੇ ਪਿੰਡਾਂ ਦੇ ਲੋਕ ਸ਼ਹਿਰਾਂ ਵੱਲ ਪ੍ਰਵਾਸ ਨਾ ਕਰਨ।

7.3.2023 ਕਕ ਮਸ 11.50

ਇਸ ਸਕੀਮ ਤਹਿਤ ਪੰਜਾਬ ਦੇ ਵਿੱਚ 8 ਕਲੱਸਟਰ ਬਣੇ ਹਨ। ਇੱਕ ਕਲੱਸਟਰ ਵਿੱਚ 25 ਹਜ਼ਾਰ ਤੋਂ 50 ਹਜ਼ਾਰ ਤੱਕ ਦੀ ਆਬਾਦੀ ਹੁੰਦੀ ਹੈ ਅਤੇ ਪੰਜ ਤੋਂ 10 ਕਿਲੋਮੀਟਰ ਤੱਕ ਦਾ ਏਰੀਆ ਹੁੰਦਾ ਹੈ। ਆਬਾਦੀ ਅਤੇ ਏਰੀਏ ਨੂੰ ਮੁੱਖ ਰੱਖ ਕੇ ਪੰਜਾਬ ਵਿੱਚ ਕਲੱਸਟਰ ਚੁਣੇ ਗਏ ਹਨ।

ਇਹ ਕਲੱਸਟਰ ਬਣਾਉਣ ਸਮੇਂ ਕੇਂਦਰ ਸਰਕਾਰ ਦੀ ਸ਼ਰਤ ਸੀ ਕਿ ਕਿਸੇ ਵੀ ਕਲੱਸਟਰ ਵਾਸਤੇ 30 ਕਰੋੜ ਰੁਪਿਆ ਤਾਂ ਹੀ ਦਿੱਤਾ ਜਾਵੇਗਾ ਜੇ ਉਥੇ ਪਹਿਲਾਂ 70 ਕਰੋੜ ਰੁਪਿਆ ਦੂਜੀਆਂ ਸਕੀਮਾਂ ਤਹਿਤ ਪੈਸਾ ਲੱਗ ਰਿਹਾ ਹੋਵੇ। ਇਸ ਤਰ੍ਹਾਂ ਇੱਕ ਕਲੱਸਟਰ ਵਿੱਚ 100 ਕਰੋੜ ਰੁਪਏ ਦੇ ਕੰਮ ਹੋ ਜਾਂਦੇ ਹਨ। 30 ਕਰੋੜ ਰੁਪਏ ਵਿੱਚ ਕੇਂਦਰ ਸਰਕਾਰ ਵੱਲੋਂ 60 ਪ੍ਰਤੀਸ਼ਤ ਦੇ ਹਿਸਾਬ ਨਾਲ 19 ਕਰੋੜ ਰੁਪਿਆ ਦਿੱਤਾ ਜਾਂਦਾ ਹੈ ਅਤੇ ਰਾਜ ਸਰਕਾਰ ਵੱਲੋਂ 40 ਪ੍ਰਤੀਸ਼ਤ ਦੇ ਹਿੱਸੇ ਨਾਲ 12 ਕਰੋੜ ਰੁਪਿਆ ਦਿੱਤਾ ਜਾਂਦਾ ਹੈ।

ਕਮੇਟੀ ਨੇ ਆਪਣੇ ਅਧਿਐਨ ਦੌਰਾਨ ਦੇਖਿਆ ਕਿ ਇਹ ਕਲੱਸਟਰ ਪੇਂਡੂ ਖੇਤਰ ਲਈ ਲਾਹੇਵੰਦ ਹਨ। ਇਸ ਨਾਲ ਪਿੰਡਾਂ ਦੇ ਲੋਕਾਂ ਨੂੰ ਵਧੀਆ ਸਹੂਲਤਾਂ ਤਾਂ ਮਿਲਦੀਆਂ ਹੀ ਹਨ, ਇਸ ਦੇ ਨਾਲ ਨਾਲ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਸਾਧਨ ਵੀ ਉਪਲਬਧ ਹੁੰਦੇ ਹਨ ਅਤੇ ਪਿੰਡਾਂ ਦੇ ਵਿਕਾਸ ਲਈ ਆਮਦਨ ਦਾ ਸਾਧਨ ਵੀ ਬਣਦੇ ਹਨ।

ਪੰਜਾਬ ਦੇ ਕੁੱਲ ਪਿੰਡਾਂ ਵਿੱਚੋਂ ਸਿਰਫ 246 ਪਿੰਡ ਹੀ ਰੂਰਬਨ ਮਿਸ਼ਨ ਤਹਿਤ ਕਵਰ ਹੋਏ ਹਨ ਜੱਦ ਕਿ ਪੰਜਾਬ ਵਿੱਚ 12,000 ਤੋਂ ਵੱਧ ਪਿੰਡ ਹਨ। ਕਮੇਟੀ ਦਾ ਵਿਚਾਰ ਹੈ ਕਿ ਬਾਕੀ ਰਹਿੰਦੇ ਪਿੰਡਾਂ ਵਿੱਚ ਵੀ ਇਹ ਸਾਰੀਆਂ ਸਹੂਲਤਾਂ ਪਹੁੰਚਣੀਆਂ ਚਾਹੀਦੀਆਂ ਹਨ।

ਕੇਂਦਰ ਸਰਕਾਰ ਵੱਲੋਂ ਹੁਣ ਸ਼ਿਆਮਾ ਪ੍ਰਸਾਦ ਮੁਖਰਜੀ ਰੂਰਬਨ ਮਿਸ਼ਨ ਨੂੰ ਦਸੰਬਰ, 2022 ਵਿੱਚ ਬੰਦ ਕੀਤਾ ਜਾ ਰਿਹਾ ਹੈ। ਕਮੇਟੀ ਨੇ ਰਿਪੋਰਟ ਵਿੱਚ ਸਿਫਾਰਸ਼ ਕੀਤੀ ਹੈ ਕਿ ਇਸ ਸਕੀਮ ਨੂੰ ਕੇਂਦਰ ਤੱਕ ਪਹੁੰਚ ਕਰਕੇ ਜਾਰੀ ਕਰਵਾਇਆ ਜਾਵੇ ਅਤੇ ਜੇਕਰ ਕੇਂਦਰ ਸਰਕਾਰ ਵੱਲੋਂ ਇਸ ਸਕੀਮ ਨੂੰ ਮੁੜ ਤੋਂ ਜਾਰੀ ਨਹੀਂ ਕੀਤਾ ਜਾਂਦਾ ਤਾਂ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਤੇ ਇਸ ਸਕੀਮ ਨੂੰ ਚਾਲੂ ਕੀਤਾ ਜਾਵੇ ਕਿਉਂਕਿ ਇਸ ਸਕੀਮ ਤਹਿਤ 30 ਕਰੋੜ ਰੁਪਏ ਵਿੱਚੋਂ ਕੇਂਦਰ ਦੇ ਹਿੱਸੇ ਸਿਰਫ 18 ਕਰੋੜ ਰੁਪਿਆ ਹੀ ਆਉਂਦਾ ਹੈ ਅਤੇ ਰਾਜ ਸਰਕਾਰ ਵੱਲੋਂ ਇੱਕ ਕਲੱਸਟਰ ਲਈ 18 ਕਰੋੜ ਰੁਪਿਆ ਹੋਰ ਦੇਣਾ ਕੋਈ ਬਹੁਤ ਵੱਡੀ ਰਕਮ ਨਹੀਂ ਹੈ। ਇਸ ਤੋਂ ਇਲਾਵਾ ਕਮੇਟੀ ਵੱਲੋਂ ਹੋਰ ਵੀ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਜਿਹੜੀਆਂ ਕਿ ਰਿਪੋਰਟ ਵਿੱਚ ਦਰਜ ਹਨ। ਧੰਨਵਾਦ ਜੀ।

-----------------

## RESUMPTION OF DISCUSSION OF GOVERNOR'S ADDRESS AND VOTE ON THE MOTION OF THANKS

**ਮਾਨਯੋਗ ਸਪੀਕਰ:** ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ। ਰਾਜਪਾਲ ਜੀ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਵਿੱਚ ਸੋਧਨਾਵਾਂ ਕਰਨ ਲਈ ਡਾ. ਨਛੱਤਰ ਪਾਲ ਜੀ, ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ ਅਤੇ ਡਾ. ਸੁਖਵਿੰਦਰ ਕੁਮਾਰ ਜੀ, ਮਾਨਯੋਗ ਐਮ.ਐਲ.ਏ. ਸਾਹਿਬਾਨਾਂ ਵਲੋਂ 12 ਨੋਟਿਸ ਪ੍ਰਾਪਤ ਹੋਏ ਹਨ। ਜੋ ਸਾਰੇ ਮਾਨਯੋਗ ਮੈਂਬਰ ਸਾਹਿਬਾਨਾਂ ਨੂੰ ਸਰਕੁਲੇਟ ਕਰ ਦਿੱਤੇ ਗਏ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਸਮਝਿਆ ਜਾਵੇ।

(ਅਵਾਜਾਂ: ਹਾਂ ਜੀ, ਹਾਂ ਜੀ।)

### ਸੋਧਨਾ ਨੋਟਿਸ ਨੰ: 1

**ਮਾਨਯੋਗ ਸਪੀਕਰ:** ਡਾ. ਨਛੱਤਰ ਪਾਲ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 2**

**ਮਾਨਯੋਗ ਸਪੀਕਰ:** ਡਾ. ਨਛੱਤਰ ਪਾਲ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲਾਅ ਅਫ਼ਸਰਾਂ ਦੀਆਂ ਨਿਯੁਕਤੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਦਲਿਤ ਵਰਗ ਦੇ ਐਡਵੋਕੇਟਾਂ ਦੀਆਂ ਨਿਯੁਕਤੀਆਂ ਕਰਨ ਦੇ ਮਾਮਲੇ ਬਾਰੇ ਹੋਏ ਧੱਕੇ ਦਾ ਅਤੇ ਸਰਕਾਰ ਦੇ ਦਲਿਤ ਵਿਰੋਧੀ ਹੋਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 3**

**ਮਾਨਯੋਗ ਸਪੀਕਰ:** ਡਾ. ਨਛੱਤਰ ਪਾਲ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਵਿੱਚ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਕਿਸੇ ਠੋਸ ਪਾਲਿਸੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 4**

**ਮਾਨਯੋਗ ਸਪੀਕਰ:** ਡਾ. ਨਛੱਤਰ ਪਾਲ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਵਿੱਚ ਸਰਕਾਰ ਵੱਲੋਂ ਕੀਤੀ ਜਾ ਰਹੀ ਆਨਾ-ਕਾਨੀ ਵਾਲੀ ਨੀਤੀ ਤੇ ਇਸ ਨੂੰ ਦੇਸ਼ ਦੇ ਕੁੱਝ ਹੋਰ ਰਾਜਾਂ ਦੀ ਤਰਜ਼ ਦੇ ਸਫੁਰਤੀ ਨਾਲ ਲਾਗੂ ਕਰ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 5**

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 6**

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲਾਅ ਅਫ਼ਸਰਾਂ ਦੀਆਂ ਨਿਯੁਕਤੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਦਲਿਤ ਵਰਗ ਦੇ ਐਡਵੋਕੇਟਾਂ ਦੀਆਂ ਨਿਯੁਕਤੀਆਂ ਕਰਨ ਦੇ ਮਾਮਲੇ ਬਾਰੇ ਹੋਏ ਧੱਕੇ ਦਾ ਅਤੇ ਸਰਕਾਰ ਦੇ ਦਲਿਤ ਵਿਰੋਧੀ ਹੋਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 7**

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਵਿੱਚ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਕਿਸੇ ਠੋਸ ਪਾਲਿਸੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 8**

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਇਆਲੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਵਿੱਚ ਸਰਕਾਰ ਵੱਲੋਂ ਕੀਤੀ ਜਾ ਰਹੀ ਆਨਾ-ਕਾਨੀ ਵਾਲੀ ਨੀਤੀ ਤੇ ਇਸ ਨੂੰ ਦੇਸ਼ ਦੇ ਕੁੱਝ ਹੋਰ ਰਾਜਾਂ ਦੀ ਤਰਜ਼ ਦੇ ਸਫੁਰਤੀ ਨਾਲ ਲਾਗੂ ਕਰ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 9**

**ਮਾਨਯੋਗ ਸਪੀਕਰ:** ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 10**

**ਮਾਨਯੋਗ ਸਪੀਕਰ:** ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲਾਅ ਅਫ਼ਸਰਾਂ ਦੀਆਂ ਨਿਯੁਕਤੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਦਲਿਤ ਵਰਗ ਦੇ ਐਡਵੋਕੇਟਾਂ ਦੀਆਂ ਨਿਯੁਕਤੀਆਂ ਕਰਨ ਦੇ ਮਾਮਲੇ ਬਾਰੇ ਹੋਏ ਧੱਕੇ ਦਾ ਅਤੇ ਸਰਕਾਰ ਦੇ ਦਲਿਤ ਵਿਰੋਧੀ ਹੋਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 11**

**ਮਾਨਯੋਗ ਸਪੀਕਰ:** ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਵਿੱਚ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਕਿਸੇ ਠੋਸ ਪਾਲਿਸੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਸੋਧਨਾ ਨੋਟਿਸ ਨੰ: 12**

**ਮਾਨਯੋਗ ਸਪੀਕਰ:** ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ ਨੇ ਪ੍ਰਸਤਾਵ ਕੀਤਾ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ –

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਵਿੱਚ ਸਰਕਾਰ ਵੱਲੋਂ ਕੀਤੀ ਜਾ ਰਹੀ ਆਨਾ-ਕਾਨੀ ਵਾਲੀ ਨੀਤੀ ਤੇ ਇਸ ਨੂੰ ਦੇਸ਼ ਦੇ ਕੁੱਝ ਹੋਰ ਰਾਜਾਂ ਦੀ ਤਰਜ਼ ਦੇ ਸਫੁਰਤੀ ਨਾਲ ਲਾਗੂ ਕਰ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

**ਮਾਨਯੋਗ ਸਪੀਕਰ:** ਹੁਣ, ਰਾਜਪਾਲ ਜੀ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਹੋਵੇਗੀ। ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਮਾਨਯੋਗ ਵਿਧਾਇਕ ਕੱਲ੍ਹ ਮਿਤੀ 6.3.2023 ਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬੋਲ ਰਹੇ ਸਨ ਤਾਂ ਉਸ ਸਮੇਂ ਸਦਨ ਦੀ ਕਾਰਵਾਈ ਖਤਮ ਹੋ ਗਈ ਸੀ। ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨਗੇ।

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਅਕਸਰ ਦੇਖਦਾ ਹਾਂ ਔਰ ਦੇਖਿਆ ਵੀ ਹੈ ਕਿ ਤਜਰਬੇਕਾਰ ਲੀਡਰ ਸਾਹਿਬਾਨਾਂ ਵਲੋਂ, ਜਦੋਂ ਰਾਜਪਾਲ ਜੀ ਭਾਸ਼ਣ ਦੇ ਰਹੇ ਸੀ, ਉਦੋਂ 'ਮੇਰੀ ਸਰਕਾਰ' ਲਫਜ਼ ਨੂੰ ਲੈ ਕੇ ਜਿਹੜਾ ਵਿਵਾਦ ਹੋਇਆ,

ਵਾਕ-ਆਊਟ ਹੋਇਆ, ਕਿਉਂਕਿ ਅਸੀਂ ਨਵੇਂ ਜ਼ਰੂਰ ਆਏ ਹਾਂ, ਸਾਡਾ ਵੀ ਬੜਾ ਕੁਝ ਸਿੱਖਣ ਨੂੰ ਦਿਲ ਕਰਦਾ ਹੈ ਪਰ ਜਦੋਂ ਅਜਿਹਾ ਮਾਹੌਲ ਵੇਖਦੇ ਹਾਂ ਤਾਂ ਸਾਨੂੰ ਇੱਕ ਗੱਲ ਦਾ ਖਦਸ਼ਾ ਜ਼ਰੂਰ ਮਹਿਸੂਸ ਹੁੰਦਾ ਹੈ ਕਿ ਪਤਾ ਨਹੀਂ ਵਾਕ-ਆਊਟ ਕਦੋਂ ਹੋ ਜਾਣਾ ਹੈ। ਕਦੋਂ ਮਾਹੌਲ ਖਰਾਬ ਹੋ ਜਾਣਾ ਹੈ ਔਰ ਇਨ੍ਹਾਂ ਨੇ ਚਲੇ ਜਾਣਾ ਹੈ ਅਤੇ ਸਾਹਮਣੇ ਵਾਲੀਆਂ ਕੁਰਸੀਆਂ ਸੁੰਨੀਆਂ ਵੇਖ ਕੇ ਮਨ ਉਦਾਸ ਹੁੰਦਾ ਹੈ। ਗਵਰਨਰ ਸਾਹਿਬ ਦੇ ਭਾਸ਼ਣ ਤੇ ਬਹਿਸ ਦਾ ਆਗਾਜ਼ ਹੋਇਆ, ਉਪਰੰਤ ਸੀ.ਐਮ. ਸਾਹਿਬ ਨੇ ਆਪਣੇ ਭਾਸ਼ਣ ਵਿੱਚ ਪੰਜਾਬੀਆਂ ਅੱਗੇ ਯੋਜਨਾਵਾਂ ਰੱਖੀਆਂ। ਸਾਰਾ ਪੰਜਾਬ ਇਸ ਸਮੇਂ ਸਾਨੂੰ ਦੇਖ ਰਿਹਾ ਹੈ। ਸਪੀਕਰ ਸਾਹਿਬ, ਮੈਂ ਬੜੀ ਜ਼ਿੰਮੇਦਾਰੀ ਨਾਲ ਚੰਦ ਕੁ ਲਫਜ਼ਾਂ ਵਿੱਚ ਆਪਣੀ ਬਹਿਸ ਨੂੰ ਸੀਮਤ ਕਰਨੀ ਚਾਹੁੰਦਾ ਹਾਂ। ਕੁਝ ਕੁ ਨੁਕਤਿਆਂ ਨੂੰ ਹੀ ਮੈਂ ਇੱਥੇ ਉਠਾਉਣਾ ਚਾਹੁੰਦਾ ਹਾਂ। ਇੱਕ ਸਾਲ ਸਾਡੀ ਸਰਕਾਰ ਦਾ ਹੋ ਗਿਆ ਹੈ।

ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ/11.55/07.03.2023

ਬੜੀਆਂ ਮੁਸ਼ਕਿਲਾਂ ਆਈਆਂ, ਅਸੀਂ ਬੜਾ ਕੁੱਝ ਫੇਸ ਕੀਤਾ ਪਰ ਬੜੇ ਮਾਣ ਤੇ ਫਖ਼ਰ ਦੀ ਗੱਲ ਹੈ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਸਾਡੀ ਸਰਕਾਰ ਦੀਆਂ ਪ੍ਰਾਪਤੀਆਂ ਵਿਲੱਖਣ ਨਜ਼ਰ ਆ ਰਹੀਆਂ ਹਨ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਇਸ ਸਾਲ ਬੜੇ ਕੰਮ ਕਰਕੇ ਦਿਖਾਏ ਹਨ, ਜੋ ਪੁਰਾਣੀਆਂ ਸਰਕਾਰਾਂ ਨਹੀਂ ਕਰ ਸਕੀਆਂ। ਜਿਵੇਂ ਕਿਹਾ ਜਾਂਦਾ ਹੈ ਕਿ ਜੇਕਰ ਕੱਪੜਾ ਜ਼ਿਆਦਾ ਮੈਲਾ ਹੋ ਜਾਵੇ ਤਾਂ ਵਾਸ਼ਿੰਗ ਪਾਉਡਰ ਨਾਲ ਵਾਰ ਵਾਰ ਧੋਣਾ ਪੈਂਦਾ ਹੈ। ਪਿਛਲੀ ਸਰਕਾਰ ਦੀਆਂ ਗਲਤ ਪਾਲਿਸੀਆਂ ਕਾਰਨ ਪੰਜਾਬ ਦਾ ਸਾਰਾ ਸਿਸਟਮ ਐਨਾ ਮੈਲਾ ਹੋ ਚੁੱਕਿਆ ਹੈ ਕਿ ਇਸ ਨੂੰ ਧੋਣ ਲੱਗਿਆਂ ਸਮਾਂ ਜ਼ਰੂਰ ਲੱਗ ਰਿਹਾ ਹੈ ਪਰ ਖੁਸ਼ੀ ਦੀ ਗੱਲ ਹੈ ਕਿ ਹੁਣ ਸ਼ੀਸ਼ਾ ਸਾਫ਼ ਹੋਣ ਲੱਗ ਪਿਆ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਜੀ ਦੇ ਦਿਸ਼ਾ ਨਿਰਦੇਸ਼ ਹੇਠ ਸਰਦਾਰ ਹਰਜੋਤ ਬੈਂਸ ਜੀ ਵੱਲੋਂ ਸਕੂਲ ਆਫ਼ ਐਮੀਨੈਂਸ ਖੋਲ੍ਹੇ ਗਏ ਹਨ। ਸਪੀਕਰ ਸਾਹਿਬ, ਸਿੱਖਿਆ ਸਾਡੀ ਬੁਨਿਆਦੀ ਜ਼ਰੂਰਤ ਹੈ। ਸਿੱਖਿਆ ਤੋਂ ਬਿਨਾ ਇਨਸਾਨ ਨੇਤਰਹੀਣ ਹੈ। ਸਿੱਖਿਆ ਤੋਂ ਬਿਨਾ ਇਨਸਾਨ ਦਾ ਬੌਧਿਕ ਵਿਕਾਸ ਸੰਭਵ ਨਹੀਂ ਹੈ। ਸਿੱਖਿਆ ਨਾਲ ਹੀ ਦੇਸ਼ ਦੀ ਤਰੱਕੀ ਹੈ। ਅਸੀਂ ਦਿੱਲੀ ਵਿਚ ਇਹ ਤਜਰਬਾ ਕਰ ਚੁੱਕੇ ਹਾਂ। ਸਾਡੇ ਮੁੱਖ ਮੰਤਰੀ ਜੀ ਨੇ ਇਸ ਗੱਲ ਨੂੰ ਸਮਝਦੇ ਹੋਏ 21 ਜਨਵਰੀ, 2023 ਨੂੰ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕੀਤੀ ਹੈ। 117 ਸਰਕਾਰੀ ਸੈਕੰਡਰੀ ਸਕੂਲਾਂ ਨੂੰ ਇਸ ਸਕੀਮ ਦਾ ਹਿੱਸਾ ਬਣਾਇਆ ਹੈ। ਸਾਡੇ ਲਈ ਮਾਣ ਦੀ ਗੱਲ ਹੈ ਕਿ ਜਿਹੜੇ ਬੱਚੇ ਉਨ੍ਹਾਂ ਸਕੂਲਾਂ ਵਿਚੋਂ ਪੜ੍ਹ ਕੇ ਬਾਹਰ ਨਿਕਲਣਗੇ ਤਾਂ ਉਨ੍ਹਾਂ ਦੀ ਇਕ ਵੱਖਰੀ ਪਹਿਚਾਣ ਹੋਵੇਗੀ। ਸਕੂਲ ਆਫ ਐਮੀਨੈਂਸ ਪ੍ਰਾਈਵੇਟ ਕਾਨਵੈਂਟ ਸਕੂਲਾਂ ਨੂੰ ਪੂਰਾ ਮੁਕਾਬਲਾ ਦੇਣਗੇ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਗਵਰਨਰ ਐਡਰੈੱਸ ਦੇ ਪੈਰ੍ਹਾ ਨੰ:

4 ਵਿਚ ਮੁਹੱਲਾ ਕਲੀਨਿਕਾਂ ਦੀ ਗੱਲ ਕੀਤੀ ਗਈ ਹੈ। ਜਿੱਥੇ ਦਵਾਈ ਅਤੇ ਪੜ੍ਹਾਈ ਆਮ ਇਨਸਾਨਾਂ ਦੀ ਪਹੁੰਚ ਵਿਚ ਹੋਵੇ, ਉਹ ਦੇਸ਼ ਹਮੇਸ਼ਾ ਤਰੱਕੀ ਕਰਦਾ ਹੈ। ਅਸੀਂ ਇਨ੍ਹਾਂ ਦੋਹਾਂ ਵਿਸ਼ਿਆਂ ਵਿਚ ਅੱਗੇ ਵੱਧ ਰਹੇ ਹਾਂ। ਸਿੱਖਿਆ ਦੇ ਖੇਤਰ ਵਿਚ ਜਿੱਥੇ ਸਕੂਲ ਆਫ਼ ਐਮੀਨੈਂਸ ਖੋਲੇ ਗਏ ਹਨ, ਉੱਥੇ ਸਿਹਤ ਦੇ ਖੇਤਰ ਵਿਚ ਆਮ ਆਦਮੀ ਕਲੀਨਿਕ ਵੀ ਖੋਲੇ ਗਏ ਹਨ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ):** ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਸਾਡੇ ਸਾਥੀ ਗਵਰਨਰ ਐਡਰੈੱਸ ਤੇ ਬੋਲ ਰਹੇ ਹਨ। ਇੱਥੇ ਆਮ ਆਦਮੀ ਪਾਰਟੀ ਕਲੀਨਿਕ ਦੀ ਗੱਲ ਕੀਤੀ ਜਾ ਰਹੀ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਡਿਸਪੈਂਸਰੀਆਂ ਪਹਿਲਾਂ ਹੀ ਵਧੀਆ ਢੰਗ ਨਾਲ ਚੱਲ ਰਹੀਆਂ ਸਨ, ਉਨ੍ਹਾਂ ਤੇ ਥੋਹੜਾ ਬਹੁਤਾ ਖਰਚ ਕਰਕੇ ਆਮ ਆਦਮੀ ਕਲੀਨਿਕ ਬਣਾ ਦਿੱਤੇ ਗਏ, ਇਸ ਨਾਲ ਆਮ ਲੋਕਾਂ ਨੂੰ ਕੀ ਲਾਭ ਹੋਇਆ? ਉੱਥੇ ਕੋਈ ਮੈਡੀਸਨ ਨਹੀਂ ਮਿਲ ਰਹੀ। (ਵਿਘਨ.ਸ਼ੋਰ)

**ਮਾਨਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ।

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਦਾ ਟਾਈਮ ਲੱਗੇ ਤਾਂ ਮੇਰੇ ਹਲਕੇ ਬਟਾਲੇ ਵਿਚ ਆ ਜਾਣ। ਸਾਡਾ ਹਲਕਾ ਇਕ ਉੱਚਾ ਟਿੱਬਾ ਹੈ, ਜਿੱਥੇ ਇਨ੍ਹਾਂ ਦੀਆਂ ਪੁਰਾਣੀਆਂ ਸਰਕਾਰਾਂ ਵੇਲੇ ਕਬੂਤਰਾਂ ਦੇ ਆਲ੍ਹਣੇ ਬਣ ਚੁੱਕੇ ਸਨ, ਉੱਥੇ ਕਬੂਤਰਾਂ ਦੀ ਜਗ੍ਹਾ ਕੋਈ ਹੋਰ ਨਜ਼ਰ ਨਹੀਂ ਸੀ ਆਉਂਦਾ ਪਰ ਉਥੋਂ ਦੇ ਲੋਕਾਂ ਦੀ ਮੰਗ ਸੀ।

**ਮਾਨਯੋਗ ਸਪੀਕਰ:** ਕਬੂਤਰ ਕਿੱਥੇ ਸੀ?

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਸਪੀਕਰ ਸਾਹਿਬ, ਜਿੱਥੇ ਸਾਡੇ ਹਲਕੇ ਵਿਚ ਨਵੇਂ ਮੁਹੱਲਾ ਕਲੀਨਿਕ ਖੁੱਲੇ ਹਨ, ਸਾਡੇ ਕਿਲ੍ਹਾ ਮੰਡੀ ਵਿਚ ਇਨ੍ਹਾਂ ਦੇ ਵੇਲੇ ਦੀ ਬਣੀ ਪੁਰਾਣੀ ਡਿਸਪੈਂਸਰੀ ਸੀ, ਜੋ ਕਿ ਖੰਡਰ ਬਣ ਚੁੱਕੀ ਸੀ।

**ਮਾਨਯੋਗ ਸਪੀਕਰ:** ਉੱਥੇ ਡਾਕਟਰ ਨਹੀਂ ਸੀ?

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਨਹੀਂ ਜੀ ਨਹੀਂ। ਇਨ੍ਹਾਂ ਨੇ ਡਾਕਟਰਾਂ ਦੀ ਜਗ੍ਹਾ ਕਬੂਤਰ ਰੱਖੇ ਹੋਏ ਸੀ। (ਹਾਸਾ) ਸਪੀਕਰ ਸਾਹਿਬ, ਮੈਂ ਗੱਲ ਸਪਸ਼ਟ ਕਰਾਂਗਾ ਕਿ ਮੈਂਬਰ ਸਾਹਿਬ ਮੇਰੇ ਹਲਕੇ ਵਿਚ ਸਮਾਂ ਕੱਢ ਕੇ ਆਉਣ ਤੇ ਮੁਹੱਲਾ ਕਲੀਨਿਕਾਂ ਨੂੰ ਵੇਖਣ। ਸਾਡੇ ਮੁਹੱਲਾ ਕਲੀਨਿਕਾਂ ਵਿਚ ਰੋਜ਼ਾਨਾ 150 ਦੇ ਕਰੀਬ ਮਰੀਜ਼ ਮੁਫ਼ਤ ਦਵਾਈਆਂ ਲੈ ਰਹੇ ਹਨ, ਮੁਫ਼ਤ ਟੈਸਟ ਹੋ ਰਹੇ ਹਨ। ਉੱਥੇ ਮੁਫ਼ਤ ਓ.ਪੀ.ਡੀ.

ਸਹੂਲਤ ਹੈ। ਲੋਕ ਆਪਣਾ ਇਲਾਜ ਮੁਫ਼ਤ ਕਰਵਾ ਰਹੇ ਹਨ।ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਦੀਆਂ ਪੁਰਾਣੀਆਂ ਸਰਕਾਰਾਂ ਦਾ ਗੜ੍ਹ ਸੀ, ਉੱਥੇ ਅੱਜ ਸਰਦਾਰ ਭਗਵੰਤ ਮਾਨ ਜੀ ਦੀ ਚਰਚਾ ਹੋ ਰਹੀ ਹੈ। (ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਸ਼ੈਰੀ ਜੀ, ਕਨਕਲੂਡ ਕਰੋ।

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਹੁਣ ਮੈਂ ਗੱਲ ਕਰਾਂਗਾ ਖੇਤੀਬਾੜੀ ਦੀ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਹੀ ਕਰ ਲਓ। (ਹਾਸਾ)

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ)** : ਸਪੀਕਰ ਸਾਹਿਬ, ਅੱਜ ਬੋਲਣ ਦਿਓ ਜੀ।

aman-shubham/12.00/7.3.23

ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੇ ਕਦੋਂ ਚਲੇ ਜਾਣਾ ਹੈ। ਮੈਨੂੰ ਥੋੜ੍ਹਾ ਜਿਹਾ ਹੋਰ ਬੋਲ ਲੈਣ ਦਿਓ। ਦੋ ਮਿੰਟ ਹੋਰ ਲਗਾ ਲਈਏ ਜੀ ।

**ਮਾਨਯੋਗ ਸਪੀਕਰ:** ਠੀਕ ਹੈ ਜੀ, ਪਰ ਦੇਖ ਕੇ ਨਹੀਂ ਪੜ੍ਹਨਾ ਹੈ।

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਚਲੋਂ ਮੈਂ ਦੇਖ ਕੇ ਪੜ੍ਹਨਾ ਛੱਡ ਤਾਂ ਜੀ। ਹੁਣ ਮਾਝੇ ਦੇ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਨੇ ਕਿੰਨੀਆਂ ਪੰਚਾਇਤੀ ਜ਼ਮੀਨਾਂ ਛੁਡਵਾਈਆਂ, ਇਨ੍ਹਾਂ ਦਾ ਵੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਫਰਜ਼ ਬਣਦਾ ਸੀ ਕਿ ਉਦੋਂ ਇਹ ਜ਼ਮੀਨਾਂ ਛੁਡਵਾ ਕੇ ਦਿੰਦੇ। ਸਰਦਾਰ ਭਗਵੰਤ ਮਾਨ ਦੀ ਸਰਕਾਰ ਆਈ, 10,000 ਏਕੜ ਦੇ ਕਰੀਬ ਜ਼ਮੀਨਾ ਛੁਡਵਾਈਆਂ, ਕੀ ਇਹ ਨਹੀਂ ਸੀ ਛੁਡਵਾ ਸਕਦੇ? ਨਹੀਂ, ਔਖਾ ਜੀ। ਜੇਕਰ ਬਿਜਲੀ ਦੇ ਬਿਲ ਦੀ ਗਲ ਕਰੀਏ ਤਾਂ ਜਦੋਂ ਵੀ ਇਨ੍ਹਾਂ ਪੁਰਾਣੀਆਂ ਸਰਕਾਰਾਂ ਦੀ ਦੇਣ ਚੱਲੀ ਤਾਂ ਜਦੋਂ ਕਿਤੇ ਜਾਣਾ ਤਾਂ ਕਹਿੰਦੇ ਸੀ ਕਿ ਸਾਡੇ ਵੇਲੇ 200 ਯੂਨਿਟ ਮੁਆਫ ਸੀ, ਪਰ ਉਸ ਲਈ ਕਦੀ ਐਸ.ਸੀ. ਦਾ ਸਰਟੀਫਿਕੇਟ ਲੈ ਕੇ ਆਓ, ਕਦੀ ਸਰਪੰਚ ਦੇ ਸਾਈਨ ਕਰਵਾ ਲਵੋ, ਕਦੀ ਐਮ.ਸੀ ਦੇ ਸਾਈਨ ਕਰਵਾ ਲਵੋ, ਕਦੇ ਐਮ.ਐਲ.ਏ ਦੀ ਸਿਫਾਰਸ਼ ਪਵਾ ਲਵੋ। ਜਿਸ ਦਿਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, 600 ਯੂਨਿਟ ਫਰੀ ਕਰ ਦਿੱਤਾ ਹੈ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੈਂ ਇੰਨੀ ਗੱਲ ਮਾਨ ਨਾਲ ਕਹਿ ਸਕਦਾ ਹਾਂ ਕਿ ਜੇ ਫਰੀ ਹੋਇਆ ਹੈ ਤਾਂ ਕਾਂਗਰਸੀਆਂ ਤੇ ਅਕਾਲੀਆਂ ਦੇ ਵੀ ਬਿੱਲ ਜ਼ੀਰੋ ਆਏ ਹਨ ਭਾਵੇਂ ਇਹ ਨਾ ਦੱਸਣ। ਸੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਕਿਸੇ ਸਰਪੰਚ ਕੋਲ ਜਾਣ ਦੀ ਲੋੜ ਨਹੀਂ ਪਈ, ਕਿਸੇ ਐਮ.ਐਲ.ਏ ਦੀ ਸਿਫਾਰਸ਼

ਕਰਵਾਉਣ ਦੀ ਲੋੜ ਨਹੀਂ ਪਈ, ਕਿਸੇ ਐਮ.ਸੀ. ਦੇ ਸਾਈਨਾਂ ਦੀ ਲੋੜ ਨਹੀਂ ਪਈ। ਜੇ ਲੋੜ ਪਈ ਹੈ ਤਾਂ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਡਾਕਟਰ ਅੰਬੇਦਕਰ ਵਾਲੀ ਸੋਚ, ਭਗਤ ਸਿੰਘ ਦੀ ਸੋਚ ਜਿਸ ਨੇ ਕਦੀ ਵੀ ਕਿਸੇ ਦੇ ਦਰ-ਦਰ ਤੇ ਜਾਣ ਲਈ ਲੋਕਾਂ ਨੂੰ ਅੱਗੇ ਨਹੀਂ ਕੀਤਾ। ਸਾਡੀ ਸਰਕਾਰ ਵੇਲੇ ਜੇ ਬਿਲ ਮੁਆਫ ਹੋਏ ਹਨ ਤਾਂ ਸਾਰਿਆਂ ਦੇ ਹੋਏ ਹਨ।

(ਇੱਕ ਆਵਾਜ਼ ਆਪੋਜ਼ੀਸ਼ਨ ਵੱਲੋਂ "ਸਾਡਾ ਤਾਂ 37000 ਰੁਪਏ ਦਾ ਬਿਲ ਆਇਆ ਹੈ।")

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** 15-15 ਏ.ਸੀ ਲਗਾਉਣੇ ਤੇ 37,000 ਰੁਪਏ ਬਿਜਲੀ ਦੇ ਬਿਲ ਆਉਣ ਦੀ ਗੱਲ ਕਰਨੀ। ਜਿਨ੍ਹਾਂ ਦੇ ਯੂਨਿਟ 600 ਤੋਂ ਘੱਟ ਬਲੇ ਹਨ, ਉਨ੍ਹਾਂ ਦੇ ਬਿਲ ਦੇਖੋ।

(ਵਿਘਨ)

**ਮਾਨਯੋਗ ਸਪੀਕਰ:** ਇਨ੍ਹਾਂ ਨੂੰ ਬੋਲ ਲੈਣ ਦਿਓ, ਨਹੀਂ ਤਾਂ ਇਹ ਭਰੇ ਹੀ ਰਹਿ ਜਾਣੇ ਹਨ।

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਮੈਂ ਦੱਸਣਾ ਚਾਹੁੰਦਾ ਹਾਂ ਕਿ 75 ਸਾਲ ਸਪੀਕਰ ਸਾਹਿਬ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਨੂੰ ਹੋ ਗਏ ਹਨ, ਸਾਡੇ ਸ਼ਹਿਰ ਦੀ ਸ਼ਬਜ਼ੀ ਮੰਡੀ ਵਿੱਚ 75 ਸਾਲਾਂ ਦੇ ਵਿੱਚ ਸ਼ੈੱਡ ਨਹੀਂ ਪਿਆ ਸੀ। ਮਾਨਯੋਗ ਭਗਵੰਤ ਮਾਨ ਜੀ ਦੀ ਸਰਕਾਰ ਆਈ, ਕੁਲਦੀਪ ਧਾਲੀਵਾਲ ਜੀ ਨੇ ਉਸ ਸਬਜ਼ੀ ਮੰਡੀ ਦੇ ਵਿੱਚ 2 ਸ਼ੈੱਡਾਂ ਲਈ 1 ਕਰੋੜ 54 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ। ਇਹ ਭਗਵੰਤ ਮਾਨ ਜੀ ਦੀ ਸਰਕਾਰ ਨੇ ਕੀਤਾ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਸਬਜ਼ੀ ਮੰਡੀ ਦਾ ਸ਼ੈੱਡ ਸਾਡੇ ਵੇਲੇ ਦਾ ਮਨਜ਼ੂਰ ਹੋਇਆ ਹੈ ਤੇ 300 ਕਰੋੜ ਰੁਪਿਆ ਬਟਾਲੇ ਵਿੱਚ ਕੈਪਟਨ ਸਾਹਿਬ ਦੇ ਵੇਲੇ ਲੱਗਿਆ ਸੀ। ਉਨ੍ਹਾਂ ਨੇ ਬਟਾਲੇ ਦੀ ਨੁਹਾਰ ਬਦਲੀ ਹੈ, ਕਲਸੀ ਸਾਹਿਬ ਇਸ ਬਾਰੇ ਵੀ ਬੋਲੋ ਕਿ ਬਟਾਲੇ ਕਿ ਬਟਾਲੇ ਦਾ ਕੀ ਕੁਝ ਸਾਡੇ ਵੱਲੋਂ ਸਵਾਰਿਆ ਗਿਆ ਹੈ?

**ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ):** ਜਦੋਂ ਤੁਹਾਨੂੰ ਮੌਕਾ ਮਿਲੇਗਾ ਤਾਂ ਉਦੋਂ ਜ਼ਰੂਰ ਬੋਲਣਾ ਪਰ ਮੈਂ ਦੱਸਣਾ ਚਾਹੁੰਦਾ ਹਾਂ ਬਾਜਵਾ ਸਾਹਿਬ ਕਿ ਜਿਹੜਾ ਇਹ ਸਬਜ਼ੀ ਮੰਡੀ ਦਾ ਸ਼ੈੱਡ ਹੈ, ਇਸ ਦੀ ਤਾਂ ਮੈਂ 2 ਹਫਤੇ ਪਹਿਲਾਂ ਧਾਲੀਵਾਲ ਸਾਹਿਬ ਕੋਲੋਂ ਪ੍ਰਵਾਨਗੀ ਲੈ ਕੇ ਗਿਆ ਹਾਂ। ਮੈਂ ਮਹੂਰਤ ਕੀਤਾ ਹੈ। ਬਟਾਲੇ ਦੀਆਂ ਸੜ੍ਹਕਾਂ ਚੌੜੀਆਂ ਹੋ ਰਹੀਆਂ ਹਨ, ਮੈਂ ਉਸ ਧਰਤੀ ਤੋਂ ਆਉਂਦਾ ਹਾਂ ਜਿਹੜੀ ਗੁਰੂ ਨਾਨਕ ਸਾਹਿਬ ਦੀ ਚਰਨਛੋਹ ਧਰਤੀ ਹੈ। ਇਤਿਹਾਸ ਹੈ ਮਹਾਰਾਜਾ ਰਣਜੀਤ ਸਿੰਘ ਜੀ ਵੀ ਬਟਾਲੇ ਵਿਖੇ ਵਿਆਹੁਣ ਆਏ, ਗੁਰੂ ਨਾਨਕ ਸੱਚੇਪਾਤਸ਼ਾਹ ਜੀ ਦਾ ਹਰ ਸਾਲ ਉਥੇ ਵਿਆਹ ਬੜੀ ਧੂਮ-ਧਾਮ ਨਾਲ ਕਰਵਾਇਆ ਜਾਂਦਾ ਹੈ। ਦੇਸ਼ਾਂ-ਵਿਦੇਸ਼ਾਂ ਵਿੱਚੋਂ ਲੱਖਾਂ ਲੋਕ ਆਉਂਦੇ ਹਨ। ਅਚਲੇਸ਼ਵਰ ਧਾਮ, ਹਜੀਰਾ ਪਾਰਕ ਹੈ, ਪੁਰਾਣੇ ਗੇਟ ਸੀ ਜਿਨ੍ਹਾਂ ਨੂੰ ਖੰਡਰ ਬਣਾ ਦਿੱਤਾ ਗਿਆ ਹੈ ਸਰਕਾਰਾਂ ਨੇ ਢਹਿ-ਢੇਰੀ ਹੋਣ ਵਾਸਤੇ ਰੱਖ ਦਿੱਤਾ ਸੀ। ਮੈਨੂੰ ਐਫ.ਐਮ ਸਾਹਿਬ ਵੱਲੋਂ ਬੜਾ ਆਸ਼ਵਾਸ਼ਨ ਦਿੱਤਾ ਗਿਆ ਕਿ ਤਕੜਾ ਹੋ, ਆਪਣੇ ਸ਼ਹਿਰ ਦੀ ਸੇਵਾ ਕਰ,

ਭਗਵੰਤ ਮਾਨ ਜੀ ਦੀ ਸਰਕਾਰ ਦਾ ਤੇਰੇ ਸਿਰ ਤੇ ਹੱਥ ਹੈ, ਤੇਰੇ ਸ਼ਹਿਰ ਨੂੰ ਬਿਹਤਰੀਨ ਬਣਾ ਕੇ ਦੇਆਂਗੇ। ਮੈਂ ਸਲੂਟ ਕਰਦਾ ਹਾਂ ਜੀ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਮੈਨੂੰ ਅੱਜ 12ਵੇਂ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਮਿਲਿਆ ਹੈ। ਮੈਂ ਪਹਿਲਾਂ ਵੀ 11 ਵਾਰ ਤੁਹਾਡੀ ਕਿਰਪਾ ਦੇ ਨਾਲ, ਸੱਚੇ ਪਾਤਸ਼ਾਹ ਦੀ ਕਿਰਪਾ ਦੇ ਨਾਲ ਬੋਲ ਚੁੱਕਿਆ ਹਾਂ। ਜਦੋਂ ਮੈਂ ਗਵਰਨਰ ਐਡਰੈੱਸ ਵੱਲ ਵੇਖ ਰਿਹਾ ਸੀ ਤਾਂ ਸਪੀਕਰ ਸਾਹਿਬ ਮੈਨੂੰ ਉਹੀ era ਮੂਹਰਲਾ ਜਿਹੜਾ front page cover ਹੈ।

ਤ.ਸ./ਸ਼.ਜ. /12.05 / 07.03.2023

1

ਜਦੋਂ ਮੈਂ ਗਵਰਨਰ ਐਡਰੈੱਸ ਵੱਲ ਵੇਖਦਾ ਹਾਂ ਤਾਂ ਮੈਨੂੰ ਇਸ ਦਾ ਮੂਹਰਲਾ ਫਰੰਟ ਪੇਜ ਕਵਰ ਉਹੀ ਚਿੱਟੇ ਰੰਗ ਦਾ ਦਿਖ ਰਿਹਾ ਹੈ, ਉਹੀ ਕਾਗਜ਼ ਹੈ ਅਤੇ ਅੰਦਰ ਉਹੀ ਸੁਹਣੇ ਸੁਹਣੇ ਅੱਖਰਾਂ ਵਿੱਚ ਲਿਖੀਆਂ ਸਰਕਾਰ ਅਤੇ ਪੰਜਾਬ ਪ੍ਰਤੀ ਗੱਲਾਂ ਹਨ। ਗਵਰਨਰ ਐਡਰੈੱਸ ਤੇ ਉਸੇ ਤਰ੍ਹਾਂ ਦਾ ਮਾਹੌਲ ਹੈ। ਜਦੋਂ ਅਸੀਂ ਸੱਤਾ ਧਿਰ ਵਿੱਚ ਬੈਠੇ ਹੁੰਦੇ ਸੀ, ਅਸੀਂ ਵੀ ਤਾੜੀਆਂ ਮਾਰਦੇ ਹੁੰਦੇ ਸੀ। ਅਸੀਂ ਵੀ ਗਵਰਨਰ ਐਡਰੈੱਸ ਬਾਰੇ ਉਚੀ ਉਚੀ ਬੋਲ ਕੇ ਚਰਚਾ ਕਰਦੇ ਹੁੰਦੇ ਸੀ ਕਿ ਕਿਆ ਗਵਰਨਰ ਐਡਰੈੱਸ ਹੈ ਤੇ ਵਿਰੋਧੀ ਧਿਰ ਦੇ ਮੈਂਬਰ, ਜਿਹੜੇ ਇੱਧਰ ਬੈਠੇ ਹੁੰਦੇ ਸੀ, ਉਹ ਇਸ ਦੀ ਨਿੰਦਾ ਕਰਦੇ ਹੁੰਦੇ ਸੀ। ਬੇਸ਼ੱਕ ਇਸ ਵਿੱਚ ਕੋਈ ਚੰਗੀ ਚੀਜ਼ ਲਿਖੀ ਹੋਵੇ ਜਾਂ ਨਾ ਲਿਖੀ ਹੋਵੇ, ਸੱਤਾ ਧਿਰ ਦੇ ਮੈਂਬਰ ਇਸ ਦੇ ਹੱਕ ਵਿੱਚ ਖੜ੍ਹੇ ਹੁੰਦੇ ਸਨ। ਮਨ ਵਿੱਚ ਇਹ ਗੱਲ ਵੀ ਸੀ ਕਿ ਕਦੇ ਨਾ ਕਦੇ ਇਹ ਰੀਤੀ ਰਿਵਾਜ ਬਦਲਣਗੇ ਜਿਵੇਂ ਕਿ ਬਾਹਰਲੇ ਦੇਸ਼ਾਂ ਵਿੱਚ ਬਦਲੇ ਹਨ। ਚਾਹੇ ਆਪਣੀ ਸਰਕਾਰ ਵੀ ਹੋਵੇ, ਜਦੋਂ ਉਥੇ ਚੁਣੇ ਹੋਏ ਸੈਨੇਟਰ ਬੋਲਦੇ ਹਨ ਤਾਂ ਜੇਕਰ ਨਿੰਦਾ ਕਰਨੀ ਪਵੇ ਤਾਂ ਉਹ ਨਿੰਦਾ ਕਰਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਕਰੋ, ਅਸੀਂ ਵੀ ਨਿੰਦਾ ਨਹੀਂ ਕੀਤੀ। ਸ਼ਾਇਦ ਅਸੀਂ ਸੱਚੀ ਗੱਲ ਨੂੰ ਸੱਚੀ ਕਹਿੰਦੇ ਹੁੰਦੇ ਤਾਂ ਸ਼ਾਇਦ ਇੱਧਰਲੇ ਪਾਸੇ ਨਾ ਬੈਠੇ ਹੁੰਦੇ। ਕਈ ਵਾਰ ਗੱਲ ਕਰਨ ਦੀ ਕੋਸ਼ਿਸ਼ ਕੀਤੀ... (ਵਿਘਨ) (ਸ਼ੋਰ) ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਇਸ ਦੇ ਸਿੱਟੇ ਕੁਝ ਹੋਰ ਹੋਣੇ ਸਨ। ਜਿਹੜੀ ਅਸੀਂ ਗਲਤੀ ਕੀਤੀ ਸ਼ਾਇਦ ਉਹੀ ਗਲਤੀ ਤੁਸੀਂ ਵੀ ਦੁਹਰਾ ਰਹੇ ਹੋ। ਸੋ, 12ਵੀਂ ਵਾਰੀ ਦੇ ਇਸ ਗਵਰਨਰ ਐਡਰੈੱਸ ਵਿੱਚ ਮੈਨੂੰ ਕੁਝ ਬਦਲਿਆ ਨਜ਼ਰ ਨਹੀਂ ਆਉਂਦਾ। ਪਹਿਲਾਂ ਮੈਂ ਸ਼ਾਬਾਸ਼ੀ ਦੀ ਗੱਲ ਕਰਾਂ। ਬੇਸ਼ੱਕ ਪ੍ਰਿੰਸੀਪਲ ਸਾਹਿਬਾਨਾਂ ਦੀ ਗੱਲ ਹੋਈ ਹੈ, ਬਾਹਰ ਜਾਣ ਦੀ ਗੱਲ ਹੋਈ ਹੈ, ਇਹ ਬਹੁਤ ਚੰਗਾ ਕਦਮ ਹੈ। ਮੈਂ ਸ਼ਲਾਘਾ ਕਰਦਾ ਹਾਂ। ਗਵਰਨਰ ਐਡਰੈੱਸ ਵਿੱਚ ਲਿਖਿਆ ਕਿ ਪ੍ਰਿੰਸੀਪਲ ਸਾਹਿਬਾਨ ਬਾਹਰ ਭੇਜੇ, ਪ੍ਰਕਿਰਿਆ ਵਿੱਚ 19-21 ਹੋ ਸਕਦੀ ਹੈ ਲੇਕਿਨ ਸਰਕਾਰ ਦਾ ਇਹ ਕਦਮ ਸ਼ਲਾਘਾਯੋਗ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇਕਰ ਪੰਜਾਬ ਦੇ ਪ੍ਰਿੰਸੀਪਲ ਸਾਹਿਬਾਨਾਂ ਨੂੰ ਬਾਹਰ ਭੇਜ

ਕੇ ਵਿੱਦਿਆ ਦਾ ਮਿਆਰ ਵਧਾਉਣਾ ਚਾਹੁੰਦੇ ਹੋ, ਇਹ ਬਹੁਤ ਚੰਗੀ ਗੱਲ ਹੈ। ਮੈਂ ਮੁੱਖ ਮੰਤਰੀ ਜੀ ਨੂੰ ਅਤੇ ਤੁਹਾਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ। ਮੈਂ ਨਾਲ ਨਾਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਤੁਹਾਨੂੰ ਸੱਚਾਈ ਬਿਆਨ ਕਰਨੀ ਪਵੇਗੀ। ਅਗਰ ਤੁਸੀਂ ਸੱਚਾਈ ਬਿਆਨ ਨਹੀਂ ਕਰੋਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਅਤੇ ਨਸਲਾਂ ਰਾਜੇ ਵੜਿੰਗ ਨੂੰ ਅਤੇ ਤੁਹਾਨੂੰ ਕੋਸਣਗੀਆਂ। ਬੇਸ਼ੱਕ ਵਿਧਾਨ ਸਭਾ ਵਿੱਚ ਕਿਸੇ ਦੀ ਇੱਕ ਦਿਨ ਦੀ ਹਿੱਸੇਦਾਰੀ ਹੈ, ਦੋ ਸਾਲ ਦੀ ਹੈ, ਪੰਜ ਸਾਲ ਦੀ ਹੈ ਜਾਂ 15 ਸਾਲ ਦੀ ਹਿੱਸੇਦਾਰੀ ਹੈ, ਇੱਥੇ ਬੜੇ ਵੱਡੇ ਵੱਡੇ ਲੋਕ ਆਏ ਹਨ ਅਤੇ ਖੁੱਡੀਆਂ ਸਾਹਿਬ ਪੰਜ ਵਾਰ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਹਰਾ ਕੇ ਆਏ ਹਨ, ਜਿਹੜਾ ਕਿ ਕਦੇ ਹਾਰਿਆ ਨਹੀਂ ਸੀ। ਮੇਰੇ ਕਹਿਣ ਦਾ ਮਤਲਬ ਹੈ ਤੁਸੀਂ ਵੀ ਅਤੇ ਅਸੀਂ ਵੀ ਇੱਥੇ ਪੱਕੇ ਬੈਠੇ ਨਹੀਂ ਰਹਿਣਾ। ਇਨ੍ਹਾਂ ਕੁਰਸੀਆਂ ਦਾ ਚਮਕ ਪੱਥਰ ਐਸਾ ਹੈ ਕਿ ਜਿਹੜਾ ਵੀ ਉਧਰ ਬੈਠ ਜਾਂਦਾ ਹੈ, ਪਤਾ ਨਹੀਂ ਕੀ ਹੋ ਜਾਂਦਾ ਹੈ। ਪਰ ਕੁਰਸੀਆਂ ਉਹੀ ਹਨ, ਉਹੀ ਲੈਦਰ ਹੈ, ਉਹੀ ਕਾਰਪੇਟ ਹੈ ਪਰ ਬੰਦੇ ਬਦਲਦੇ ਰਹਿੰਦੇ ਹਨ। (ਵਿਘਨ) (ਸ਼ੋਰ) Please don't disturb me. ਮੈਂ ਚੰਗੀ ਗੱਲ ਕਰ ਰਿਹਾ ਹਾਂ। ਸੋ, ਇੱਥੇ ਸਭ ਨੇ ਬਦਲਿਆ ਜਾਣਾ ਹੈ ਅਤੇ ਕਿਸੇ ਨੇ ਵੀ ਸਥਿਰ ਨਹੀਂ ਰਹਿਣਾ ਹੈ। ਲੇਕਿਨ ਪੰਜਾਬ ਦੇ ਲੋਕ ਸਾਨੂੰ ਵੇਖ ਰਹੇ ਹਨ। ਇਸੇ ਕਰਕੇ ਕਿਤੇ ਨਾ ਕਿਤੇ ਸਿਆਸੀ ਲੋਕਾਂ ਦਾ ਜਨਤਾ ਦੇ ਵਿੱਚੋਂ, ਨਾ ਕੇਵਲ ਤੁਹਾਡਾ, ਮੈਂ ਆਪਣੀ ਗੱਲ ਵੀ ਕਰ ਰਿਹਾ ਹਾਂ, ਸਾਡਾ ਮਿਆਰ ਦਿਨ-ਬ-ਦਿਨ ਡਿੱਗਦਾ ਜਾ ਰਿਹਾ ਹੈ। The Politics is all about the perception. ਵਿਚਾਰਧਾਰਾ। It's not about what you are doing or what you are not doing. ਇਹ ਸਾਰੀ ਵਿਚਾਰਧਾਰਾ ਦੀ ਲੜਾਈ ਹੈ। ਕਿਸੇ ਵਿਅਕਤੀ ਨੂੰ ਤੁਸੀਂ ਵਿਜੀਲੈਂਸ ਰਾਹੀਂ ਅੰਦਰ ਦੇ ਦਿਉ, ਅਗਰ ਲੋਕਾਂ ਵਿੱਚ ਉਸ ਦੀ ਵਿਚਾਰਧਾਰਾ ਚੰਗੀ ਹੈ, ਉਹ ਖਰਾਬ ਨਹੀਂ ਹੋ ਸਕੇਗੀ। ਮੈਂ ਉਦਾਹਰਨ ਦੇ ਰਿਹਾ ਹਾਂ। ਅਗਰ ਮੇਰੀ ਵਿਚਾਰਧਾਰਾ ਮਾੜੀ ਹੈ, ਲੋਕ ਸਮਝਦੇ ਹਨ ਕਿ ਇਹ ਖਰਾਬ ਬੰਦਾ ਹੈ, ਇਹ ਨਸ਼ੇ ਵੇਚਣ ਵਾਲਾ ਬੰਦਾ ਹੈ, ਉਹ ਜਿੰਨਾ ਮਰਜ਼ੀ ਦੁੱਧ ਧੋਤਾ ਹੋ ਜਾਵੇ, ਪਬਲਿਕ ਉਸ ਨੂੰ ਜ਼ਿੰਦਗੀ ਵਿੱਚ ਕਦੇ ਵੀ ਮੁਆਫ ਨਹੀਂ ਕਰੇਗੀ।

ਮੈਨੂੰ ਬੜੀ ਖੁਸ਼ੀ ਹੋਈ ਕਿ ਪੰਜਾਬ ਦਾ ਮੁੱਖ ਮੰਤਰੀ 49 ਸਾਲ ਦਾ ਹੈ। ਅਗਰ 49 ਸਾਲ ਦਾ ਕੋਈ ਆਮ ਘਰਾਣੇ ਦਾ ਮੁੱਖ ਮੰਤਰੀ, ਜਿਹੜਾ ਕਿ ਪਾਲੀਟਿਕਸ ਨਾਲ ਤਾਅਲੁਕਾਤ ਨਹੀਂ ਰੱਖਦਾ ਸੀ, ਅਗਰ ਉਹ ਪੰਜਾਬ ਦਾ ਮੁੱਖ ਮੰਤਰੀ ਬਣਦਾ ਹੈ ਤਾਂ ਮੇਰੇ ਵਰਗੇ ਬੰਦੇ ਨੂੰ ਵੀ ਕਦੇ ਆਸ ਹੁੰਦੀ ਹੈ ਜਾਂ ਹੋਰ ਸਾਡੇ ਬੈਠੇ ਸਾਥੀਆਂ ਨੂੰ ਜਾਂ ਬੈਠੇ ਮੇਰੇ ਭਰਾਵਾਂ ਨੂੰ ਵੀ ਆਸ ਹੁੰਦੀ ਹੈ ਕਿ ਪਰਮਾਤਮਾ ਸਾਡੇ ਤੇ ਵੀ ਕਦੇ ਕਿਰਪਾ ਕਰ ਸਕਦਾ ਹੈ।

ਸ.ਸ.-ਅ.ਗ./12:10/7.3.2023

ਇਨ੍ਹਾਂ ਨੂੰ ਵੀ ਆਸ ਹੁੰਦੀ ਹੈ ਕਿ ਕਦੇ ਸਾਡੇ ਤੇ ਵੀ ਪ੍ਰਮਾਤਮਾ ਕਿਰਪਾ ਕਰ ਸਕਦਾ ਹੈ, ਹਮੇਸ਼ਾ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਮੇਰੇ ਪਿਤਾ ਜੀ ਪ੍ਰੋਫੈਸਰ, ਮਾਸਟਰ ਜਾਂ ਪ੍ਰਿੰਸੀਪਲ ਸੀ, ਸਾਨੂੰ ਇਸ ਗੱਲ ਦਾ ਮਾਣ ਹੈ ਕਿ ਇੱਕ ਆਮ ਬੰਦਾ ਉਸ ਕੁਰਸੀ ਤੇ ਜਾ ਕੇ ਬੈਠਾ ਹੈ। ਨਹੀਂ ਤਾਂ ਬਹੁਤ ਵੱਡੇ-ਵੱਡੇ ਰਜਵਾੜੇ, ਸੱਤਾਧਾਰ, ਪੈਸੇ ਵਾਲੇ ਲੋਕ ਜਿਨ੍ਹਾਂ ਦਾ ਪਿਛੋਕੜ ਰਾਜਨੀਤੀ ਦਾ ਰਿਹਾ ਹੈ, ਉਨ੍ਹਾਂ ਦੇ ਬੱਚਿਆਂ ਨੂੰ ਅੱਗੇ ਪ੍ਰਮੋਟ ਕਰਕੇ ਉਹੀ ਉੱਥੇ ਕੁਰਸੀ ਤੇ ਬੈਠਦੇ ਸੀ। ਆਮ ਬੰਦਾ ਤਾਂ ਸੋਚ ਹੀ ਨਹੀਂ ਸਕਦਾ ਸੀ। ਵਿੱਤ ਮੰਤਰੀ ਜੀ ਬੈਠੇ ਹਨ, ਇੱਧਰ ਕਈ ਲੋਕ ਬੈਠੇ ਹਨ ਪਰ ਮੈਂ perception ਦੀ ਗੱਲ ਕਰ ਰਿਹਾ ਹਾਂ ਔਰ ਇਕੱਲੀ perception ਨਹੀਂ ਬਲਕਿ ਇਹ ਸਚਾਈ ਹੈ। ਇਹ ਹਿੰਦੁਸਤਾਨ ਦਾ ਮਸ਼ਹੂਰ ਰਸਾਲਾ, ਮੈਗਜ਼ੀਨ ਇੰਡੀਆ ਟੂਡੇ ਹੈ। ਇਹ ਮੁੱਖ ਮੰਤਰੀ ਇਕੱਲਾ ਇਨ੍ਹਾਂ ਦਾ ਨਹੀਂ ਬਲਕਿ ਸਾਡਾ ਵੀ ਮੁੱਖ ਮੰਤਰੀ ਹੈ। ਚੰਗਾ ਲੱਗਦਾ ਜੇਕਰ ਸਾਡੇ ਮੁੱਖ ਮੰਤਰੀ ਦੀ ਫੋਟੋ ਸ਼ਾਨੋ-ਸ਼ੌਕਤ ਨਾਲ ਲੱਗੀ ਹੁੰਦੀ। ਇਹ ਫੋਟੋ ਦੇਖੋ ਇੰਡੀਆ ਟੂਡੇ ਨੇ ਲਗਾਈ ਹੈ, Mann in muddle. ਮੈਨੂੰ ਇਹ ਪੜ੍ਹ ਕੇ ਅਫਸੋਸ ਹੋਇਆ ਕਿ ਸਾਡੇ ਮੁੱਖ ਮੰਤਰੀ ਦਾ ਚਿਹਰਾ ਪ੍ਰੇਸ਼ਾਨੀ ਵਿੱਚ ਲਗਾਇਆ ਗਿਆ ਹੈ। ਮੈਂ ਨਹੀਂ ਕਹਿੰਦਾ ਕਿ ਫੋਟੋ ਕੋਈ ਮਾੜੀ ਲਗਾ ਦਿੱਤੀ ਹੈ। Mann Sahib in trouble. Muddle ਮਤਲਬ ਬੁਰੇ ਤਰੀਕੇ ਨਾਲ ਫਸ ਗਏ ਹਨ। ਇਹ ਹਿੰਦੁਸਤਾਨ ਦੀ ਮਸ਼ਹੂਰ ਮੈਗਜ਼ੀਨ ਹੈ, ਕੋਈ ਰਾਜਾ ਵੜਿੰਗ ਜਾਂ ਪ੍ਰਤਾਪ ਸਿੰਘ ਬਾਜਵਾ ਜਾਂ ਕਾਂਗਰਸ ਦੇ ਵਿਅਕਤੀ ਨਹੀਂ ਕਹਿ ਰਹੇ। ਮੈਂ ਦੱਸਾਂਗਾ ਕਿ ਇਸ ਵਿੱਚ ਕੀ ਲਿਖਿਆ ਗਿਆ ਹੈ। ਠੀਕ ਹੈ, ਤੁਸੀਂ ਕਹਿ ਦਿੱਤਾ ਕਿ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ ਪਰ ਅਸਲ ਵਿੱਚ ਕੀ ਹੋਇਆ? ਜੋ ਅਜਨਾਲਾ ਵਿੱਚ ਹੋਇਆ, Can you believe that? ਕਾਂਗਰਸ ਦਾ ਸੈਸ਼ਨ ਚੱਲ ਰਿਹਾ ਸੀ, ਤਾਮਿਲਨਾਡੂ, ਕੇਰਲਾ ਦੇ ਲੋਕ those who are not aware what is happening in Punjab, they feel that the same ਜਿਹੜਾ 40 ਸਾਲ ਪੁਰਾਣਾ ਸਿਸਟਮ ਸੀ, ਉਹ ਪੰਜਾਬ ਵਿੱਚ ਦੁਬਾਰਾ ਤਿਆਰ ਹੋ ਗਿਆ। Radicals, ਖਾਲਿਸਤਾਨੀ ਜਿਹੜੇ ਪੰਜਾਬ ਨੂੰ ਤੋੜਨਾ ਚਾਹੁੰਦੇ ਹਨ, ਉਹ ਦੁਬਾਰਾ ਆ ਗਏ। ਮੈਨੂੰ ਸਾਰੇ ਕੇਰਲ ਵਾਲੇ ਜਿਹੜੇ Malayalam ਬੋਲਦੇ ਸੀ, ਉਹ ਪੁੱਛਦੇ ਸੀ, Priyapetta what is this happening in Punjab and to be very honest I do not have any answer ਉਹ ਕਹਿੰਦੇ वो तो सारा खराब हो गया है। ਮੈਨੂੰ ਪਤਾ ਹੈ ਪਰੰਤੂ ਸਰਕਾਰ ਕਿਉਂ ਸੌਂ ਰਹੀ ਹੈ? ਮੈਨੂੰ ਪਤਾ ਹੈ ਕਿ ਇੱਕ ਵਿਅਕਤੀ ਨੇ ਅਚਨਚੇਤ ਦੁਬਈ ਤੋਂ ਆ ਕੇ ਸਿਸਟਮ ਬਣਾ ਲਿਆ, ਅਚਨਚੇਤ ਇੱਕ ਨੌਜਵਾਨ ਮੁੰਡਾ ਆਉਂਦਾ ਹੈ ਤੇ ਜਾ ਕੇ ਉਸ ਦੀ ਦਸਤਾਰਬੰਦੀ ਰੋਡੇ ਪਿੰਡ ਹੋਈ, ਮੀਤ ਹੇਅਰ ਸਾਹਿਬ, ਇਹ ਨਹੀਂ ਹੋ ਸਕਦੀ ਸੀ, ਤੁਹਾਡਾ ਇੰਟੈਲੀਜੈਂਸ failure ਹੈ, if your intelligence does not know anything, ask me, I will tell you everything, what's happening.

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**Shri Amarinder Singh Raja Warring:** Sorry, Speaker Sahib. ਪੰਜਾਬ ਦੇ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਸੀ, ਜਦੋਂ ਸਾਲ 1992 ਵਿੱਚ ਗਵਰਨਰੀ ਰਾਜ ਲੱਗਿਆ ਤਾਂ ਪੰਜਾਬ ਇੱਕ ਤਰ੍ਹਾਂ ਨਾਲ ਮਰ ਗਿਆ ਸੀ। ਅੱਜ ਦਿੱਲੀ ਵਾਲੇ ਗਵਰਨਰੀ ਰਾਜ ਲਗਾਉਣ ਨੂੰ ਫਿਰਦੇ ਹਨ। ਅਸੀਂ ਹਰਗਿਜ਼ ਨਹੀਂ ਲੱਗਣ ਦੇਵਾਂਗੇ, ਸਰਕਾਰ ਲੋਕਾਂ ਦੁਆਰਾ ਚੁਣੀ ਗਈ ਹੈ, ਉਹੀ ਸਰਕਾਰ ਕੰਮ ਕਰੇਗੀ। ਰਾਜਾ ਵੜਿੰਗ ਤੇ ਸਾਡੀ ਪਾਰਟੀ ਗਵਰਨਰੀ ਰਾਜ ਦੇ ਖਿਲਾਫ ਹੈ। ਲੋਕਾਂ ਦੇ ਨੁਮਾਇੰਦੇ ਫੈਸਲਾ ਕਰਨਗੇ। ਮੈਨੂੰ ਪਤਾ ਹੈ ਕਿ ਕੀ ਹੋਇਆ ਹੈ, ਕਿਸ ਤਰ੍ਹਾਂ ਇੱਕ ਨੌਜਵਾਨ ਵਿਅਕਤੀ ਦੀ ਰੋਡੇ ਪਿੰਡ ਵਿੱਚ ਦਸਤਾਰਬੰਦੀ ਹੋ ਗਈ, ਇਹ ਕਿਸ ਤਰ੍ਹਾਂ ਹੋਇਆ? ਅੱਜ ਤੱਕ 40 ਸਾਲਾਂ ਵਿੱਚ ਨਹੀਂ ਹੋਇਆ। ਇਹ ਇੰਟੈਲੀਜੈਂਸੀ failure ਹੈ ਔਰ ਤੁਹਾਨੂੰ ਪਤਾ ਨਹੀਂ ਕਿ ਲਾਹੌਰ ਵਿੱਚ ਇੱਕ ਪੀ.ਸੀ. ਹੋਟਲ ਹੈ, ਉਸ ਨੌਜਵਾਨ ਵਿਅਕਤੀ ਅੰਮ੍ਰਿਤਪਾਲ ਦੇ ਕੁਝ ਸਲਾਹਕਾਰ ਅਕਸਰ ਹੀ ਤਕਰੀਬਨ ਲਾਹੌਰ ਜਾਂਦੇ ਹਨ ਤੇ ਲਾਹੌਰ ਜਾ ਕੇ ਆਈ.ਐਸ.ਆਈ. ਤੇ ਕੁਝ ਸਾਡੀਆਂ ਏਜੰਸੀਆਂ ਜਿਹੜੀਆਂ ਚਾਹੁੰਦੀਆਂ ਹਨ ਕਿ ਪੰਜਾਬ ਵਿੱਚ ਮਾਹੌਲ ਖਰਾਬ ਹੋ ਜਾਵੇ। ਇਹ ਅਸੀਂ ਮੂਕਦਰਸ਼ਕ ਬਣ ਕੇ ਦੇਖ ਰਹੇ ਹਾਂ। ਕੁਝ ਦੇਸ਼ ਦੇ ਅੰਦਰ ਦੀਆਂ ਏਜੰਸੀਆਂ ਅਤੇ ਕੁਝ ਦੇਸ਼ ਦੇ ਬਾਹਰ ਵਾਲੀਆਂ ਏਜੰਸੀਆਂ ਮੇਰੇ ਪੰਜਾਬ ਨੂੰ ਉਜਾੜਨਾ ਚਾਹੁੰਦੀਆਂ ਹਨ, ਜਿਹੜਾ ਅਸੀਂ ਹਰਗਿਜ਼ ਨਹੀਂ ਹੋਣ ਦੇਵਾਂਗੇ। ਜਦੋਂ 1992 ਵਿੱਚ ਗਵਰਨਰੀ ਰਾਜ ਲੱਗਿਆ, ਬਾਜਵਾ ਸਾਹਿਬ, ਮੈਂ ਤਾਂ ਛੋਟਾ ਜਿਹਾ ਸੀ। ਇਹ ਕਹਿ ਦਿੱਤਾ ਗਿਆ ਸੀ ਕਿ ਜਿਹੜਾ ਚੋਣ ਲੜੇਗਾ, ਉਸ ਨੂੰ ਗੋਲੀ ਮਾਰ ਕੇ ਉਡਾ ਦੇਵਾਂਗੇ। ਜਿਹੜਾ ਵੋਟ ਪਾਉਣ ਆਵੇਗਾ, ਉਸ ਨੂੰ ਗੋਲੀ ਮਾਰ ਕੇ ਭੁੰਨ ਦੇਵਾਂਗੇ ਪਰ 2600 ਜਾਂ 700 ਵੋਟਾਂ ਦੇ ਨਾਲ ਲੋਕ ਐਮ.ਐਲ.ਏ. ਬਣੇ। ਜਾਨ ਦੀ ਪ੍ਰਵਾਹ ਨਹੀਂ ਕੀਤੀ, ਕੁਰਬਾਨੀਆਂ ਦਿੱਤੀਆਂ, ਸ਼ਹਾਦਤਾਂ ਦਿੱਤੀਆਂ।

**ਮ.ਰ. ਅ.ਗੌ./12.15/07.03.2023**

ਸਾਡੇ ਲੀਡਰ ਮਰ ਗਏ ਸੀ। ਲੇਕਿਨ ਪੰਜਾਬ ਨੂੰ ਉਜੜਨ ਤੋਂ ਬਚਾਅ ਲਿਆ ਸੀ। ਫਿਰ ਕਾਂਗਰਸ ਪਾਰਟੀ ਦੀ ਸਰਕਾਰ ਬਣੀ। ਮੈਂ ਪਾਰਟੀਆਂ ਦੇ ਨਾਮ ਨਹੀਂ ਲੈਣਾ ਚਾਹੁੰਦਾ। ਬਹੁਤ ਸਾਰੀਆਂ ਪਾਰਟੀਆਂ ਸਨ ਅਤੇ ਉਸ ਸਮੇਂ ਆਮ ਆਦਮੀ ਪਾਰਟੀ ਤਾਂ ਹੋਂਦ ਵਿੱਚ ਵੀ ਨਹੀਂ ਸੀ ਆਈ। ਜਿਹੜੇ ਕਹਿੰਦੇ ਹਨ ਕਿ ਅਸੀਂ ਸੌ ਸਾਲ, 95 ਸਾਲ ਪੁਰਾਣੀਆਂ ਪਾਰਟੀਆਂ ਵਾਲੇ ਹਾਂ, ਇੱਕ ਵੀ ਵਿਅਕਤੀ ਪੰਜਾਬ ਵਾਸਤੇ ਆ ਕੇ ਖੜ੍ਹਾ ਨਹੀਂ ਹੋਇਆ, ਜੋ ਕਿ ਅਜਨਾਲੇ ਵਿੱਚ ਵਾਪਰਿਆ ਹੈ। ਸੋ, ਇਸ ਕਰਕੇ ਦਰਦ ਹੋ ਰਿਹਾ ਹੈ। 40 ਸਾਲ ਅੱਤਵਾਦ ਦੇ ਸਮੇਂ ਇਸ ਮਾਰਸ਼ਲ ਪੰਜਾਬ ਦੀ ਪੁਲਿਸ ਹਿੱਕ ਡਾਹ ਕੇ ਅਤੇ ਕੁਰਬਾਨੀਆਂ ਦੇ ਕੇ ਲੜੀ ਹੈ। ਲੇਕਿਨ ਅੱਜ ਉਹ ਮੂਕ ਦਰਸ਼ਕ ਬਣ ਕੇ ਦੇਖ ਰਹੀ ਸੀ, ਜਦੋਂ ਸਾਡੇ ਥਾਣੇ ਤੇ ਕਬਜ਼ਾ ਹੋਇਆ। ਅੰਮ੍ਰਿਤਪਾਲ ਨੂੰ ਕਦੋਂ ਗ੍ਰਿਫਤਾਰ ਕਰੋਗੇ। ਕਿਉਂ ਡਰਦੇ ਹੋ? ਅੱਜ ਆਮ ਪੰਜਾਬੀ ਇਹ ਕਹਿੰਦਾ ਹੈ ਕਿ ਜੇ ਪੁਲਿਸ ਦੇ ਐਸ.ਪੀ ਦੇ 17 ਟਾਂਕੇ ਲੱਗੇ ਹਨ ਤਾਂ ਦੂਜੇ ਵਿਅਕਤੀ ਦੀ ਹਿਫਾਜ਼ਤ ਕੌਣ ਕਰੇਗਾ। ਜੇ ਤੁਹਾਡਾ ਮੁੱਖ ਮੰਤਰੀ ਅਤੇ ਤੁਹਾਡਾ ਡੀ.ਜੀ.ਪੀ. ਪੁਲਿਸ ਨੂੰ ਹੀ ਨਹੀਂ ਬਚਾਅ ਸਕਦਾ ਹੈ ਤਾਂ ਫਿਰ ਕੌਣ ਬਚਾਏਗਾ।

ਬੇਸ਼ੱਕ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਤਿਕਾਰ ਵਿੱਚ ਪੁਲਿਸ ਨੂੰ ਖੜ੍ਹੇ ਦੇਖਿਆ, ਅਗਲੇ ਦਿਨ ਕੀ ਹੋਇਆ। ਮੇਰੀ ਬੇਨਤੀ ਹੈ ਕਿ 12 ਦਿਨ ਬੀਤ ਗਏ ਹਨ। ਸੋ, ਮੇਰੀ ਮੁੱਖ ਮੰਤਰੀ ਸਾਹਿਬ ਅਤੇ ਤੁਹਾਡੀ ਸਰਕਾਰ ਨੂੰ ਬੇਨਤੀ ਹੈ ਕਿ ਕ੍ਰਿਪਾ ਕਰਕੇ ਬਣਦੀ ਕਾਰਵਾਈ ਕਰਕੇ ਫੈਸਲਾ ਲਵੋ, ਪੰਜਾਬ ਤੁਹਾਡੇ ਮੂੰਹ ਵੱਲ ਦੇਖ ਰਿਹਾ ਹੈ ਅਤੇ ਅਸੀਂ ਤੁਹਾਡਾ ਸਾਥ ਦੇਵਾਂਗੇ। ਚਿੰਤਾ ਨਾ ਕਰੋ। I have so many issues ਸਪੀਕਰ ਸਾਹਿਬ, ਹਾਲੇ ਤਾਂ ਮੇਰੇ ਸੱਤ ਮਿੰਟ ਹੋਏ ਹਨ। Its seven minutes.

**Hon'ble Speaker :** No, No.

**Sh. Amarinder Singh Raja Warring:** Please Sir, Its seven minutes. I will wind up.

**ਮਾਨਯੋਗ ਸਪੀਕਰ:** ਵੈਸੇ ਤਾਂ ਇਹ ਮਾਨਤਾ ਹੁੰਦੀ ਹੈ ਕਿ ਜਿਹੜੇ ਪੋਲੀਟੀਸ਼ਨਜ਼ ਲੋਕਾਂ ਨੂੰ ਤਾਂ ਘੁੰਮਾ ਲੈਂਦੇ ਹਨ ਪਰ ਸਪੀਕਰ ਨੂੰ ਨਹੀਂ ਘੁੰਮਾ ਸਕਦੇ।(ਹਾਸਾ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਤੁਸੀਂ ਵੀ ਤਾਂ ਸਾਡੇ ਹੀ ਭਰਾ ਰਹੇ ਹੋ। ਮੇਰੀ ਬੇਨਤੀ ਹੈ ਕਿ we have 35 minutes.

**ਮਾਨਯੋਗ ਸਪੀਕਰ:** ਤੁਹਾਨੂੰ ਤੁਹਾਡੀ ਪਾਰਟੀ ਦਾ ਹੀ ਟਾਈਮ ਦੇਣਾ ਹੈ, ਜੇਕਰ ਤੁਹਾਡੇ ਸਾਥੀ ਤੁਹਾਡੇ ਨਾਲ compensate ਕਰਦੇ ਹਨ ਤਾਂ ਤੁਸੀਂ ਬੋਲ ਲਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਮੇਰੇ ਮਿੰਟ ਕਿੰਨੇ ਹੋ ਗਏ ਹਨ।

**ਮਾਨਯੋਗ ਸਪੀਕਰ:** ਤੁਹਾਡੇ 12 ਮਿੰਟ ਹੋ ਗਏ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਠੀਕ ਹੈ, ਸਪੀਕਰ ਸਾਹਿਬ, ਮੈਂ 4-5 ਮਿੰਟ ਵਿੱਚ ਵਾਈਂਡਅੱਪ ਕਰ ਦੇਵਾਂਗਾ। ਸਰ, ਸਾਡੇ 35 ਮਿੰਟ ਹਨ।

**ਮਾਨਯੋਗ ਸਪੀਕਰ:** 35 ਮਿੰਟ ਤੁਹਾਡੀ ਪਾਰਟੀ ਦੇ ਹਨ। ਜੇਕਰ ਤੁਹਾਡੇ ਸਾਥੀ compensate ਕਰਦੇ ਹਨ ਤਾਂ ਫਿਰ ਤੁਸੀਂ ਬੋਲ ਲਿਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, Mann in Muddle ਦੇ ਵਿੱਚ ਇਹ ਰਿਪੋਰਟ ਕਾਰਡ ਛਪਿਆ ਹੈ, ਕਹਿੰਦੇ ਹਨ ਕਿ 117 ਐਮੀਨੈਂਸ ਸਕੂਲ ਖੋਲ੍ਹਣੇ ਹਨ, ਜੋ ਕਿ ਜਨਵਰੀ ਵਿੱਚ ਹੀ ਲਾਂਚ ਕੀਤੇ ਹਨ। ਜਿਹੜੇ ਜਨਵਰੀ ਵਿੱਚ ਲਾਂਚ ਕੀਤੇ ਹਨ, kindly speedup ਅਦਰਵਾਈਜ਼ ਟਾਈਮ ਲੱਗੇਗਾ।

ਅਦਰਵਾਈਜ਼ ਸਕੂਲ ਸਾਲ 2027 ਤੱਕ ਨਹੀਂ ਬਣਨੇ। ਮੈਨੂੰ ਉਮੀਦ ਹੈ ਕਿ ਮੰਤਰੀ ਸਾਹਿਬ ਚੰਗੇ ਢੰਗ ਨਾਲ ਲੱਗੇ ਹੋਏ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਸਿਰੇ ਚੜ੍ਹਾ ਦੇਣਗੇ। ਅਗਲੀ ਗੱਲ, ਜਿਹੜੇ 500 ਆਮ ਆਦਮੀ ਦੇ ਕਲੀਨਿਕ ਸਨ, ਉਸ ਦੇ ਸਟੇਟਸ ਵਿੱਚ ਇਨ੍ਹਾਂ ਨੇ ਕਿਹਾ ਕਿ hobbled by lack of trained medical staff ਯਾਨੀ ਕਿ ਖਿੱਚੜੀ ਪੱਕ ਗਈ ਹੈ। ਔਰ ਇੱਥੇ ਮੈਂ ਕਿਹਾ ਹੈ ਕਿ you are ready ਤੁਸੀਂ ਆਮ ਆਦਮੀ ਪਾਰਟੀ ਦਾ ਕਲੀਨਿਕ ਤਾਂ ਸਕਸੈਸ ਕਰਨਾ ਚਾਹੁੰਦੇ ਹੋ, ਲੇਕਿਨ ਇੱਕ ਨੰਬਰ ਵੰਨ ਗਿੱਦੜਬਾਹਾ ਦਾ ਹਸਪਤਾਲ, ਜਿਸ ਦੀ ਕੱਲ੍ਹ ਮੈਂ ਗੱਲ ਕੀਤੀ ਸੀ, ਅੱਜ ਉਹ ਹਸਪਤਾਲ ਕਬੂਤਰਖਾਨਾ ਬਣਦਾ ਜਾ ਰਿਹਾ ਹੈ। Another thing, declared minimum support price for Moong Dal, ਇਨ੍ਹਾਂ ਨੇ ਰਿਪੋਰਟ ਦਿੱਤੀ ਹੈ, only 11 per cent of produced procured at MSP rate so far ਜਿਹੜੀ ਤੁਸੀਂ ਮੂੰਗ ਦਾਲ ਉੱਤੇ ਐਮ.ਐਸ.ਪੀ. ਦੇਣ ਦੀ ਗੱਲ ਕੀਤੀ ਸੀ, ਤਾਂ ਤੁਸੀਂ ਉਹ 11% ਹੀ ਪ੍ਰਕਿਉਰ ਕਰ ਪਾਏ ਹੋ, ਵੱਧ ਪ੍ਰਕਿਉਰ ਨਹੀਂ ਕਰ ਪਾਏ। ਅੱਗੇ, ਓ.ਪੀ.ਐਸ., ਪੈਨਸ਼ਨ ਸਕੀਮ ਜਿਹੜੀ ਤੁਸੀਂ ਜਾ ਕੇ ਐਲਾਨ ਕੀਤੀ ਸੀ Committee formed under State Chief Secretary, to implement it funds will be a problem. Another is crackdown on illegal encroachments, ਜਿਹੜਾ ਧਾਲੀਵਾਲ ਸਾਹਿਬ ਨੇ ਜ਼ਮੀਨਾਂ ਛੁਡਾਉਣ ਦਾ ਕੰਮ ਸ਼ੁਰੂ ਕੀਤਾ ਸੀ, ਇਹ ਬਹੁਤ ਹੀ ਚੰਗਾ ਕੰਮ ਸੀ। ਮੈਂ ਇਸ ਗੱਲ ਦੀ ਤੁਹਾਨੂੰ ਵਧਾਈ ਵੀ ਦਿੱਤੀ ਸੀ। You are doing wonderful job. ਲੇਕਿਨ ਧਾਲੀਵਾਲ ਸਾਹਿਬ ਛੁੱਟ ਨਹੀਂ ਰਹੀਆਂ ਹਨ। Ultimately ਕਿਤੇ ਪੇਚਾ ਫਸਿਆ ਪਿਆ ਹੈ, ਫਿਰ ਕਿਤੇ ਨਾ ਕਿਤੇ ਕਾਨੂੰਨ ਦੀਆਂ ਸਿਫਾਰਸ਼ਾਂ ਵਿੱਚ ਅੜ ਗਿਆ ਹੈ। ਧਾਲੀਵਾਲ ਸਾਹਿਬ, ਜ਼ਮੀਨਾਂ ਛੁਡਾਉ। Anti-Gangster Task Force, 2022 ਵਿੱਚ ਬਣਾਈ ਸੀ, ਉਨ੍ਹਾਂ ਨੇ ਲਿਖਿਆ ਹੈ ਕਿ mixed result, most of the prize catches still made by Delhi Police and Central agencies ਤੁਹਾਨੂੰ ਉਹ ਬੰਦੇ ਫੜਨੇ ਚਾਹੀਦੇ ਸੀ, ਲੇਕਿਨ ਉਹ ਬੰਦੇ ਕੌਣ ਫੜ ਕੇ ਲੈ ਗਿਆ।

GK/HS 12.20 7-3--2023

ਮੈਂ ਤਾਂ ਕਲ ਵੀ ਕਿਹਾ ਸੀ ਕਿ ਜਿਹੜੀ ਦਿੱਲੀ ਪੁਲਿਸ ਹੈ, ਲੱਗਦਾ ਹੈ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਹਾਦਸਾ ਕਦੋਂ ਹੋਣਾ ਹੈ। ਪੰਜਾਬ ਵਿੱਚ ਹਾਦਸਾ ਹੁੰਦਾ ਹੈ ਤਾਂ ਦਿੱਲੀ ਵਾਲੇ ਫੜ ਕੇ ਲੈ ਜਾਂਦੇ ਹਨ। ਮੈਨੂੰ ਲੱਗਦਾ ਹੈ ਕਿ ਗੈਂਗਸਟਰ ਉਨ੍ਹਾਂ ਨੂੰ ਦੱਸ ਕੇ ਆਉਂਦਾ ਹੈ ਕਿ ਪੰਜਾਬ ਵਿੱਚ ਅਸੀਂ ਇਹ ਕੰਮ ਕਰਨ ਲੱਗੇ ਹਾਂ। ਦਿੱਲੀ ਵਾਲਿਆਂ ਨੂੰ ਸਭ ਕੁਝ ਪਤਾ ਹੁੰਦਾ ਹੈ। ਮੈਂ ਇਸ ਗੱਲ ਨਾਲ ਸਹਿਮਤ ਹਾਂ ਲੇਕਿਨ ਤੁਸੀਂ ਉਨ੍ਹਾਂ ਦੀਆਂ ਗੱਲਾਂ ਵਿੱਚ ਟਰੈਪ ਹੋ ਰਹੇ ਹੋ। Be aware.

**Mr. Speaker:** Thank you.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਇੱਕ ਲਾਸਟ ਪੁਆਇੰਟ ਰਹਿ ਗਿਆ ਜੀ। Running on Reserves ਫਾਇਨਾਂਸ ਮਨਿਸਟਰ ਸਾਹਿਬ ਬੈਠੇ ਹਨ। ਇਸ ਵਿੱਚ ਲਿਖਿਆ ਹੈ ਜਦੋਂ ਅਸੀਂ ਸਰਕਾਰ ਛੱਡ ਕੇ ਗਏ ਸੀ, ਅਸੀਂ ਵੀ ਪੰਜਾਬ ਦੇ ਦੋਸ਼ੀ ਹਾਂ। ਉਦੋਂ ਤਕਰੀਬਨ 2 ਲੱਖ 83 ਕਰੋੜ ਰੁਪਏ ਦਾ ਕਰਜ਼ਾ ਸੀ। ਹੁਣ total debt of state books in Financial Year ਹੈ 2022 before the AAP Government came to power, expected to rise Rs.3.3 lakh crore ਯਾਨਿ ਕਿ 20-25 ਹਜ਼ਾਰ ਕਰੋੜ ਰੁਪਿਆ ਹੋਰ ਵਧ ਗਿਆ। ਤੁਸੀਂ ਬਿਜਲੀ ਵਾਲਿਆਂ ਨੂੰ ਤਨਖਾਹਾਂ ਦੇਣ ਨੂੰ 500 ਕਰੋੜ ਰੁਪਏ ਦਾ ਕਰਜ਼ਾ ਲੈ ਲਿਆ।

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਹੋ ਗਿਆ ਜੀ। ਬੈਠੋ ਹੁਣ। ਜੇਕਰ ਤੁਹਾਡੀ ਪਾਰਟੀ ਕੰਪਨਸੇਟ ਕਰ ਲਵੇਗੀ ਤਾਂ ਠੀਕ ਹੈ। ਮੈਨੂੰ ਆਪਣੀ ਪਾਰਟੀ ਤੋਂ ਲਿਖਵਾ ਕੇ ਭੇਜ ਦਿਓ then I will do. (ਵਿਘਨ)(ਸ਼ੋਰ) ਖਹਿਰਾ ਸਾਹਿਬ ਦਾ ਟਾਈਮ ਦੇ ਦੇਈਏ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਖਹਿਰਾ ਸਾਹਿਬ ਨੇ ਕਹਿ ਦਿੱਤਾ।

**ਮਾਨਯੋਗ ਸਪੀਕਰ:** ਚਲੋ ਜੀ। Done.

**ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ):** ਇਹ ਮੇਰਾ ਟਾਈਮ ਨਹੀਂ ਹੈ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ ਤਾਂ ਮੁੱਕਰ ਗਏ ਹਨ। ਉਹ ਕਹਿੰਦੇ ਹਨ ਕਿ ਇਹ ਮੇਰਾ ਟਾਈਮ ਨਹੀਂ ਹੈ। ਤੁਸੀਂ ਦੇਖ ਲਵੋ ਹੁਣ ਕਿਵੇਂ ਕਰਨਾ ਹੈ। ਹੁਣ ਬੈਠ ਜਾਓ। ਤੁਹਾਡੇ 12 ਮਿੰਟ ਬਣਦੇ ਸਨ ਅਤੇ ਤੁਸੀਂ 17 ਮਿੰਟ ਲੈ ਗਏ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਜਦੋਂ ਕੋਈ ਗੱਲ ਦਾ ਸੁਨੇਹਾ ਦੇਣ ਲੱਗ ਜਾਂਦੇ ਹਾਂ ਤਾਂ ਸਾਡਾ ਟਾਈਮ ਵੀ ਪੂਰਾ ਹੋ ਜਾਂਦਾ ਹੈ। ਤੁਸੀਂ ਗੁਰਸਿੱਖ ਆਦਮੀ ਹੋ। ਤੁਸੀਂ ਕਿਹਾ ਸੀ ਕਿ ਜਿੰਨਾ ਚਿਰ ਮਰਜ਼ੀ ਬੋਲਿਓ। ਇਹੀ ਪ੍ਰਾਬਲਮ ਹੈ। ਸਦਨ ਨੂੰ ਚਾਰ ਦਿਨਾਂ ਵਿੱਚ ਸੀਮਿਤ ਕਰ ਦਿੱਤਾ। 30 ਮਿੰਟ ਬੋਲੋਗੇ। ਹੁਣ ਬੋਲਣ ਦਿਓ। ਜਨਤਾ ਨੂੰ ਵੀ ਪਤਾ ਲੱਗੇ ਕਿ ਸੱਚ ਕੀ ਹੈ। ਦੁੱਧ ਕੀ ਹੈ। ਪਾਣੀ ਦਾ ਪਾਣੀ।

**ਮਾਨਯੋਗ ਸਪੀਕਰ:** ਮੇਰੀ ਗੱਲ ਸੁਣੋ। ਕੱਲ੍ਹ ਅਸੀਂ ਸਾਰਾ ਦਿਨ ਸਮਾਂ ਵਧਾਈ ਗਏ। ਤੁਸੀਂ ਕੱਲ੍ਹ ਕਿੱਥੇ ਸੀ? ਉਦੋਂ ਬੋਲਣਾ ਚਾਹੀਦਾ ਸੀ। ਜਦੋਂ ਬੋਲਣ ਦਾ ਸਮਾਂ ਹੁੰਦਾ ਹੈ ਉਦੋਂ ਤੁਸੀਂ ਨਹੀਂ ਬੋਲਦੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਹੁਣ ਬੈਠੋ। ਹੁਣ ਹੋਰ ਸਮਾਂ ਨਹੀਂ ਮਿਲੇਗਾ। ਰਾਜਾ ਜੀ, ਹੁਣ ਸਮਾਂ ਪੂਰਾ ਹੋ ਗਿਆ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਲਾਸਟ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਰਾਜਪਾਲ ਜੀ ਦੇ ਭਾਸ਼ਣ ਵਿੱਚ ਕੁਝ ਗੱਲਾਂ ਲਿਖੀਆਂ ਹਨ ਮੈਂ ਉਨ੍ਹਾਂ ਲਈ ਹਾਮੀ ਨਹੀਂ ਭਰਦਾ। ਮੈਂ ਉਸ ਦਾ ਵਿਰੋਧ ਕਰਦਾ ਹਾਂ।

**ਮਾਨਯੋਗ ਸਪੀਕਰ:** ਰਾਜਾ ਜੀ, ਧੰਨਵਾਦ ਜੀ।

-----

## WELCOME ANNOUCEMENT BY THE SPEAKER

**ਮਾਨਯੋਗ ਸਪੀਕਰ:** ਮੈਂ ਸਦਨ ਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਇਸ ਸਦਨ ਦੇ ਨੇਤਾ ਅਤੇ ਮਾਨਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਮਾਨ ਜੀ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਇਸ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਪੂਰਾ ਹਾਊਸ ਉਨ੍ਹਾਂ ਨੂੰ ਜੀ ਆਇਆਂ ਕਰਦਾ ਹੋਇਆ ਨਿੱਘਾ ਸਵਾਗਤ ਕਰਦਾ ਹੈ। (ਥੰਪਿਗ) ਹਾਂ ਜੀ, ਰਮਨ ਅਰੋੜਾ ਜੀ।

-----

## DISCUSSION ON THE GOVERNOR'S ADDRESS AND VOTE ON THE MOTION OF THANKS *(RESUMPTION)*

**ਸ਼੍ਰੀ ਰਮਨ ਅਰੋੜਾ (ਜਲੰਧਰ, ਕੇਂਦਰੀ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਤੇ ਮੈਂ ਸੀ.ਐਮ. ਸਾਹਿਬ, ਸਰਦਾਰ ਭਗਵੰਤ ਮਾਨ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਜਲੰਧਰ ਵਿੱਚ ਸਪੋਰਟਸ ਇੰਡਸਟਰੀ ਲਗਾ ਕੇ ਸਾਡੇ ਜਲੰਧਰ ਸ਼ਹਿਰ ਦਾ ਮਾਣ ਵਧਾਇਆ। ਸਾਡਾ ਜਲੰਧਰ ਸ਼ਹਿਰ ਜਿਸ ਵਿੱਚ ਵਿਸ਼ਵ ਦਾ ਸਾਰਾ ਸਮਾਨ ਜਲੰਧਰ ਤੋਂ ਖੇਡਾਂ ਵਾਸਤੇ ਜਾਂਦਾ ਹੈ।

12.25 07.03.2023 RK/HS Tiwana

ਜਿਸ ਵਿੱਚ ਹਾਕੀ, ਫੁੱਟਬਾਲ ਤੇ ਹੋਰ ਵੀ ਸਪੋਰਟਸ ਦਾ ਸਮਾਨ ਜਾਂਦਾ ਹੈ। ਤੁਸੀਂ ਸਾਨੂੰ ਸਪੋਰਟਸ ਇੰਡਸਟਰੀ ਦੇ ਕੇ ਸਾਡੇ ਜਲੰਧਰ ਦਾ ਮਾਣ ਵਧਾਇਆ ਹੈ, ਅਸੀਂ ਇਸ ਦੇ ਲਈ ਮੁੱਖ ਮੰਤਰੀ, ਮਾਨ ਸਾਹਿਬ ਦਾ ਬਹੁਤ ਧੰਨਵਾਦ ਕਰਦੇ ਹਾਂ। ਜਿਹੜਾ ਸਾਡਾ ਜਲੰਧਰ ਸੈਂਟਰ ਹਲਕਾ ਹੈ, ਇਹ ਬਹੁਤ ਪੁਰਾਣਾ ਅਤੇ ਛੋਟਾ ਸ਼ਹਿਰ ਹੈ। ਜਿਸ ਨੂੰ ਫਾਇਰ ਬ੍ਰਿਗੇਡ ਦੀਆਂ 4 ਗੱਡੀਆਂ ਦਿੱਤੀਆਂ ਹਨ, ਜਿਸ ਨਾਲ ਕਿ ਸਾਡੇ ਇਲਾਕੇ ਦੇ ਵਿੱਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ, ਇਸ ਦੇ ਲਈ ਵੀ ਤੁਹਾਡਾ ਬਹੁਤ-ਬਹੁਤ ਧੰਨਵਾਦ। ਸਾਡੇ ਜਲੰਧਰ ਵਾਸੀਆਂ ਦੀ ਸਿਹਤ ਸੁਰੱਖਿਆ ਵਾਸਤੇ ਜਿਹੜੇ ਤੁਸੀਂ 58 ਮੁਹੱਲਾ ਕਲੀਨਿਕ ਦਿੱਤੇ ਹਨ, ਇਸ ਦੇ ਲਈ ਵੀ ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਹੜਾ ਤੁਸੀਂ ਜਲੰਧਰ ਨੂੰ ਏਅਰਪੋਰਟ ਦਿੱਤਾ ਹੈ, ਇਸ ਦੇ ਲਈ ਵੀ ਤੁਹਾਡਾ ਧੰਨਵਾਦ ਕਿਉਂਕਿ ਜਲੰਧਰ ਅਤੇ ਇਸ ਦੇ ਨਜ਼ਦੀਕ ਦਾ ਏਰੀਆ ਹੈ, ਇੱਥੋਂ ਦੇ ਲੋਕ ਅਤੇ ਇਨ੍ਹਾਂ ਲੋਕਾਂ ਦੇ ਰਿਸ਼ਤੇਦਾਰ ਵਿਦੇਸ਼ਾਂ ਦੇ ਵਿੱਚ ਰਹਿੰਦੇ ਹਨ। ਇਨ੍ਹਾਂ ਲੋਕਾਂ ਨੂੰ ਤੁਸੀਂ ਜਲੰਧਰ ਦੇ ਵਿੱਚ ਏਅਰਪੋਰਟ ਦੇ ਕੇ ਲੋਕਾਂ ਦਾ ਮਾਣ ਵਧਾਇਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਤੁਹਾਡੇ ਮਾਰਫਤ ਮੈਂਬਰ ਸਾਹਿਬ ਥੋੜ੍ਹੀ ਜਿਹੀ ਕਲੈਰੀਫਿਕੇਸ਼ਨ ਦੇ ਦੇਣ ਕਿ ਸਰਕਾਰ ਵੱਲੋਂ ਕਿਹੜੀ ਸਪੋਰਟਸ ਇੰਡਸਟਰੀ ਜਲੰਧਰ ਨੂੰ ਦਿੱਤੀ ਗਈ ਹੈ? ਸੈਕਿੰਡ, ਜਲੰਧਰ ਨੂੰ ਕਿਹੜਾ ਏਅਰਪੋਰਟ ਦਿੱਤਾ ਗਿਆ ਹੈ? ਇਸ ਦੀ ਕਲੈਰੀਫਿਕੇਸ਼ਨ ਦੇ ਦੇਣ।

**ਮਾਨਯੋਗ ਸਪੀਕਰ :** ਤੁਹਾਡਾ ਪੁਆਇੰਟ ਆਫ ਆਰਡਰ ਆ ਗਿਆ ਹੈ ਜੀ। ਹਾਂ ਜੀ, ਰਮਨ ਜੀ।

**ਸ਼੍ਰੀ ਰਮਨ ਅਰੋੜਾ :** ਸਰ, ਸਾਡੇ ਜਲੰਧਰ ਦੇ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਧਾਰਮਿਕ ਸਥਾਨ ਤੱਲਣ ਸਾਹਿਬ ਹੈ, ਪਿਛਲੀਆਂ ਸਰਕਾਰਾਂ ਦੇ ਸਮੇਂ ਬਹੁਤ ਦੇਰ ਤੋਂ ਉੱਥੇ ਸੜਕ ਨਹੀਂ ਬਣੀ। ਇਸ ਪਵਿੱਤਰ ਸਥਾਨ ਦਾ ਰੋਡ ਬਣਾਉਣ ਵਾਸਤੇ ਸਰਕਾਰ ਵੱਲੋਂ ਫੰਡ ਜਿਹੜੇ ਦਿੱਤੇ ਗਏ ਹਨ, ਇਸ ਦੇ ਲਈ ਵੀ ਬਹੁਤ ਧੰਨਵਾਦ। ਜਲੰਧਰ ਦੇ ਨਾਲ ਮਾਨ ਸਾਹਿਬ ਦਾ ਬਹੁਤ ਪਿਆਰ ਹੈ। ਇਸ ਤੋਂ ਇਲਾਵਾ ਜਲੰਧਰ ਸ਼ਹਿਰ ਨੂੰ 58 ਮੁਹੱਲਾ ਕਲੀਨਿਕ ਦਿੱਤੇ ਹਨ, ਇਨ੍ਹਾਂ ਵਿੱਚ ਮੁਫਤ ਟੈਸਟ ਹੋ ਰਹੇ ਹਨ, ਫਰੀ ਦਵਾਈਆਂ ਮਿਲ ਰਹੀਆਂ ਹਨ। ਫਰੀ ਓ.ਪੀ.ਡੀ. ਮਿਲ ਰਹੀ ਹੈ। ਮੈਂ ਇਸ ਦੇ ਵਾਸਤੇ ਵੀ ਮਾਨ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਵੈਸੇ ਤਾਂ ਜਲੰਧਰ ਸ਼ਹਿਰ ਨੂੰ ਛੋਟੀਆਂ ਛੋਟੀਆਂ ਜਿਹੜੀਆਂ ਚੀਜ਼ਾਂ ਦੀ ਜ਼ਰੂਰਤ ਪਈ ਹੈ, ਉਨ੍ਹਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੱਢਿਆ ਹੈ। ਮੈਂ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ, ਸਾਡੇ ਐਫ.ਐਮ. ਸਾਹਿਬ, ਚੀਮਾ ਜੀ ਦਾ, ਜਿਨ੍ਹਾਂ ਕੋਲ ਅਸੀਂ ਕਦੇ ਵੀ ਗਏ ਹਾਂ ਤਾਂ ਇਨ੍ਹਾਂ ਨੇ ਫੰਡਾਂ ਵਾਸਤੇ ਕਦੇ ਇਨਕਾਰ ਨਹੀਂ ਕੀਤਾ। ਮੈਂ ਜਲੰਧਰ ਵਾਸੀਆਂ ਵੱਲੋਂ ਮਾਨ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਸਪੀਕਰ ਸਾਹਿਬ, ਤੁਸੀਂ ਮੈਨੂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ-ਬਹੁਤ ਧੰਨਵਾਦ। ਜਿਵੇਂ ਮਾਨਯੋਗ ਮੈਂਬਰ ਰਾਜਾ ਜੀ ਨੇ ਕਿਹਾ ਹੈ ਕਿ ਮੈਂ ਅੱਜ 12ਵੀਂ ਵਾਰ ਬੋਲਣ ਲੱਗਿਆ ਹਾਂ। ਇਸੇ ਤਰ੍ਹਾਂ ਮੈਨੂੰ ਲਗਦਾ ਹੈ ਕਿ ਮੈਂ ਵੀ 6ਵੀਂ-7ਵੀਂ ਵਾਰ ਬੋਲਣ ਲੱਗਿਆ ਹਾਂ। ਇਨ੍ਹਾਂ ਨੇ ਬਿਲਕੁਲ ਠੀਕ ਕਿਹਾ ਹੈ ਕਿ ਪਿਛਲੇ ਪੰਜ ਸਾਲਾਂ ਦੇ ਵਿੱਚ ਤੁਸੀਂ ਜੋ ਕਿਹਾ ਸੀ, ਤੁਸੀਂ ਜੋ ਗੱਲਾਂ ਰੱਖ ਰਹੇ ਹੋ, ਇਸ ਦੀ ਜੋ ਅਸਲੀਅਤ ਹੈ, ਜੋ ਗਰਾਊਂਡ ਰਿਐਲਟੀ ਹੈ। ਇਹ ਉਸ ਦੇ ਨੇੜੇ-ਤੇੜੇ ਨਹੀਂ ਹਨ। ਇਸ ਦੇ ਲਈ ਸਾਰੇ ਸਾਥੀ ਗਵਾਹ ਹਨ। ਚਲੋ, ਹੁਣ ਪਤਾ ਨਹੀਂ ਵੜਿੰਗ ਸਾਹਿਬ ਸ਼ਾਇਦ ਪੱਗ ਬੰਨ੍ਹਣ ਕਰਕੇ ਫਰਕ ਪੈ ਗਿਆ ਜਾਂ ਪ੍ਰਧਾਨ ਬਣਨ ਕਰਕੇ ਫਰਕ ਪੈ ਗਿਆ। ਉਦੋਂ ਇਹ ਸਭ ਤੋਂ ਵੱਧ, ਮੈਂ ਇਕੱਲਾ ਇਨ੍ਹਾਂ ਦੀ ਗੱਲ ਨਹੀਂ ਕਰਦਾ। ਕੈਪਟਨ ਸਾਹਿਬ, ਇੱਥੇ ਬੈਠੇ ਹੁੰਦੇ ਸੀ। ਕਹਿੰਦੇ ਸੀ ਕਿ ਸਾਡਾ ਬੱਬਰ ਸ਼ੇਰ ਇਸ ਤਰ੍ਹਾਂ, ਸਾਡਾ ਬੱਬਰ ਸ਼ੇਰ ਇਸ ਤਰ੍ਹਾਂ। ਇਹ ਬੱਬਰ ਸ਼ੇਰ ਪੰਜ ਸਾਲ ਦੇ ਵਿੱਚ ਪੰਜਾਬ ਵਿੱਚ 5 ਵਾਰੀ ਵੀ ਨਹੀਂ ਗਿਆ। (ਥੰਪਿੰਗ) ਮੈਨੂੰ ਲਗਦਾ ਨਹੀਂ ਕਿ 5 ਕੰਮ ਇਨ੍ਹਾਂ ਨੇ ਪੂਰੇ 5 ਸਾਲਾਂ ਦੇ ਵਿੱਚ ਕੀਤੇ ਹੋਣਗੇ। ਸਾਡਾ ਗਵਰਨਰ ਐਡਰੈੱਸ, ਸੱਚਾ ਇਸ ਕਰਕੇ ਹੈ ਕਿਉਂਕਿ ਅਸੀਂ ਜੋ ਕਿਹਾ ਸੀ, ਉਹ ਕਰਕੇ ਦਿਖਾਇਆ ਹੈ। ਇੱਧਰ ਸਾਡੇ ਮੁੱਖ ਮੰਤਰੀ ਸਾਹਿਬ, ਇੱਕ ਦਿਨ ਵਿੱਚ ਵੀ 5-5 ਵਾਰ ਵੀ ਪੰਜਾਬ ਵਿੱਚ ਜਾਂਦੇ ਹਨ। (ਥੰਪਿੰਗ) (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲਣ ਲੱਗ ਪਏ।)

**ਮਾਨਯੋਗ ਸਪੀਕਰ :** ਰਾਜਾ ਜੀ, ਦੋ ਮਿੰਟ ਸੁਣ ਲਵੋ। ਤੁਹਾਨੂੰ ਪੁਆਇੰਟ ਆਫ ਆਰਡਰ ਮਿਲ ਜਾਏਗਾ, ਪਰ ਗੱਲ ਸੁਣ ਲਵੋ।

**ਪ੍ਰਸ਼ਾਸਕੀ ਸੁਧਾਰ ਮੰਤਰੀ :** ਵੜਿੰਗ ਸਾਹਿਬ, ਮੈਂ ਤੁਹਾਡੇ ਵਾਰੀ ਵੇਲੇ ਬੋਲਿਆ ਨਹੀਂ।

**ਮਾਨਯੋਗ ਸਪੀਕਰ :** ਤੁਹਾਨੂੰ ਪੁਆਇੰਟ ਆਫ ਆਰਡਰ ਮਿਲ ਜਾਏਗਾ ਪਰ ਗੱਲ ਸੁਣ ਲਵੋ। ਰਾਜਾ ਜੀ, ਹਾਲੇ ਤਾਂ ਪੂਣੀ ਵੀ ਨਹੀਂ ਕੱਤੀ, ਹਾਲੇ ਤਾਂ ਪੂਣੀ ਵੀ ਨਹੀਂ ਕੱਤੀ। ਬੈਠ ਜਾਓ, ਬੈਠ ਜਾਓ। ਪੁਆਇੰਟ ਆਫ ਆਰਡਰ ਵੀ ਦੇ ਦਿਆਂਗੇ। You will get point of order.

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਇਨ੍ਹਾਂ ਨੇ ਮੇਰਾ ਨਾਂਅ ਲਿਆ ਹੈ ਜੀ।

**ਪ੍ਰਸ਼ਾਸਕੀ ਸੁਧਾਰ ਮੰਤਰੀ :** ਸਰ, ਇਨ੍ਹਾਂ ਨੇ ਵੀ ਮੇਰਾ ਨਾਂਅ ਤਾਂ ਲਿਆ ਸੀ। ਸਰ, ਇਹ 20 ਮਿੰਟ ਬੋਲੇ ਹਨ ਜੀ।

ਕੁ.ਕ/ਬ.ਸ. 12.30 7.03.2023

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਇਨ੍ਹਾਂ ਨੇ ਮੇਰਾ ਨਾਂ ਲਿਆ ਹੈ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਇਨ੍ਹਾਂ ਨੇ ਵੀ ਮੇਰਾ ਨਾਂ ਲਿਆ ਸੀ ਉਦੋਂ ਮੈਂ ਬੋਲਿਆ ਨਹੀਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸੀ।) (ਵਿਘਨ) (ਸ਼ੋਰ)

**Mr. Speaker:** Sir, you will get point of order.

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਇਹ 20 ਮਿੰਟ ਬੋਲੇ ਹਨ ਜੀ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ:** ਰਾਜਾ ਜੀ, ਬੈਠੋ। ਮੰਤਰੀ ਜੀ ਦੀ ਗੱਲ ਤਾਂ ਪੂਰੀ ਹੋ ਲੈਣ ਦਿਓ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸੀ।) (ਵਿਘਨ) (ਸ਼ੋਰ)

**Mr. Speaker:** You will get the point of order.

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਅਸੀਂ ਤਾਰੀਫ ਇਸ ਲਈ ਕਰਦੇ ਹਾਂ ਕਿਉਂਕਿ ਆਮ ਤੌਰ ਤੇ ਜੋ ਫੈਸਲੇ ਸਰਕਾਰਾਂ ਜਾਣ ਸਮੇਂ ਲੈਂਦੀਆਂ ਹਨ, ਉਹ ਫੈਸਲੇ ਸਾਡੇ ਮੁੱਖ ਮੰਤਰੀ ਸਾਹਿਬ ਨੇ ਪਹਿਲੇ ਛੇ ਮਹੀਨਿਆਂ ਵਿੱਚ ਲਏ ਹਨ। ਵੜਿੰਗ ਸਾਹਿਬ ਹੁਣ ਤੁਸੀਂ ਇਹ ਨਾ ਕਹਿਣਾ ਕਿ ਦੁਬਾਰਾ ਮੇਰਾ ਨਾਂ ਲਿਆ ਹੈ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸੀ।)

**ਮਾਨਯੋਗ ਸਪੀਕਰ:** ਇੱਕ ਮਿੰਟ ਮੰਤਰੀ ਜੀ, ਇਨ੍ਹਾਂ ਦੀ ਗੱਲ ਸੁਣ ਹੀ ਲਓ। ਤੁਸੀਂ ਨਾਲ ਹੀ ਜਵਾਬ ਦੇ ਦੇਣਾ। ਰਾਜਾ ਜੀ ਤੁਸੀਂ ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਰ, ਇਹ ਮੇਰਾ ਛੋਟਾ ਭਰਾ ਹੈ ਇਸ ਲਈ ਮੈਂ ਇਸ ਦੀ ਰਿਸਪੈਕਟ ਕਰਦਾ ਹਾਂ। ਵੈਸੇ ਤਾਂ ਸਾਡੀ ਲਿਹਾਜ਼ ਵੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਪ੍ਰਿੰਸੀਪਲ ਸਾਹਿਬਾਨਾਂ ਨੂੰ ਬਾਹਰ ਭੇਜਿਆ। ਮੈਂ ਵਾਹ ਵਾਹ ਕੀਤੀ ਕਿ ਮੁੱਖ ਮੰਤਰੀ ਸਾਹਿਬ ਦਾ ਮੈਂ ਸ਼ੁਕਰਗੁਜ਼ਾਰ ਹਾਂ ਕਿ ਪਹਿਲੀ ਵਾਰੀ ਚੰਗਾ ਕੰਮ ਹੋਇਆ ਹੈ। (ਵਿਘਨ)(ਸ਼ੋਰ)

**(ਆਵਾਜ਼ਾਂ:** ਪਹਿਲੀ ਵਾਰੀ ਨਹੀਂ, ਦੂਜੀ ਵਾਰੀ ਕਿਹਾ ਹੈ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਅੱਛਾ ਦੂਜੀ ਵਾਰੀ ਭਰਾਵਾ। ਜਿਸ ਬੱਬਰ ਸ਼ੇਰ ਦੀ ਇਹ ਗੱਲ ਕਰਦੇ ਹਨ, ਸਾਨੂੰ ਇਹ ਲੱਗਦਾ ਸੀ ਕਿ (ਟਰੇਜ਼ਰੀ ਬੈਂਚਿਜ਼ ਵੱਲੋਂ ਹਾਸੇ ਦੀ ਆਵਾਜ਼)। ਸੁਣ ਲਵੋ, ਅੱਜ ਤਾਂ ਸੁਣਨ ਦਾ ਮਾਦਾ ਰੱਖੋ। ਜੇ ਹਾਊਸ ਦੇ ਵਿੱਚ ਵੀ ਸੱਚ ਨਹੀਂ ਬੋਲਣਾ ਤਾਂ ਫਿਰ ਕੀ ਫਾਇਦਾ। Please don't laugh, listen to me. ਇੱਕ ਵਾਰੀ ਸੁਣ ਲਵੋ, ਫਿਰ ਹੱਸ ਲੈਣਾ। ਸਾਨੂੰ ਇਹ ਲੱਗਦਾ ਸੀ ਕਿ ਵਾਕਿਆ ਹੀ ਜੋ ਪਹਿਲਾਂ ਪੰਜ ਸਾਲ ਕਰਕੇ ਗਿਆ ਹੈ ਕਿਉਂਕਿ ਦੋ ਵਾਰੀ ਮੁੱਖ ਮੰਤਰੀ ਬਣਨਾ ਕੋਈ ਕਿਸੇ ਵੀ ਬੰਦੇ ਲਈ ਸੌਖੀ ਗੱਲ ਨਹੀਂ ਹੈ। ਕੋਈ ਚੰਗੇ ਕੰਮ ਕੀਤੇ ਹੋਣੇ ਹਨ ਤਾਂ ਹੀ ਦੂਜੀ ਵਾਰੀ ਚੁਣਿਆ ਗਿਆ। ਅਸੀਂ ਉਸ ਨੂੰ ਵਾਕਿਆ ਹੀ ਬੱਬਰ ਸ਼ੇਰ ਕਹਿੰਦੇ ਸੀ। (ਵਿਘਨ) (ਸ਼ੋਰ) ਪਹਿਲਾਂ ਸੁਣ ਤਾਂ ਲਓ। ਸਾਨੂੰ ਪਤਾ ਨਹੀਂ ਸੀ ਕਿ ਬੱਬਰ ਸ਼ੇਰ, ਦੂਜੀ ਵਾਰੀ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਇਨ੍ਹਾਂ ਨਾਲ ਰਲ ਜਾਵੇਗਾ।

(ਅਵਾਜ਼ਾਂ: ਚਾਰ ਸਾਲ ਵਿੱਚ ਵੀ ਪਤਾ ਨਹੀਂ ਲੱਗਿਆ?)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਮੇਰੀ ਗੱਲ ਤਾਂ ਸੁਣ ਲਵੋ। ਇਹੀ ਤਾਂ ਕਿਹਾ ਸੀ। (ਵਿਘਨ) (ਸ਼ੋਰ) ਇੱਕ ਮਿੰਟ ਯਾਰ, ਪਲੀਜ਼, ਪਲੀਜ਼।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਬੈਠੇ ਬੈਠੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਚਲੋ, ਆਪਾਂ ਟਾਈਮ ਖਰਾਬ ਨਾ ਕਰੀਏ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਦੋ ਵਾਰੀ ਦਾ ਮੁੱਖ ਮੰਤਰੀ ਜੇ ਕੱਖ ਨਹੀਂ ਕੀਤਾ ਤਾਂ ਸ਼੍ਰੀ ਅਜੀਤ ਪਾਲ ਸਿੰਘ ਕੋਹਲੀ ਨੇ 30,000 ਵੋਟਾਂ ਨਾਲ ਪੰਜਾਬ ਦੇ ਰਿਆਸਤੀ ਰਾਜੇ ਨੂੰ ਹਰਾ ਦਿੱਤਾ। What I am saying? ਮੈਂ ਇੱਥੇ ਇਹ ਗੱਲ ਵੀ ਕਹੀ ਸੀ, ਇਹ ਮੀਤ ਨੇ ਨਹੀਂ ਕਹੀ। ਮੈਂ ਕਿਹਾ ਸੀ ਜਿਹੜੇ ਤੁਸੀਂ ਬੱਬਰ ਸ਼ੇਰ ਬਣੇ ਹੋ, ਕਿਰਪਾ ਕਰਕੇ ਮਾਈਨਿੰਗ ਦੇ ਉੱਤੇ, ਐਕਸਾਈਜ਼ ਦੇ ਉੱਤੇ ਧਿਆਨ ਦੇਵੋ। ਮੈਂ ਕਿਹਾ ਸੀ ਕਿ ਕਿਰਪਾ ਕਰਕੇ ਰੇਤਾ ਮੁਫਤ ਕਰ ਦੇਵੋ। ਲੋਕ ਯਾਦ ਰੱਖਣਗੇ। ਮੈਂ ਵਿਰੋਧ ਵੀ ਕਰਦਾ ਸੀ ਪਰ ਅੱਜ ਮੈਂ ਗਵਰਨਰ ਐਡਰੈੱਸ ਤੇ ਕਿਹਾ ਸੀ ਕਿ ਕਿਰਪਾ ਕਰਕੇ ਆਪਣੀਆਂ ਨਾਕਾਮੀਆਂ ਦਾ ਜ਼ਿਕਰ ਕਰਨ ਲੱਗੋ ਨਹੀਂ ਤਾਂ ਸਾਡੇ ਵਾਲੇ ਹਾਲਾਤ ਤੁਹਾਡੇ ਵੀ ਹੋ ਜਾਣਗੇ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਚਲੋ, ਧੰਨਵਾਦ ਜੀ।

**ਮਾਨਯੋਗ ਸਪੀਕਰ:** ਹੁਣ ਜਦੋਂ ਕੋਈ ਵੀ ਮਾਨਯੋਗ ਮੈਂਬਰ ਬੋਲਦਾ ਹੈ ਤਾਂ ਕਿਰਪਾ ਕਰਕੇ ਉਸ ਨੂੰ ਵਿੱਚ ਇੰਟਰਪਟ ਨਾ ਕਰੋ। ਪਲੀਜ਼।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਸ਼ਾਇਦ ਇਨ੍ਹਾਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੋਈ 30,000 ਵੋਟ ਤੋਂ ਹਾਰੇ। ਪਹਿਲੇ, ਦੂਜੇ, ਤੀਜੇ ਜਾਂ ਚੌਥੇ ਸਾਲ ਤੱਕ ਹੀ ਪਤਾ ਲੱਗ ਜਾਂਦਾ ਤਾਂ ਹੋ ਸਕਦਾ ਰਿਜ਼ਲਟ ਕੋਈ ਹੋਰ ਹੁੰਦੇ ਪਰ ਪੰਜ ਸਾਲ ਤੱਕ ਪਤਾ ਨਹੀਂ ਲੱਗਿਆ। ਸਰ, ਇਕੱਲੇ ਉਹ ਨਹੀਂ ਹਾਰੇ, ਜਿਹੜੇ ਲਾਸਟ ਤੇ ਤਿੰਨ ਮਹੀਨੇ ਮੁੱਖ ਮੰਤਰੀ ਰਹੇ ਉਸ ਤੋਂ ਵੱਧ ਵੋਟਾਂ ਤੇ ਲਾਭ ਸਿੰਘ ਉਗੋਕੇ ਤੋਂ ਤੁਹਾਡੇ ਚੰਨੀ ਸਾਹਿਬ ਵੀ ਹਾਰੇ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਤਿੰਨ ਮਹੀਨਿਆਂ ਬਾਅਦ ਤੁਸੀਂ ਬਾਇ-ਇਲੈਕਸ਼ਨ ਹਾਰ ਗਏ। Don't criticize.

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਅਸੀਂ ਤਾਂ ਇਕੱਲੇ ਹਾਰੇ ਇਨ੍ਹਾਂ ਦੀ ਤਾਂ ਜ਼ਮਾਨਤ ਜ਼ਬਤ ਹੋਈ ਸੀ। ਉੱਥੇ ਵੀ ਅਕਾਲੀ, ਕਾਂਗਰਸ, ਭਾਜਪਾ ਤਿੰਨੋਂ ਪਾਰਟੀਆਂ ਨੂੰ ਮਿਲਾ ਕੇ ਆਮ ਆਦਮੀ ਪਾਰਟੀ ਦੀਆਂ ਵੋਟਾਂ ਵੱਧ ਸੀ। (ਥੰਪਿੰਗ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ):** ਇਹ ਕੋਈ ਜਸਟੀਫਿਕੇਸ਼ਨ ਨਹੀਂ ਹੈ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਕੱਲ੍ਹ ਸਾਡੇ ਮੈਂਬਰ ਸਾਹਿਬ ਨੇ ਇੱਕ ਜ਼ਿਕਰ ਕੀਤਾ ਸੀ ਕਿਉਂਕਿ ਮੈਂ ਪਹਿਲਾਂ ਕਿਹਾ ਸੀ ਕਿ ਜੋ ਫੈਸਲੇ ਆਮ ਤੌਰ ਤੇ ਸਰਕਾਰਾਂ ਜਾਣ ਸਮੇਂ ਲੈਂਦੀਆਂ ਹਨ, ਅਸੀਂ ਉਹ ਫੈਸਲੇ ਪਹਿਲੇ ਛੇ ਮਹੀਨਿਆਂ ਵਿੱਚ ਲਏ। ਸਾਡੇ ਬਹੁਤ ਸਾਰੇ ਮੈਂਬਰਾਂ ਨੇ ਕਿਹਾ ਕਿ 27,000 ਨੌਕਰੀਆਂ ਦੇ ਦਿੱਤੀਆਂ। ਵਿਰੋਧੀ ਧਿਰ ਦੇ ਮੈਂਬਰ ਸਾਹਿਬ ਕਹਿੰਦੇ ਕਿ ਉਹ ਪ੍ਰਕਿਰਿਆ ਤਾਂ ਇਨ੍ਹਾਂ ਦੇ ਸਮੇਂ ਸ਼ੁਰੂ ਹੋਈ ਸੀ। ਸਰ, ਕੀ ਹਮੇਸ਼ਾਂ ਪ੍ਰਕਿਰਿਆ last ਤੇ ਹੀ ਸ਼ੁਰੂ ਹੋਣੀ ਹੁੰਦੀ ਹੈ? ਆਹ, ਜਿੰਨੇ ਪੁਲਿਸ ਮੁਲਾਜ਼ਮ ਇੱਥੇ ਖੜ੍ਹੇ ਹਨ, ਤੁਹਾਡੇ ਕੋਲ ਵੀ ਸਕਿਉਰਟੀ ਹੋਵੇਗੀ, ਉਨ੍ਹਾਂ ਨੂੰ ਪੁੱਛ ਲੈਣਾ ਕਿ ਉਨ੍ਹਾਂ ਦੀ ਭਰਤੀ ਕਦੋਂ ਹੋਈ ਸੀ? ਉਨ੍ਹਾਂ ਦਾ ਜਵਾਬ ਹੋਵੇਗਾ 2011 ਦੀ ਜੀ ਕਿਉਂਕਿ 2012 ਵਿੱਚ ਵੋਟਾਂ ਸੀ ਜਾਂ 2016 ਦੀ ਭਰਤੀ ਹੈ ਕਿਉਂਕਿ 2017 ਵਿੱਚ ਵੋਟਾਂ ਸੀ। ਆਮ ਤੌਰ ਤੇ ਇਹ ਰਿਵਾਜ਼ ਬਣ ਗਿਆ ਹੈ ਕਿ ਕਿਸੇ ਵੀ ਕੰਮ ਦੀ ਪ੍ਰਕਿਰਿਆ ਹੀ last ਵਿੱਚ ਸ਼ੁਰੂ ਕੀਤੀ ਜਾਂਦੀ ਹੈ। ਪਹਿਲੇ ਪੰਜ ਸਾਲ ਕਿਸ ਨੇ ਬਾਹਾਂ ਫੜੀਆਂ ਸੀ? ਪਹਿਲੇ ਸਾਲ ਪੋਸਟਾਂ ਕੱਢ ਲੈਂਦੇ। ਦੂਜੇ, ਤੀਜੇ ਸਾਲ ਕੱਢ ਲੈਂਦੇ। ਪਰ ਪੰਜਵੇਂ ਸਾਲ ਵਿੱਚ ਸ਼ੁਰੂ ਕੀਤੀਆਂ। ਪ.ਸ਼./ਬ.ਸ/12.35/07.03.2023

ਸਰ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਨ੍ਹਾਂ ਨੇ ਪਹਿਲੇ ਛੇ ਮਹੀਨਿਆਂ ਵਿੱਚ ਨੌਕਰੀਆਂ ਵੀ ਕੱਢੀਆਂ ਅਤੇ ਆਮ ਘਰਾਂ ਦੇ ਧੀਆਂ ਪੁੱਤਾਂ ਨੂੰ ਨੌਕਰੀਆਂ ਵੀ ਦਿੱਤੀਆਂ। ਜਦੋਂ ਅਸੀਂ ਉੱਧਰ ਬੈਠਦੇ ਹੁੰਦੇ

ਸਨ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ), ਉਦੋਂ ਕਈ ਲੀਡਰ (ਜਿਹੜੇ ਸ਼ਾਇਦ ਹੁਣ ਵਿਧਾਨ ਸਭਾ ਵਿੱਚ ਮੌਜੂਦ ਨਹੀਂ ਹਨ, ਮੇਰੇ ਖਿਆਲ ਵਿੱਚ ਉਹ ਕਿੱਧਰੇ ਬਾਹਰ ਗਏ ਹੋਏ ਹਨ), ਦੇ ਭਤੀਜਿਆਂ ਨੂੰ ਥਾਣੇਦਾਰੀਆਂ ਲੈਣ ਵੀ ਨਹੀਂ ਦਿੱਤੀਆਂ ਪਰ ਜਿਸ ਦਿਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਆਮ ਘਰਾਂ ਦੇ ਧੀਆਂ ਪੁੱਤਾਂ ਨੂੰ ਥਾਣੇਦਾਰੀਆਂ ਦਿੱਤੀਆਂ ਗਈਆਂ ਹਨ (ਥੰਪਿੰਗ)। ਇਸ ਤੋਂ ਇਲਾਵਾ ਕੱਲ੍ਹ ਸਦਨ ਦੇ ਵਿੱਚ ਮਾਈਨਿੰਗ ਦੀ ਗੱਲ ਹੋਈ ਹੈ। ਲੀਡਰ ਆਫ ਦਿ ਆਪੋਜ਼ੀਸ਼ਨ ਵੱਲੋਂ ਇੱਕ ਅਖਬਾਰ ਦਾ ਵੀ ਜ਼ਿਕਰ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਜਿਹੜੇ ਪੱਤਰਕਾਰ ਹਨ, ਉਨ੍ਹਾਂ ਨੂੰ ਅੰਦਰ ਬੈਠਣ ਦੀ ਇਜਾਜ਼ਤ ਨਹੀਂ ਮਿਲੀ। ਤੁਸੀਂ ਬਾਅਦ ਵਿੱਚ ਕਲੈਰੀਫਾਈ ਵੀ ਕਰ ਦਿੱਤਾ ਕਿ ਉਨ੍ਹਾਂ ਨੂੰ ਪਰਮਿਸ਼ਨ ਮਿਲ ਗਈ ਹੈ। ਮੇਰੀ ਲੀਡਰ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੇ ਅਖਬਾਰਾਂ ਦੇ ਮੁੱਦੇ ਅੰਦਰ ਉਠਾਉਣੇ ਹੁੰਦੇ ਹਨ, ਉਨ੍ਹਾਂ ਨੂੰ ਪੜ੍ਹ ਵੀ ਲਿਆ ਕਰੋ। ਹੁਣ ਪੰਜਾਬ ਵਿੱਚ ਸਾਢੇ ਪੰਜ ਰੁਪਏ ਨੂੰ ਰੇਤਾ ਮਿਲ ਰਿਹਾ ਹੈ ਹਾਲਾਂਕਿ ਮੈਂ ਧੰਨਵਾਦ ਇਨ੍ਹਾਂ ਦਾ ਵੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਕਰਦਾ ਹਾਂ ਕਿ ਸਾਢੇ ਪੰਜ ਰੁਪਏ ਨੂੰ ਰੇਤਾ ਸਬੰਧੀ ਬੋਰਡ ਇਨ੍ਹਾਂ ਵੱਲੋਂ ਹੀ ਲਗਾਏ ਗਏ ਸਨ ਪਰ ਸਾਢੇ ਪੰਜ ਰੁਪਏ ਨੂੰ ਰੇਤਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿੱਤਾ ਗਿਆ (ਥੰਪਿੰਗ)। ਪਿਛਲੇ 10-15 ਸਾਲਾਂ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਪਿਛਲੇ ਤਿੰਨ ਹਫਤਿਆਂ ਤੋਂ ਆਮ ਲੋਕ ਟਰੈਕਟਰ, ਟਰਾਲੀਆਂ ਲੈ ਕੇ ਖੱਡਾਂ ਤੇ ਜਾ ਰਹੇ ਹਨ ਅਤੇ ਉੱਥੋਂ ਆਪ ਕਹੀਆਂ/ਭੱਠਲਾਂ ਨਾਲ ਰੇਤਾ ਭਰ ਕੇ ਲਿਆ ਰਹੇ ਹਨ।

**ਸਰਦਾਰ ਹਰਦੇਵ ਸਿੰਘ ਲਾਡੀ**: ਸਰ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ**: ਮੰਤਰੀ ਜੀ ਨੂੰ ਗੱਲ ਕਰ ਲੈਣ ਦਿਉ। No point of order.

**ਸਰਦਾਰ ਹਰਦੇਵ ਸਿੰਘ ਲਾਡੀ**: ** **

**ਮਾਨਯੋਗ ਸਪੀਕਰ**: ਜੋ ਕੁੱਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ, ਮੀਤ ਜੀ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਇਸ ਦੇ ਨਾਲ ਲੋਕਾਂ ਨੂੰ ਰੇਤਾ ਹੀ ਸਸਤਾ ਨਹੀਂ ਮਿਲ ਰਿਹਾ ਸਗੋਂ ਲੇਬਰ ਤਬਕੇ ਨੂੰ ਰੁਜ਼ਗਾਰ ਵੀ ਮਿਲ ਰਿਹਾ ਹੈ। ਪਿੱਛੇ ਜਿਹੇ ਮਾਨਯੋਗ ਮੁੱਖ ਮੰਤਰੀ ਸਾਹਿਬ ਮਾਓ ਸਾਹਿਬ ਵਿਖੇ ਇੱਕ ਖੱਡ ਦਾ ਉਦਘਾਟਨ ਕਰਕੇ ਆਏ ਸੀ ਅਤੇ ਅੱਜ ਉਸ ਖੱਡ ਤੋਂ 200 ਤੋਂ ਵੱਧ ਟਰਾਲੀਆਂ ਭਰ ਕੇ ਆ ਰਹੀਆਂ ਹਨ। ਜੇਕਰ ਇੱਕ ਟਰਾਲੀ ਨੂੰ ਭਰਨ ਦੀ ਲੇਬਰ 400-500 ਰੁਪਏ ਲਗਾਈਏ ਤਾਂ ਤਕਰੀਬਨ ਸਵਾ ਲੱਖ ਰੁਪਿਆ ਰੋਜ਼ ਦਾ, ਜਿਹੜੀ ਪਿੰਡ ਦੀ ਲੇਬਰ ਲੱਗੀ ਹੋਈ ਹੈ, ਉਨ੍ਹਾਂ ਨੂੰ ਮਿਲ ਰਿਹਾ ਹੈ ਅਤੇ ਮਹੀਨੇ ਦਾ 35-36 ਲੱਖ ਰੁਪਿਆ ਬਣਦਾ ਹੈ (ਥੰਪਿੰਗ)। ਜੇਕਰ ਅੱਜ ਪੰਜਾਬ ਵਿੱਚ 32 ਖੱਡਾਂ ਚਲ

ਰਹੀਆਂ ਹਨ ਤਾਂ ਲਾਡੀ ਸਾਹਿਬ, ਜੇਕਰ ਸਾਰਿਆਂ ਨੂੰ ਗੁਣਾ ਕਰੀਏ ਤਾਂ ਪਿਛਲੇ ਤਿੰਨ ਹਫਤਿਆਂ ਵਿੱਚ ਤਕਰੀਬਨ 10 ਕਰੋੜ ਰੁਪਿਆ ਪੰਜਾਬ ਦੀ ਲੇਬਰ ਨੂੰ ਮਿਲਿਆ ਹੈ। ਕਿਉਂਕਿ ਅਜੇ 32 ਖੱਡਾਂ ਪੰਜਾਬ ਵਿੱਚ ਚਲੀਆਂ ਹਨ, ਜੇਕਰ ਅਸੀਂ ਕਮਰਸ਼ੀਅਲ ਖੱਡਾਂ ਦੀ ਗੱਲ ਕਰੀਏ ਤਾਂ ਕਈ ਜਗ੍ਹਾ ਤੋਂ ਖਬਰਾਂ ਵੀ ਆ ਜਾਂਦੀਆਂ ਹਨ ਕਿ ਰੇਤਾ ਸਾਢੇ ਪੰਜ ਰੁਪਏ ਨੂੰ ਨਹੀਂ ਮਿਲ ਰਿਹਾ, ਇਸ ਸਬੰਧੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਵਿੱਚ ਉਨ੍ਹਾਂ ਠੇਕੇਦਾਰਾਂ ਕੋਲ ਕੰਟਰੈਕਟ ਸਨ, ਜਿਨ੍ਹਾਂ ਵੱਲੋਂ ਕੋਈ ਕੈਪਿੰਗ ਨਹੀਂ ਕੀਤੀ ਹੋਈ ਸੀ। ਉਹ ਆਪਣੀ ਮਰਜ਼ੀ ਨਾਲ ਰੇਟ ਲੈ ਸਕਦੇ ਸੀ ਪਰ ਹੁਣ ਪ੍ਰਮਾਤਮਾ ਦਾ ਸ਼ੁਕਰ ਹੈ ਕਿ ਉਹ ਸਾਰੇ ਕੰਟਰੈਕਟ ਖਤਮ ਹੋ ਰਹੇ ਹਨ।

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਹਰਦੇਵ ਸਿੰਘ ਲਾਡੀ ਲਗਾਤਾਰ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**12.40/ਜਸਪਾਲ/ਰਜਨੀਸ਼/7.3.23**

ਸਰ, ਪਿਛਲੇ ਸਮੇਂ ਵਿਚ ਅਸੀਂ 32 ਪਬਲਿਕ ਮਾਈਨਿੰਗ ਸ਼ੁਰੂ ਕੀਤੀਆਂ ਹਨ, ਸਰ ਇਨ੍ਹਾਂ ਦੀ ਗਿਣਤੀ ਵੀ 150 ਤੱਕ ਲੈ ਕੇ ਜਾਣੀ ਹੈ ਕਿਉਂਕਿ ਕਈ ਜ਼ਿਲ੍ਹਿਆਂ ਵਿਚ ਅਜੇ ਕਲੀਅਰੈਂਸਿਜ਼ ਨਹੀਂ ਆਈਆਂ, ਅਜੇ ਉਥੇ ਅਜੇ ਮਾਈਨਿੰਗ ਦਾ ਕੰਮ ਸ਼ੁਰੂ ਨਹੀਂ ਹੋਇਆ। ਸਰ, ਪਿਛਲੇ ਕੰਟਰੈਕਟ ਖਤਮ ਹੋ ਰਹੇ ਹਨ ਤੇ ਪਹਿਲਾਂ ਪੰਜਾਬ ਨੂੰ ਤਕਰੀਬਨ ਸੱਤ ਬਲਾਕਾਂ ਵਿਚ ਵੰਡਿਆ ਹੋਇਆ ਸੀ ਅਤੇ ਮੈਂ ਅੱਜ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ 100 ਬਲਾਕਾਂ ਵਿਚ ਵੰਡ ਰਹੇ ਹਾਂ ਤੇ ਇਸ ਦੇ ਨਾਲ 100 ਕਮਰਸ਼ੀਅਲ ਅਤੇ 150 ਜਿਹੜੀ ਪਬਲਿਕ ਮਾਈਨ ਖੱਡ ਦੇ ਨਾਲ, 250 ਖੱਡ ਪੰਜਾਬ ਦੇ 14 ਜ਼ਿਲ੍ਹਿਆਂ ਵਿੱਚ ਸ਼ੁਰੂ ਹੋ ਜਾਵੇਗੀ । ਸਪੀਕਰ ਸਾਹਿਬ, ਮੈਂ ਇੱਕ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਮਰਸ਼ੀਅਲ ਤੇ ਪਬਲਿਕ ਦੋਨਾਂ ਤੋਂ ਪੰਜਾਬ ਦੇ ਲੋਕਾਂ ਨੂੰ 5.50 ਰੁਪਏ ਪ੍ਰਤੀ ਫੁੱਟ ਰੇਤਾ ਮਿਲੇਗਾ, ਚਾਹੇ ਕੋਈ ਆਪਣੀ ਟਰੈਕਟਰ ਟਰਾਲੀ ਲੈ ਜਾਵੇ ਤੇ ਚਾਹੇ ਕੋਈ ਕਮਰਸ਼ੀਅਲ ਖੱਡਾਂ ਤੋਂ ਟਿੱਪਰ ਦੇ ਰਾਹੀਂ ਭਰ ਲਿਆਵੇ। (ਥੰਪਿੰਗ) ਸਰ, ਇਸ ਤੋਂ ਇਲਾਵਾ ਸਾਡੀ ਜਿਹੜੀ ਸਰਕਾਰ ਹੈ, ਉਹ ਲਗਾਤਾਰ ਪਿਛਲੇ ਇਕ ਸਾਲ ਤੋਂ ਜਿਵੇਂ ਮੈਂ ਕਿਹਾ ਹੈ ਕਿ ਉਹ ਕੰਮ ਜਿਹੜੀਆਂ ਸਰਕਾਰਾਂ ਆਮ ਤੌਰ ਤੇ ਜਾਣ ਲੱਗੇ ਕਰਦੀਆਂ ਹੁੰਦੀਆਂ ਹਨ, ਸਰ, ਅਸੀਂ ਉਹ ਪਹਿਲੇ ਛੇ ਮਹੀਨਿਆਂ, ਪਹਿਲੇ ਸਾਲ ਦੇ ਵਿੱਚ ਸ਼ੁਰੂ ਕੀਤਾ ਹੈ। ਆਹ, ਮੈਨੂੰ ਲੱਗਦਾ ਹੈ ਕਿ ਜਿੰਨੇ ਵੀ ਆਪੋਜ਼ੀਸ਼ਨ ਦੇ ਸਾਥੀ ਇਥੇ ਬੈਠੇ ਹੋਣੇ, ਕਿਉਂਕਿ ਅਸੀਂ ਕਿਹਾ ਸੀ ਕਿ ਅਸੀਂ 600 ਯਨਿਟਾਂ ਬਿਜਲੀ ਦੀਆਂ ਮੁਫਤ ਕਰਾਂਗੇ, ਬਿਜਲੀ ਦਾ ਵਾਅਦਾ ਹਾਲਾਂਕਿ ਜਦੋਂ ਇਨ੍ਹਾਂ ਦੀ ਸਰਕਾਰ ਸੀ, ਇਨ੍ਹਾਂ ਨੇ ਵੀ ਕੀਤਾ ਸੀ ਪਰ ਇਨ੍ਹਾਂ ਵਿਚੋਂ ਵੀ ਬਹੁਤਿਆਂ ਨੂੰ ਇਹ ਲੱਗਦਾ ਸੀ ਕਿ ਇਹ ਜਾਂ ਤਾਂ ਪਾਰਲੀਮੈਂਟ

ਚੋਣਾਂ ਵੇਲੇ ਕਰਨਗੇ, ਨਹੀਂ ਸਾਡੇ ਵਾਂਗ ਜਿਵੇਂ ਲਾਸਟ ਦੇ ਉਤੇ ਐਲਾਨ ਕੀਤੇ ਜਾਂ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਕਰਨਗੇ ਪਰ ਮੈਂ, ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਮਹੀਨੇ ਛੇ ਨਹੀਂ ਟੱਪਣ ਦਿੱਤੇ (ਥੰਪਿੰਗ) ਪੰਜਾਬ ਦੇ ਲੋਕਾਂ ਨੂੰ 600 ਯੂਨਿਟਾਂ ਮੁਫਤ ਕੀਤੀਆਂ, ਸਰ, ਅਸੀਂ ਇਹ ਕੋਈ ਅਹਿਸਾਨ ਨਹੀਂ ਕੀਤਾ, ਅਸੀਂ ਵਾਅਦਾ ਕੀਤਾ ਸੀ ਤੇ ਉਹ ਪੂਰਾ ਕੀਤਾ ਹੈ। ਅਸੀਂ ਕਿਹਾ ਸੀ ਕਿ ਅਸੀਂ ਬਿਜਲੀ ਮੁਫਤ ਦਿਆਂਗੇ ਤਾਂ ਦੇ ਰਹੇ ਹਾਂ, ਅਸੀਂ ਕਿਹਾ ਸੀ ਕਿ ਅਸੀਂ ਮੁਹੱਲਾ ਕਲੀਨਿਕ ਬਣਾਵਾਂਗੇ ਤਾਂ ਅਸੀਂ ਪੰਜ ਸਾਲ ਵੇਟ ਨਹੀ਼ ਕੀਤੀ, ਮੈਂ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ 504 ਮੁਹੱਲਾ ਕਲੀਨਿਕ ਪੰਜਾਬ ਵਿਚ ਚੱਲ ਰਹੇ ਹਨ। (ਥੰਪਿੰਗ) ਅਸੀਂ ਕਿਹਾ ਸੀ ਕਿ ਅਸੀਂ ਸਕੂਲ ਬਣਾਵਾਂਗੇ ਤਾਂ ਅਸੀਂ ਵੇਟ ਨਹੀਂ ਕੀਤੀ, ਵੜਿੰਗ ਸਾਹਿਬ ਨੇ ਕਿਹਾ ਹੈ ਕਿ ਹੁਣ ਕੰਮ ਸ਼ੁਰੂ ਹੋਇਆ ਹੈ। ਇਹ ਸਾਡੇ ਮੰਤਰੀ ਸਾਹਿਬ ਬੈਠੇ ਹਨ, 117 ਕੀ, ਆਉਣ ਵਾਲੇ ਸਮੇਂ ਵਿੱਚ ਹਰ ਸਾਲ ਸਕੂਲ ਆਫ ਐਮੀਨੈਂਸ ਪੰਜਾਬ ਵਿਚ ਖੋਲ੍ਹਣੇ ਹਨ। (ਥੰਪਿੰਗ) ਅਸੀਂ ਜੋ ਵਾਅਦੇ ਕੀਤੇ, ਸਰ, ਅਸੀਂ ਉਹ ਸਾਰੇ ਪੂਰੇ ਕਰ ਰਹੇ ਹਾਂ ਪਰ ਸਰ ਵੱਡੀ ਗੱਲ ਇ਼ਹ ਹੈ ਕਿ ਅਸੀਂ ਜੋ ਵਾਅਦੇ ਨਹੀਂ ਕੀਤੇ, ਅਸੀਂ ਉਹ ਵੀ ਕਰ ਰਹੇ ਹਾਂ। ਅਸੀਂ ਕਿਤੇ ਨਹੀਂ ਸੀ ਕਿਹਾ ਕਿ ਭਾਈ ਜਿਹੜੇ ਪੰਜਾਬ ਦੇ ਤਿੰਨ ਤਿੰਨ, ਪੰਜ ਪੰਜ ਵਾਰੀ ਦੇ ਵਿਧਾਇਕ ਹਨ ਉਨ੍ਹਾਂ ਦੀ ਇਕ ਪੈਨਸ਼ਨ ਕਰਾਂਗੇ ਪਰ ਸਰ, ਅਸੀਂ ਉਹ ਵੀ ਕੀਤੀ । (ਥੰਪਿੰਗ) ਅਸੀਂ ਕਿਤੇ ਨਹੀਂ ਸੀ ਕਿਹਾ ਕਿਉਂਕਿ ਸਾਡੇ ਮੁੱਖ ਮੰਤਰੀ ਸਾਹਿਬ ਇੱਕ ਜ਼ਿੰਮੇਵਾਰ ਮੁੱਖੀ ਦੀ ਤਰ੍ਹਾਂ ਪੰਜਾਬ ਦੀ ਸਰਕਾਰ ਨੂੰ ਚਲਾ ਰਹੇ ਹਨ। ਜੇ ਪੰਜਾਬ ਵਿੱਚ ਮੈਨੂੰ ਲੱਗਦਾ ਹੈ ਕਿ ਉਹ ਰੋਜ਼ ਨਾ ਵੀ ਫੀਲਡ ਤੇ ਜਾਣ ਤਾਂ ਵੀ ਕੰਮ ਚਲ ਜਾਵੇ ਪਰ ਤੁਸੀਂ ਸਾਰੇ ਮੇਰੇ ਨਾਲੋਂ ਵੱਡੀ ਉਮਰ ਦੇ ਹਨ, ਕੋਈ ਚਾਰ ਵਾਰੀ, ਕੋਈ ਪੰਜ ਵਾਰੀ ਟਰਮਾਂ ਵਾਲੇ ਬੈਠੇ ਹਨ, ਤੁਸੀਂ ਕਿਹੜਾ ਮੁੱਖ ਮੰਤਰੀ ਦੇਖਿਆ ਹੈ ਕਿ ਜਿਹੜਾ ਰੋਜ਼ ਪੰਜ ਪੰਜ ਡਿਪਾਰਟਮੈਂਟਾਂ ਦੀਆਂ ਮੀਟਿੰਗਾਂ ਲੈਂਦਾ, ਇਸੇ ਕਰਕੇ ਜੋ ਨਹੀਂ ਵੀ ਕਿਹਾ, ਆਪ ਦੀ ਜ਼ਿੰਮੇਵਾਰੀ ਸਮਝਦੇ ਹੋਏ, ਇਹ ਠੀਕ ਹੈ, ਮੈਂਬਰ ਸਾਹਿਬ ਕਹਿ ਗਏ ਕਿ ਮੂੰਗੀ ਉਤੇ ਕੇਵਲ ਤੁਸੀਂ 11 ਪ੍ਰਤੀਸ਼ਤ ਨੂੰ ਐਮ.ਐਸ.ਪੀ. ਦਿੱਤੀ। ਸਰ, 11 ਪ੍ਰਤੀਸ਼ਤ ਉਨ੍ਹਾਂ ਨੂੰ ਦਿੱਤੀ ਜਿਨ੍ਹਾਂ ਨੂੰ ਮਾਰਕੀਟ ਵਿਚੋਂ ਪੂਰਾ ਰੇਟ ਨਹੀਂ ਮਿਲਿਆ ਤੇ ਅਸੀਂ ਮੂੰਗੀ ਉਤੇ ਐਮ.ਐਸ.ਪੀ. ਦੇਣ ਦਾ ਵੀ ਵਾਅਦਾ ਨਹੀਂ ਕੀਤਾ ਕਿਉਂਕਿ ਅਸੀਂ ਪੰਜਾਬ ਪ੍ਰਤੀ ਫਿਕਰਮੰਦ ਹਾਂ, ਪੰਜਾਬ ਦੇ ਕਿਸਾਨਾਂ ਪ੍ਰਤੀ, ਪੰਜਾਬ ਦੇ ਡੂੰਘੇ ਹੋ ਰਹੇ ਪਾਣੀ ਪ੍ਰਤੀ, ਇਸੇ ਕਰਕੇ ਮੂੰਗੀ ਉਤੇ ਐਮ.ਐਸ.ਪੀ. ਦਿੱਤੀ। (ਥੰਪਿੰਗ) ਅਸੀਂ ਕਿਤੇ ਨਹੀਂ ਸੀ। ਸਰ, ਮੈਂ ਮੈਨੀਫੈਸਟੋ ਦੀ ਗੱਲ ਕਰ ਰਿਹਾ ਹਾਂ। (ਵਿਘਨ) ਅਸੀਂ ਕਿਤੇ ਨਹੀਂ ਸੀ ਕਿ ਅਸੀਂ ਡਾਇਰੈਕਟ ਸੋਇੰਗ ਉਤੇ 1500 ਰੁਪਿਆ ਦਿਆਂਗੇ। ਮੈਂ ਮੁੱਖ ਮੰਤਰੀ ਸਾਹਿਬ ਤੇ ਵਜੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਡਾਇਰੈਕਟ ਸੋਇੰਗ ਉਤੇ 1500 ਰੁਪਿਆ ਪ੍ਰਤੀ ਏਕੜ ਪੰਜਾਬ ਦੇ ਕਿਸਾਨਾਂ ਨੂੰ ਦਿੱਤਾ ਗਿਆ ਹੈ, ਉਹ ਇਸੇ ਕਰਕੇ ਕਿਉਂਕਿ ਅਸੀਂ ਪੰਜਾਬ ਪ੍ਰਤੀ, ਪੰਜਾਬ ਦੇ ਲੋਕਾਂ ਪ੍ਰਤੀ, ਪੰਜਾਬ ਦੇ ਕਿਸਾਨਾਂ ਪ੍ਰਤੀ ਫਿਕਰਮੰਦ ਹਾਂ ਤੇ ਆਪਦੀ ਡਿਊਟੀ ਇਮਾਨਦਾਰੀ ਨਾਲ ਨਿਭਾਅ ਰਹੇ ਹਾਂ । ਇਸ ਤੋਂ ਇਲਾਵਾ, ਧਾਲੀਵਾਲ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਨੂੰ

ਖਾਸ ਤੌਰ ਉਤੇ ਵਧਾਈ ਦਿੰਦਾ ਹਾਂ, ਕੱਲ੍ਹ ਵੀ ਬੜੇ ਮੈਂਬਰਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ। ਸਰ, ਅਸੀਂ ਇਹ ਕਿਤੇ ਨਹੀਂ ਸੀ ਕਿਹਾ ਕਿ ਅਸੀਂ ਜਿਹੜੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਉਹ ਅਸੀਂ ਛੁਡਵਾਵਾਂਗੇ ਪਰ ਮੈਂ ਵਧਾਈ ਦਿੰਦਾ ਹਾਂ, ਇਸ ਤੋਂ ਪਹਿਲਾਂ ਵੀ ਬੜੇ ਵਜ਼ੀਰ ਆਏ, ਬੜੇ ਮੁੱਖ ਮੰਤਰੀ ਆਏ, ਕਿਸੇ ਦੀਆਂ ਲੱਤਾਂ ਨੇ ਭਾਰ ਨਹੀਂ ਝੱਲਿਆ।

ਬ.ਕ./ਰ.ਕ/7.3.23/12.45

ਕੁਲਦੀਪ ਸਿੰਘ ਧਾਲੀਵਾਲ ਅਤੇ ਸਰਦਾਰ ਭਗਵੰਤ ਸਿੰਘ ਮਾਨ ਦੀਆਂ ਲੱਤਾਂ ਨੇ ਇਹ ਭਾਰ ਝੱਲਿਆ ਹੈ ਅਤੇ ਵੱਡੇ ਲੋਕਾਂ ਤੋਂ ਜ਼ਮੀਨਾਂ ਛੁਡਵਾਈਆਂ ਗਈਆਂ ਹਨ। ਕਈ ਵਾਰ ਕਿਸੇ ਕਾਨੂੰਨੀ ਅੜਚਣ ਜਾਂ ਕੋਰਟ ਤੋਂ ਸਟੇਅ ਲਿਆ ਰਹੇ ਹਨ ਪਰ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ, ਕਿਸੇ ਨਾਲ ਵੀ ਲਿਹਾਜ਼ ਨਹੀਂ ਕੀਤੀ ਜਾਵੇਗੀ। ਕਲ੍ਹ ਵੀ ਇੱਥੇ ਮਾਨ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਕਾਨੂੰਨ ਦਾ ਰਾਜ ਹੈ ਅਤੇ ਕੋਈ ਵੀ ਬੰਦਾ ਜਿਸ ਨੇ ਪੰਜਾਬ ਦਾ ਪੈਸਾ ਖਾਧਾ ਹੈ, ਉਸ ਤੇ ਸਖਤ ਕਾਰਵਾਈ ਹੋਵੇਗੀ। ਚਾਹੇ ਉਹ ਸਾਡੇ ਵਿਚੋਂ ਹੋਵੇ ਜਾਂ ਵਿਰੋਧੀ ਧਿਰ ਵਲੋਂ ਹੋਵੇ। ਕੱਲ੍ਹ ਕਈ ਮੈਂਬਰ ਗੁੱਸਾ ਕਰ ਗਏ ਸਨ। ਤੁਸੀਂ ਪਿਛਲੇ ਸਾਲ ਵੀ ਦੇਖਿਆ ਹੈ ਕਿ ਅਸੀਂ ਤਾਂ ਆਪਣਿਆਂ ਨਾਲ ਵੀ ਲਿਹਾਜ਼ ਨਹੀਂ ਕੀਤੀ। ਸੋ, ਵਿਜੀਲੈਂਸ ਕਾਨੂੰਨ ਮੁਤਾਬਿਕ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕਰੇਗੀ।

ਸਪੀਕਰ ਸਾਹਿਬ, ਵਿਧਾਨ ਸਭਾ ਵਿੱਚ ਵਾਰ ਵਾਰ ਲਾਅ ਐਂਡ ਆਰਡਰ ਦਾ ਮੁੱਦਾ ਉੱਠ ਰਿਹਾ ਹੈ। ਜਦੋਂ ਕੋਈ ਵੀ ਅਣਸੁਖਾਵੀਂ ਘਟਨਾ ਕਿਸੇ ਸੂਬੇ ਵਿੱਚ ਹੁੰਦੀ ਹੈ ਤਾਂ ਉਥੋਂ ਦੀ ਸਰਕਾਰ ਦੀ, ਪੁਲਿਸ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਸ ਤੇ ਕੰਮ ਕਰੇ। ਪਿਛਲੇ ਇਕ ਸਾਲ ਤੋਂ ਸਾਡੀ ਸਰਕਾਰ ਹੈ ਅਤੇ ਜਿਹੜਾ ਵੀ ਕੋਈ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਾਡੇ ਮੁੱਖ ਮੰਤਰੀ ਸਾਹਿਬ, ਡੀ.ਜੀ. ਸਾਹਿਬ ਵਲੋਂ ਇਮਾਨਦਾਰੀ ਨਾਲ, ਸਖਤੀ ਨਾਲ ਉਸ ਤੇ ਕਾਰਵਾਈ ਕੀਤੀ ਜਾ ਰਹੀ ਹੈ ਪਰ ਲਗਾਤਾਰ ਕਿਹਾ ਜਾ ਰਿਹਾ ਹੈ ਕਿ ਇੱਥੇ ਗੈਂਗਸਟਰਵਾਦ ਆ ਗਿਆ, ਇੱਥੇ ਕ੍ਰਾਈਮ ਵੱਧ ਰਿਹਾ ਹੈ, ਪੰਜਾਬ ਦਾ ਲਾਅ ਐਂਡ ਆਰਡਰ ਖਰਾਬ ਹੋ ਰਿਹਾ ਹੈ। ਸਪੀਕਰ ਸਾਹਿਬ, ਕੀ ਅਸੀਂ ਪਿਛਲੇ ਇਕ ਸਾਲ ਵਿੱਚ ਇਹ ਖਰਾਬ ਕਰ ਦਿੱਤਾ ਹੈ? ਇਕ-ਦੋ ਘਟਨਾਵਾਂ ਹੋ ਗਈਆਂ ਤਾਂ ਇੱਥੇ ਇਹ ਹੋ ਗਿਆ, ਉਹ ਹੋ ਗਿਆ। ਸਪੀਕਰ ਸਾਹਿਬ, ਪਿਛਲੇ 7-8 ਸਾਲਾਂ ਵਿੱਚ ਕੀ ਕੀ ਘਟਨਾਵਾਂ ਪੰਜਾਬ ਵਿੱਚ ਵਾਪਰੀਆਂ ਹਨ? ਗੈਂਗਸਟਰ ਸੁੱਖਾ ਕਾਹਲੋਂ ਜਲੰਧਰ ਤੋਂ ਪੇਸ਼ੀ ਭੁਗਤ ਕੇ ਆ ਰਿਹਾ ਸੀ, ਪੁਲਿਸ ਕਸਟੱਡੀ ਵਿੱਚ ਰਾਹ ਵਿੱਚ ਹੀ ਉਸ ਨੂੰ ਘੇਰ ਕੇ ਮਾਰ ਦਿੱਤਾ। ਕੀ ਉਸ ਵੇਲੇ ਆਮ ਆਦਮੀ ਪਾਰਟੀ ਦੀ ਸਰਕਾਰ ਸੀ? ਨਾਭਾ ਜੇਲ੍ਹ ਬ੍ਰੇਕ ਕੀ ਸਾਡੀ ਸਰਕਾਰ ਵੇਲੇ ਹੋਇਆ ਹੈ? ਢੱਡਰੀਆਂ ਵਾਲੇ ਤੇ ਅਟੈਕ ਸਾਡੀ ਸਰਕਾਰ ਵਿੱਚ ਹੋਇਆ ਹੈ? ਜੋ ਅੱਜ ਪੰਜਾਬ ਦਾ ਮਾਹੌਲ ਬਣਿਆ ਹੈ, ਜੇਕਰ ਗੈਂਗਸਟਰ ਪੈਦਾ ਹੋਏ ਹਨ ਤਾਂ ਇਹ ਸਾਰਾ ਕੁਝ ਪਿਛਲੀਆਂ ਸਰਕਾਰਾਂ ਦੀ

ਦੇਣ ਹੈ। ਜੇਕਰ ਤੁਸੀਂ ਹਾਲੇ ਵੀ ਕੰਪੈਰੀਜ਼ਨ ਕਰੋ ਤਾਂ NCRB ਦੇ ਡਾਟੇ ਮੁਤਾਬਿਕ ਪੰਜਾਬ ਹਾਲੇ ਵੀ ਕ੍ਰਾਈਮ ਵਿੱਚ 17ਵੇਂ ਨੰਬਰ ਤੇ ਹੈ ਅਤੇ ਸਾਡੇ ਤੋਂ ਪਹਿਲਾਂ 16 ਸੂਬੇ ਹਨ। ਜੇ ਤੁਸੀਂ ਇਹ ਕੰਪੈਰੀਜ਼ਨ ਕਰੋ ਕਿ ਵੈਪਨ ਜਾਂ ਗੋਲੀ ਨਾਲ ਕਿੰਨਾ ਕ੍ਰਾਈਮ ਹੁੰਦਾ ਹੈ ਤਾਂ ਪੰਜਾਬ ਦੀ ਡੇਅਲੀ ਐਵਰੇਜ਼ 1.2 ਹੈ ਅਤੇ ਜਿਹੜੇ ਇਹ ਬੀ.ਜੇ.ਪੀ ਵਾਲੇ ਬੜਾ ਰੌਲਾ ਪਾਉਂਦੇ ਹਨ ਕਿ ਅਸੀਂ ਸਰਵ ਪਾਰਟੀ ਮੀਟਿੰਗ ਸੱਦਣੀ ਹੈ ਕਿਉਂਕਿ ਪੰਜਾਬ ਵਿੱਚ ਲਾਅ ਐਂਡ ਆਰਡਰ ਦਾ ਮਾਹੌਲ ਖਰਾਬ ਹੈ, ਸਾਡੇ ਗਵਾਂਢੀ ਸੂਬੇ ਵਿੱਚ ਇਹ ਐਵਰੇਜ਼ 6 ਹੈ। ਰਾਜਸਥਾਨ ਵਿੱਚ ਇਹ ਐਵਰੇਜ਼ 18 ਅਤੇ ਯੂ.ਪੀ, ਜਿਸ ਬਾਰੇ ਬਹੁਤ ਰੌਲਾ ਪਾਇਆ ਜਾਂਦਾ ਹੈ ਕਿ ਸਰਕਾਰ ਲਾਅ ਐਂਡ ਆਰਡਰ ਬਾਰੇ ਬਹੁਤ ਕੰਮ ਕਰ ਰਹੀ ਹੈ, ਉਹ NCRB ਦੀ ਰਿਪੋਰਟ ਮੁਤਾਬਿਕ not safe to travel zone ਹੈ ਪਰ ਬਦਨਾਮੀ ਇਕੱਲੇ ਪੰਜਾਬ ਦੀ ਹੋ ਰਹੀ ਹੈ। ਸਾਡੇ ਆਪੋਜ਼ੀਸ਼ਨ ਦੇ ਕਈ ਸਾਥੀ ਵੀ ਪੰਜਾਬ ਨੂੰ ਬਦਨਾਮ ਕਰਨ ਦਾ ਕਿਤੇ ਵੀ ਮੌਕਾ ਮਿਲੇ, ਉਹ ਛੱਡਦੇ ਨਹੀਂ ਹਨ। ਸਰ, ਇਨ੍ਹਾਂ ਅੰਕੜਿਆਂ ਤੋਂ ਇਲਾਵਾ ਸਾਡੇ ਮਾਨਯੋਗ ਰਾਜ ਸਭਾ ਮੈਂਬਰ ਨੇ ਕੇਂਦਰੀ ਯੂਨੀਅਨ ਮਨਿਸਟਰ ਨੂੰ ਸਵਾਲ ਪੁੱਛਿਆ ਸੀ ਅਤੇ ਉਨ੍ਹਾਂ ਨੇ ਵੀ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਪੰਜਾਬ ਕ੍ਰਾਈਮ ਵਿੱਚ 17ਵੇਂ ਨੰਬਰ ਤੇ ਹੈ ਪਰ ਸਭ ਤੋਂ ਵੱਧ ਬਦਨਾਮ ਪੰਜਾਬ ਨੂੰ ਕੀਤਾ ਜਾ ਰਿਹਾ ਹੈ। ਅੱਜ ਵੀ ਕਈ ਮੈਂਬਰਾਂ ਨੇ ਸਵਾਲ ਉਠਾਏ ਹਨ, ਸਾਡੇ ਮੁੱਖ ਮੰਤਰੀ ਸਾਹਿਬ ਤੇ ਸਾਨੂੰ ਮਾਣ ਹੈ, ਜੋ ਕਿ ਬੜੀ ਮਿਹਨਤ ਨਾਲ ਲੱਗੇ ਹੋਏ ਹਨ ਅਤੇ ਇਹ ਗੱਲ ਬੜੀ ਕਲੀਅਰ ਹੈ ਕਿ ਆਉਣ ਵਾਲੇ ਸਮੇਂ ਵਿੱਚ ਜੋ ਕੋਈ ਵੀ, ਕਿਸੇ ਵੀ ਧਰਮ ਦਾ ਹੋਵੇ, ਜਾਤ ਦਾ ਹੋਵੇ, ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ ਕੋਸ਼ਿਸ਼ ਕਰੇਗਾ, ਪੰਜਾਬ ਦੀ ਅਮਨ-ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।(ਥੰਪਿੰਗ)

ਸਪੀਕਰ ਸਾਹਿਬ, ਮੈਂਬਰ ਸਾਹਿਬ ਗੱਲ ਕਰਕੇ ਗਏ ਹਨ ਕਿ ਅਸੀਂ ਪੰਜਾਬ ਵਿੱਚ ਗਵਰਨਰ ਰਾਜ ਨਹੀਂ ਲੱਗਣ ਦੇਣਾ। ਸਰ, ਇਹੀ ਕਾਂਗਰਸ ਪਾਰਟੀ ਹੈ, ਜਿਸ ਨੇ ਪੰਜਾਬ ਵਿੱਚ 8 ਵਾਰ ਐਮਰਜੰਸੀ ਲਗਾਈ ਹੈ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹੀ ਕਾਂਗਰਸ ਪਾਰਟੀ ਹੈ, ਜਿਸ ਨੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਪਾ ਕੇ ਸਾੜੇ ਹਨ ਅਤੇ ਤੁਸੀਂ ਗੱਲਾਂ ਕਰ ਰਹੇ ਹੋ। ਜੇਕਰ ਪੰਜਾਬ ਵਿੱਚ ਕਾਲਾ ਦੌਰ ਆਇਆ ਤਾਂ ਉਸ ਵਿੱਚ ਸਭ ਤੋਂ ਵੱਡਾ ਰੋਲ ਕਾਂਗਰਸ ਪਾਰਟੀ ਸੀ।(ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਉਸ ਵਿੱਚ ਸੰਤਾਪ ਇਕੱਲੇ ਕਾਂਗਰਸੀਆਂ ਨੇ ਨਹੀਂ ਭੁਗਤਿਆ, ਪੰਜਾਬ ਦੇ ਕਰੋੜਾਂ ਲੋਕਾਂ ਨੇ ਉਹ ਸੰਤਾਪ ਭੁਗਤਿਆ ਹੈ ਅਤੇ ਇਸ ਨੂੰ ਸਾਰੇ ਭਲੀ-ਭਾਂਤ ਜਾਣਦੇ ਹਨ। ਲੋਕਾਂ ਨੇ ਸਾਡੀ ਜ਼ਿੰਮੇਵਾਰੀ ਲਗਾਈ ਹੈ ਅਤੇ ਅਸੀਂ ਇਮਾਨਦਾਰੀ ਨਾਲ ਇਹ ਜ਼ਿੰਮੇਵਾਰੀ ਨਿਭਾਵਾਂਗੇ।

ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਕ ਸਾਲ ਦਾ ਹੀ ਸਮਾਂ ਹੋਇਆ ਹੈ। ਸਾਡੀ ਪਾਰਟੀ ਵਿੱਚ ਅਸੀਂ ਸਿਰਫ 10 ਜਣੇ ਹੀ ਦੂਜੀ ਟਰਮ ਵਾਲੇ ਹਾਂ ਅਤੇ ਸਾਡੇ ਵਿਚੋਂ ਬਹੁਤੇ ਵਜ਼ੀਰ ਵੀ ਪਹਿਲੀ ਟਰਮ ਵਾਲੇ ਹੀ ਹਨ।

7.3.2023 ਕਕ ਮਸ 12.50

ਸਰ, ਇੱਕ ਸਾਲ ਦੇ ਵਿੱਚ ਇਹ ਸੈਸ਼ਨ ਵੀ ਚੌਥਾ ਹੈ। ਆਪੋਜੀਸ਼ਨ ਨੇ ਚਲੋ ਲੋਕਾਂ ਦੇ ਮੁੱਦੇ ਉਠਾਉਣੇ ਹੁੰਦੇ ਹਨ, ਇਹ ਉਠਾਉਂਦੇ ਹਨ। ਸਪੀਕਰ ਸਾਹਿਬ, ਪਰ ਇੱਕ ਵੀ ਠੋਸ ਮੁੱਦਾ, ਜਿੱਥੇ ਸਰਕਾਰ ਦਾ ਫੇਲੀਅਰ ਹੋਵੇ, ਜਿੱਥੇ ਸਰਕਾਰ ਦੀ ਨੀਅਤ ਵਿੱਚ ਖੋਟ ਹੋਵੇ, ਇਹ ਗੱਲ ਇਹ ਸਾਬਤ ਨਹੀਂ ਕਰ ਪਾਏ। ਠੀਕ ਹੈ ਸਰ, ਅਸੀਂ ਨਵੇਂ ਸੀ, ਸਾਡੇ ਤੋਂ ਕਈ ਗਲਤੀਆਂ ਹੋ ਗਈਆਂ ਹੋਣਗੀਆਂ ਪਰ ਸਾਡੇ ਮੁੱਖ ਮੰਤਰੀ ਸਾਹਿਬ ਸ਼੍ਰੀ ਭਗਵੰਤ ਮਾਨ ਜੀ ਦੀ, ਵੱਡੀ ਗੱਲ ਇਹ ਹੈ ਕਿ.....

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਹੁਣ ਤਾਂ ਪੁਆਇੰਟ ਆਫ ਆਰਡਰ ਦੇ ਦਿਉ ਜੀ। (ਵਿਘਨ) ਮੈਂ ਪੁਆਇੰਟ ਆਫ ਆਰਡਰ ਮੰਗ ਰਿਹਾ ਹਾਂ ਜੀ।

**Mr. Speaker:** Let him complete. He is about to conclude.

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਉਸ ਤੋਂ ਬਾਅਦ ਟਾਈਮ ਦੇ ਦਿਉਗੇ ਜੀ? ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਹਾਂ ਜੀ। (ਵਿਘਨ) ਸਪੀਕਰ ਸਾਹਿਬ, ਹੁਣ ਤਾਂ ਟਾਈਮ ਦੇ ਦਿਓ ਜੀ।

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ। (ਵਿਘਨ)

**ਪ੍ਰਸ਼ਾਸਕੀ ਸੁਧਾਰ ਮੰਤਰੀ :** ਸਪੀਕਰ ਸਾਹਿਬ, ਮੈਂ ਕਨਕਲੂਡ ਕਰ ਰਿਹਾ ਹਾਂ। ਸਪੀਕਰ ਸਾਹਿਬ, ਪੰਜਾਬ ਦੇ ਤਿੰਨ ਕਰੋੜ ਲੋਕ ਸਾਡੇ ਮੁੱਖ ਮੰਤਰੀ ਸਾਹਿਬ ਨੂੰ ਜਾਣਦੇ ਹਨ ਅਤੇ ਪੁਰਾਣਿਆਂ ਨੂੰ ਵੀ ਜਾਣਦੇ ਹਨ। ਇੱਕ ਗੱਲ ਅੱਜ ਸਾਰੇ ਪੰਜਾਬੀ ਕਹਿ ਸਕਦੇ ਹਨ, ਭਾਵੇਂ ਕੋਈ ਪੰਜਾਬ ਵਿੱਚ ਬੈਠਾ ਹੈ, ਭਾਵੇਂ ਕੋਈ ਪੰਜਾਬ ਤੋਂ ਬਾਹਰ ਬੈਠਾ ਹੈ ਕਿ ਸ਼੍ਰੀ ਭਗਵੰਤ ਮਾਨ ਜੀ ਦੀ ਨੀਅਤ ਵਿੱਚ ਖੋਟ ਨਹੀਂ (ਥੰਪਿੰਗ) ਸਰ, ਇਨ੍ਹਾਂ ਦੇ ਜਿਹੜੇ ਸਾਬਕਾ ਮੁੱਖ ਮੰਤਰੀ ਰਹਿ ਕੇ ਗਏ ਹਨ, ਉਨ੍ਹਾਂ ਦੀਆਂ ਨੀਅਤਾਂ ਵਿੱਚ ਖੋਟ ਸੀ। ਇਸੇ ਕਰਕੇ ਅੱਜ ਪੰਜਾਬ ਤੇ ਕਰਜ਼ ਵੀ ਚੜ੍ਹਿਆ ਅਤੇ ਇਸੇ ਕਰਕੇ ਪੰਜਾਬ ਅੱਜ ਇਸ ਦੌਰ ਵਿੱਚੋਂ ਲੰਘ ਰਿਹਾ ਹੈ। ਸਪੀਕਰ ਸਾਹਿਬ, ਪਰ ਅਸੀਂ ਕੋਈ ਸਾਈਕਲ ਤਾਂ ਹੈ ਨਹੀਂ, ਜਿਸ ਨੂੰ ਇੱਕੋ ਦਮ ਮੋੜ ਕੇ ਇੱਧਰ ਦੂਜੇ ਪਾਸੇ ਨੂੰ ਕਰ ਦੇਵਾਂਗੇ। ਸਾਡੀ ਸਾਰੀ ਸਰਕਾਰ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਲਗਾਤਾਰ ਦਿਨ-ਰਾਤ ਇੱਕ ਕਰ ਰਹੀ ਹੈ, ਮਿਹਨਤ ਕਰ ਰਹੀ ਹੈ ਅਤੇ ਇਮਾਨਦਾਰੀ ਨਾਲ ਜੋ ਮੁੱਖ ਮੰਤਰੀ ਸਾਹਿਬ ਦਾ ਸੁਫਨਾ ਹੈ ਕਿ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣਾ ਹੈ, ਅਸੀਂ ਸਾਰੇ ਉਸ ਦੇ ਉਤੇ ਕੰਮ ਕਰ ਰਹੇ ਹਾਂ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਨਯੋਗ ਸਪੀਕਰ:** ਕਾਂਗਰਸ ਵੱਲੋਂ ਸਰਦਾਰ ਬਿਕਰਮਜੀਤ ਸਿੰਘ ਚੌਧਰੀ ਦਾ ਨਾਮ ਆਇਆ ਸੀ, ਉਹ ਐਬਸੈਂਟ ਹਨ। ਸ਼੍ਰੀਮਤੀ ਅਰੁਣਾ ਚੌਧਰੀ ਦਾ ਨਾਮ ਆਇਆ ਸੀ, ਉਹ ਐਬਸੈਂਟ ਹਨ। ਸਰਦਾਰ ਸੁਖਜਿੰਦਰ

ਸਿੰਘ ਰੰਧਾਵਾ ਦਾ ਨਾਮ ਆਇਆ ਸੀ, ਉਹ ਵੀ ਐਬਸੈਂਟ ਹਨ। ਹੁਣ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਜੀ ਬੋਲਣਗੇ। (ਵਿਘਨ) ਹਾਂ ਜੀ, ਸ੍ਰੀ ਅਵਤਾਰ ਸਿੰਘ ਜੂਨੀਅਰ ਜੀ, ਦੱਸੋ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਨੇ ਕਿਹਾ ਕਿ ਐਮ.ਐਸ.ਪੀ. ਤੇ ਸਾਡਾ ਕੋਈ ਪ੍ਰੌਮਿਸ ਨਹੀਂ ਸੀ। ਸਰ, ਮਿਤੀ 3 ਜੁਲਾਈ, 2020 ਨੂੰ ਪਹਿਲਾਂ ਮੁੱਖ ਮੰਤਰੀ ਸਾਹਿਬ ਨੇ ਹਾਊਸ ਵਿੱਚ 2 ਤਾਰੀਕ ਨੂੰ ਮੂੰਗ ਦੇ ਗਰੋਅਰਜ ਨੂੰ ਆਸ਼ਵਾਸਨ ਦਿੱਤਾ, ਉਸ ਤੋਂ ਬਾਅਦ ਸ਼ਾਮ ਨੂੰ ਜਾ ਕੇ ਉਨ੍ਹਾਂ ਨੇ ਟੈਲੀਵਾਈਜ਼ਡ ਕਿਹਾ (ਵਿਘਨ)(ਸ਼ੋਰ) ਸਰ, ਹੁਣ ਇਹ ਪੂਰੀ ਗੱਲ ਸੁਣ ਤਾਂ ਲੈਣ । ਹੁਣ ਵਜ਼ੀਰ ਸਾਹਿਬ ਸੁਣਨ ਦਾ ਮਾਦਾ ਤਾਂ ਰੱਖ ਲੈਣ। ਪਹਿਲਾਂ ਮੈਨੂੰ ਕਿਹਾ ਗਿਆ ਕਿ ਇਨ੍ਹਾਂ ਨੂੰ ਬੋਲਣ ਦਿਉ, ਮੈਂ ਉਦੋਂ ਚੁੱਪ ਕਰਕੇ ਬੈਠ ਗਿਆ। ਸਰ, ਉਸ ਦੇ ਵਿੱਚ ਮੁੱਖ ਮੰਤਰੀ ਸਾਹਿਬ ਨੇ ਜਿਹੜੀ ਐਮ.ਐਸ.ਪੀ. ਹੈ, ਉਹ 7275 ਰੁਪਏ ਪ੍ਰਤੀ ਕੁਇੰਟਲ ਕਹੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਅਗਰ ਡਿਫਰੈਂਸ ਹੈ, ਅਗਰ 7000 ਰੁਪਏ ਪ੍ਰਤੀ ਕੁਇੰਟਲ ਪ੍ਰਾਈਵੇਟ ਪਲੇਅਰ ਨੇ buy ਕੀਤੀ ਤਾਂ 275 ਰੁਪਿਆ ਗੌਰਮਿੰਟ ਉਸ ਨੂੰ ਕੰਪਨਸੇਟ ਕਰੇਗੀ। ਅਗਰ 6500 ਰੁਪਏ ਪ੍ਰਤੀ ਕੁਇੰਟਲ ਮੂੰਗ ਦੀ ਦਾਲ ਪ੍ਰਾਈਵੇਟ ਪਲੇਅਰ ਨੇ buy ਕੀਤੀ ਤਾਂ 775 ਰੁਪਏ, ਅਗਰ 6000 ਰੁਪਏ ਪ੍ਰਤੀ ਕੁਇੰਟਲ ਵੇਚੀ ਗਈ ਤਾਂ 1000 ਰੁਪਏ ਤੱਕ ਸਰਕਾਰ ਕੰਪਨਸੇਟ ਕਰੇਗੀ। ਕੀ ਗੌਰਮਿੰਟ ਨੇ ਇਹ ਕੰਪਨਸੇਸ਼ਨ ਦਿੱਤੀ ਹੈ ਕਿ ਨਹੀਂ ਦਿੱਤੀ, ਵਜ਼ੀਰ ਸਾਹਿਬ ਇੰਨਾ ਕੁ ਦੱਸ ਦੇਣ?

**ਖੇਤੀਬਾੜੀ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ) (ਬੈਠੇ-ਬੈਠੇ):** ਇਹ ਦਿੱਤੀ ਹੈ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੰਤਰੀ ਸਾਹਿਬ ਜੇ ਕਹਿੰਦੇ ਹਨ ਕਿ ਕੰਪਨਸੇਸ਼ਨ ਦਿੱਤੀ ਹੈ ਤਾਂ ਇਹ ਦੱਸ ਦੇਣ ਕਿ ਕਿੰਨੀ ਦਿੱਤੀ ਹੈ?

**ਮਾਨਯੋਗ ਸਪੀਕਰ:** ਚਲੋ ਜੀ, ਹੁਣ ਉਹ ਬੋਲ ਰਹੇ ਹਨ, ਦੱਸ ਦੇਣਗੇ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਸਰ, ਮੈਂ ਮੈਨੀਫੈਸਟੋ ਦੀ ਗੱਲ ਕਰ ਰਿਹਾ ਹਾਂ। ਉਹ ਵਾਲਾ ਮੈਨੀਫੈਸਟੋ ਜਿਹੜਾ ਪੰਜ ਸਾਲ ਪਹਿਲਾਂ ਕਾਂਗਰਸ ਨੇ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਸੀ, 'ਕੈਪਟਨ ਨੇ ਸਹੁੰ ਚੱਕੀ, ਹਰ ਘਰ ਨੌਕਰੀ ਪੱਕੀ।' 'ਕਰਜ਼ਾ ਕੁਰਕੀ ਖਤਮ, ਫ਼ਸਲ ਦੀ ਪੂਰੀ ਰਕਮ'। (ਰੂਲਿੰਗ ਬੈਂਚਿਜ ਵਲੋਂ ਹਾਸੇ ਦੀਆਂ ਅਵਾਜ਼ਾਂ) ਜਿਹੜਾ ਚੋਣਾਂ ਤੋਂ ਪਹਿਲਾਂ ਦਿੱਤਾ ਜਾਂਦਾ ਹੈ, ਮੈਂ ਉਸ ਚੋਣ ਮੈਨੀਫੈਸਟੋ ਦੀ ਗੱਲ ਕਰ ਰਿਹਾ ਹਾਂ। ਜੋ ਸਾਡੇ ਮੁੱਖ ਮੰਤਰੀ ਸਾਹਿਬ ਨੇ ਵਿਧਾਨ ਸਭਾ ਵਿੱਚ ਕਿਹਾ .....

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਫਲੌਰ ਆਫ ਦਿ ਹਾਊਸ ਕਿਹਾ। ਹਾਊਸ ਜ਼ਿਆਦਾ ਜ਼ਰੂਰੀ ਹੈ ਕਿ ਮੈਨੀਫੈਸਟੋ ਜ਼ਿਆਦਾ ਜ਼ਰੂਰੀ ਹੈ? (ਵਿਘਨ) ਕੋਹਲੀ ਸਾਹਿਬ, ਗੱਲ ਪੂਰੀ ਹੋ ਲੈਣ ਦਿਉ।

**ਪ੍ਰਸ਼ਾਸਕੀ ਸੁਧਾਰ ਮੰਤਰੀ:** ਮੈਂਬਰ ਸਾਹਿਬ, ਇੱਕ ਮਿੰਟ, ਮੈਨੂੰ ਜਵਾਬ ਦੇ ਲੈਣ ਦਿਉ। ਜਿਹੜੇ ਕਿਸਾਨਾਂ ਨੂੰ ਮਾਰਕੀਟ ਵਿੱਚੋਂ ਮੂੰਗੀ ਤੇ ਐਮ.ਐਸ.ਪੀ. ਦਾ ਭਾਅ ਨਹੀਂ ਮਿਲਿਆ, ਉਹ ਸਾਰੇ 11% ਕਿਸਾਨ ਸੀ। ਉਨ੍ਹਾਂ ਨੂੰ ਸਾਡੀ ਸਰਕਾਰ ਨੇ ਐਮ.ਐਸ.ਪੀ. ਦਿੱਤੀ ਹੈ। (ਵਿਘਨ)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, 11% ਐਮ.ਐਸ.ਪੀ. ਚੁੱਕੀ ਗਈ ਹੈ। (ਵਿਘਨ) ਸਪੀਕਰ ਸਾਹਿਬ, ਮੇਰੀ ਹੰਬਲ ਰਿਕੁਐਸਟ ਹੈ ਜੀ। ਸਰ, ਇਹ ਹਾਊਸ ਨੂੰ ਮਿਸਗਾਈਡ ਕਰ ਰਹੇ ਹਨ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਹੋ ਗਿਆ ਹੈ ਜੀ। ਸਰਦਾਰ ਸੁਖਵਿੰਦਰ ਸਿੰਘ ਕੋਟਲੀ ਜੀ। (ਵਿਘਨ) (ਸ਼ੋਰ) ਹਾਂ ਜੀ, ਮੰਤਰੀ ਜੀ ਦੱਸੋ।(ਵਿਘਨ) ਹਾਂ ਜੀ, ਧਾਲੀਵਾਲ ਸਾਹਿਬ।

**ਖੇਤੀਬਾੜੀ ਮੰਤਰੀ :** ਸਪੀਕਰ ਸਾਹਿਬ, ਇਹ ਮੈਂਬਰ ਸਾਹਿਬ ਹਾਊਸ ਨੂੰ ਗਲਤ ਇਨਫਰਮੇਸ਼ਨ ਦੇ ਰਹੇ ਹਨ। ਲਿਆਓ ਕਿਹੜਾ ਬੰਦਾ ਕਹਿੰਦਾ ਹੈ ਕਿ ਮੂੰਗੀ ਤੇ ਐਮ.ਐਸ.ਪੀ. ਨਹੀਂ ਮਿਲੀ? (ਸ਼੍ਰੀ ਅਵਤਾਰ ਸਿੰਘ ਜੂਨੀਅਰ ਨੂੰ ਸੰਬੋਧਨ ਕਰਦੇ ਹੋਏ)

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਤੁਸੀਂ ਦੱਸੋ ਕਿ ਕਿੰਨੀ ਦਿੱਤੀ ਹੈ?

**ਖੇਤੀਬਾੜੀ ਮੰਤਰੀ :** ਅਸੀਂ ਦਿੱਤੀ ਹੈ। ਅਸੀਂ ਟੋਟਲ ਦਿੱਤੀ ਹੈ। ਮੈਂ ਖੇਤੀਬਾੜੀ ਮੰਤਰੀ ਖੜ੍ਹਾ ਹਾਂ।(ਵਿਘਨ) ਅਸੀਂ ਟੋਟਲ ਦਿੱਤੀ। ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਜਿਸ ਨੂੰ ਮੂੰਗੀ ਦੀ ਦਾਲ ਦਾ ਪੂਰਾ ਰੇਟ ਨਾ ਮਿਲਿਆ, ਉਸ ਵਾਸਤੇ ਅਸੀਂ 1500 ਜਾਂ 1000 ਰੁਪਿਆ ਹੋਰ ਪਾ ਕੇ ਰੇਟ ਪੂਰਾ ਕਰਾਂਗੇ। ਅਸੀਂ 1000 ਰੁਪਿਆ ਪੂਰਾ ਕੀਤਾ ਹੈ, ਜਿਸ ਦਾ 400 ਰੁਪਿਆ ਘਟਿਆ, ਜਿਸ ਦਾ 500 ਰੁਪਿਆ ਘਟਿਆ, ਉਸ ਵਾਸਤੇ 500 ਰੁਪਿਆ ਪਾਇਆ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕਿੰਨੀ ਅਮਾਊਂਟ ਦਿੱਤੀ ਹੈ? (ਵਿਘਨ) (ਸ਼ੋਰ)

**ਖੇਤੀਬਾੜੀ ਮੰਤਰੀ:** ਸਰ ਜੀ, ਕੋਈ ਪੰਜਾਬ ਦਾ ਕਿਸਾਨ ਕਹਿ ਦੇਵੇ...(ਵਿਘਨ) ਮੇਰੀ ਗੱਲ ਸੁਣੋ।

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕਰੋ ਜੀ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਪੰਜਾਬ ਦਾ ਕੋਈ ਵੀ ਕਿਸਾਨ ਲਿਆਓ, ਜਿਥੇ ਮਦਦ ਨਾ ਮਿਲੀ ਹੋਵੇ...

ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ/12.55/07.03.2023

ਸਪੀਕਰ ਸਾਹਿਬ, ਇਹ ਪੰਜਾਬ ਦਾ ਕੋਈ ਵੀ ਕਿਸਾਨ ਲਿਆ ਕੇ ਮੇਰੇ ਕੋਲ ਖੜਾ ਕਰ ਦੇਣ, ਜਿਸ ਨੂੰ ਐਮ.ਐਸ.ਪੀ. ਨਹੀਂ ਮਿਲੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** (ਬਿਨਾਂ ਮਾਈਕ ਤੋਂ) ਮੇਰੇ ਕੋਲ ਆਰ.ਟੀ.ਆਈ. ਦੀ ਇਨਫਰਮੇਸ਼ਨ ਹੈ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਹਾਲੇ ਬੋਲਣਾ ਹੈ, ਉਦੋਂ ਗੱਲ ਕਰ ਲੈਣਾ।

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਅਸੀਂ ਸਭ ਨੂੰ ਐਮ.ਐਸ.ਪੀ. ਦਿੱਤੀ ਹੈ। ਤੁਸੀਂ ਲਿਆਓ ਕੋਈ ਕਿਸਾਨ, ਜਿਸ ਨੂੰ ਨਹੀਂ ਮਿਲੀ।

**ਮਾਨਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈੱਸ ਕਰੋ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਵੀ ਸੁਣ ਰਹੇ ਹਨ, ਸਾਰਾ ਹਾਊਸ ਸੁਣ ਰਿਹਾ ਹੈ। ਮੈਂ ਬਤੌਰ ਖੇਤੀਬਾੜੀ ਮੰਤਰੀ ਸਭ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਸ ਨੂੰ ਐਮ.ਐਸ.ਪੀ. ਦੇ ਪੈਸੇ ਨਹੀਂ ਮਿਲੇ, ਸਾਡੇ ਕੋਲ ਆਓ, ਅਸੀਂ ਦਿਆਂਗੇ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਕੋਈ ਗੱਲ ਥੋਹੜੀ ਹੈ ਕਿ ਤੁਸੀਂ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਸਦਨ ਨੂੰ ਗਲਤ ਜਾਣਕਾਰੀ ਦਿੰਦੇ ਰਹੋ।

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਮੈਂ ਦੋ ਮਿੰਟ ਗੱਲ ਕਰਨਾ ਚਾਹੁੰਦਾ ਹਾਂ। ਬੀਤੇ ਕੱਲ੍ਹ ਜ਼ੀਰੋ ਆਵਰ ਦਰਮਿਆਨ ਇਕ ਸਵਾਲ ਉਠਾਇਆ ਗਿਆ ਸੀ। ਸਾਡੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਵੱਲੋਂ ਉਠਾਇਆ ਗਿਆ ਸੀ। ਉਹ ਸਵਾਲ ਵਾਰ ਵਾਰ ਆਉਂਦਾ ਹੈ। ਕਦੇ ਟਵੀਟ ਕਰ ਦਿੱਤਾ ਜਾਂਦਾ ਹੈ। ਮੈਂ ਉਸ ਬਾਰੇ ਕਲੀਅਰ ਕਰਨਾ ਚਾਹੁੰਦਾ ਹਾਂ। ਸਾਡੇ ਮਾਨਯੋਗ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਜੀ, ਜਿਨ੍ਹਾਂ ਦਾ ਵਾਤਾਵਰਣ ਪ੍ਰਤੀ ਕੀ ਯੋਗਦਾਨ ਹੈ, ਇਸ ਬਾਰੇ ਪੂਰੀ ਦੁਨੀਆ ਜਾਣਦੀ ਹੈ, ਮੈਨੂੰ ਦੱਸਣ ਦੀ ਲੋੜ ਨਹੀਂ ਹੈ। ਉਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਨਜਾਇਜ਼ ਜ਼ਮੀਨ ਦੱਬੀ ਹੈ ਅਤੇ ਸਰਕਾਰ ਉਹ ਜ਼ਮੀਨ ਛੁਡਾਉਂਦੀ ਨਹੀਂ, ਮੰਤਰੀ ਉੱਥੇ ਜਾਂਦਾ ਨਹੀਂ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ 20 ਫਰਵਰੀ, 2023 ਨੂੰ ਉਸ ਪਿੰਡ ਜਾਮੇਵਾਲ ਅਤੇ ਦੂਸਰਾ ਪਿੰਡ ਵੀ ਨਾਲ ਹੀ ਹੈ। ਜਿੱਥੇ ਬਿਆਸ ਅਤੇ ਸਤਲੁੱਜ ਇਕੱਠੇ ਹੁੰਦੇ ਹਨ, ਇਹ ਜ਼ਮੀਨ ਉੱਥੇ ਹੈ। ਮੈਂ ਆਪਣੇ ਅਫ਼ਸਰਾਂ ਨੂੰ ਨਾਲ ਲੈ ਕੇ ਗਿਆ ਤੇ ਸੰਤ ਸੀਚੇਵਾਲ ਜੀ ਨੂੰ ਪੁੱਛਿਆ ਕਿ ਇਹ ਜ਼ਮੀਨ ਕਿੱਥੇ ਹੈ। ਮੈਂ ਦੇਖਿਆ ਕਿ ਉੱਥੇ ਇਕ ਗਊਸ਼ਾਲਾ ਬਣੀ ਹੋਈ ਹੈ ਅਤੇ ਇਕ ਗੁਰੂ ਘਰ ਹੈ। ਸੰਤ ਸੀਚੇਵਾਲ ਜੀ ਉੱਥੇ

ਗਊਸ਼ਾਲਾ ਵਿਚ 300 ਦੇ ਕਰੀਬ ਬੇਸਹਾਰਾ ਗਊਆਂ ਨੂੰ ਪਾਲ ਰਹੇ ਹਨ। ਇਹ ਜ਼ਮੀਨ ਕਰੀਬ 168 ਕਨਾਲ, 18 ਮਰਲੇ ਹੈ। ਇਹ ਜ਼ਮੀਨ ਸਾਡੇ ਪੰਚਾਇਤੀ ਰਾਜ ਵਿਭਾਗ ਦੀ ਨਹੀਂ ਹੈ ਪਰ ਪੰਜਾਬ ਸਰਕਾਰ ਦੀ ਹੈ। ਮੈਂ ਸੀਚੇਵਾਲ ਜੀ ਨੂੰ ਸਲਾਮ ਕਰਦਾ ਹਾਂ। 20 ਫਰਵਰੀ ਨੂੰ ਕਪੂਰਥਲਾ ਦਾ ਪੂਰਾ ਮੀਡੀਆ ਅਤੇ ਅਫ਼ਸਰ ਮੇਰੇ ਨਾਲ ਸੀ, ਉੱਥੇ ਸੰਤ ਸੀਚੇਵਾਲ ਜੀ ਨੇ ਕਿਹਾ ਕਿ ਮੈਂ ਕੱਲ੍ਹ ਮਨੀਲਾ ਵਿਖੇ ਜਾ ਰਿਹਾ ਹਾਂ ਅਤੇ 8 ਮਾਰਚ ਨੂੰ ਮੈਂ ਵਾਪਸ ਆ ਜਾਣਾ ਹੈ। ਇਹ ਜ਼ਮੀਨ ਮੈਂ ਗਊਸ਼ਾਲਾ ਵਾਸਤੇ ਰੱਖੀ ਹੈ। ਜੇਕਰ ਸਰਕਾਰ ਗਊਸ਼ਾਲਾ ਸਾਂਭ ਸਕਦੀ ਹੈ ਤਾਂ ਮੈਂ ਇਹ ਜ਼ਮੀਨ ਛੱਡ ਦਿਆਂਗਾ। ਇਹ ਗੱਲ ਉਨ੍ਹਾਂ ਨੇ ਮੀਡੀਆ ਸਾਹਮਣੇ ਕਹੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** (ਬੈਠੇ ਬੈਠੇ) ਮਤਲਬ ਕਬਜ਼ਾ ਸਾਬਤ ਹੋ ਗਿਆ। (ਵਿਘਨ..ਸ਼ੋਰ)

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਮੇਰੀ ਗੱਲ ਸੁਣ ਲਓ।

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਜਿਵੇਂ ਸੰਤ ਸੀਚੇਵਾਲ ਜੀ ਨੇ ਪਹਿਲਕਦਮੀ ਕੀਤੀ ਤਾਂ ਮੈਂ ਆਉਂਦੇ ਹੀ ਮੁੱਖ ਮੰਤਰੀ ਜੀ ਨੂੰ ਇਸ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਇਹ ਗਊਸ਼ਾਲਾ ਦਾ ਮੁੱਦਾ ਹੈ, ਜਦੋਂ ਸੀਚੇਵਾਲ ਜੀ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਨਾਲ ਬੈਠ ਕੇ ਇਹ ਮਾਮਲਾ ਵਿਚਾਰਿਆ ਜਾਵੇ ਕਿਉਂਕਿ ਉੱਥੇ ਅਵਾਰਾ ਨਹੀਂ ਬੇਸਹਾਰਾ ਗਊਆਂ ਨੂੰ ਪਾਲਿਆ ਜਾ ਰਿਹਾ ਹੈ। ਇਹ ਪੁੰਨ ਦਾ ਕੰਮ ਕੀਤਾ ਜਾ ਰਿਹਾ ਹੈ। ਸੋ, ਸੰਤ ਸੀਚੇਵਾਲ ਜੀ ਨੇ ਕਹਿ ਦਿੱਤਾ ਹੈ ਕਿ ਸਰਕਾਰ ਇਹ ਗਊਸ਼ਾਲਾ ਲੈ ਲਵੇ, ਮੈਨੂੰ ਜ਼ਮੀਨ ਨਹੀਂ ਚਾਹੀਦੀ।

**ਇਕ ਅਵਾਜ਼:** ਇਹ ਜ਼ਮੀਨ ਖਹਿਰਾ ਸਾਹਿਬ ਨੂੰ ਦੇ ਦਿਓ, ਉਹ ਸੇਵਾ ਕਰ ਲੈਣਗੇ। (ਹਾਸਾ)

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਇਕ ਹੋਰ ਮੁੱਦਾ ਜਿਹੜਾ ਖਹਿਰਾ ਸਾਹਿਬ ਵਾਰ ਵਾਰ ਟਵੀਟ ਕਰਦੇ ਰਹਿੰਦੇ ਹਨ। ਇਹ ਮੈਨੂੰ ਵੀ ਕਹਿ ਦਿੰਦੇ ਹਨ ਕਿ ਮੰਤਰੀ ਉੱਥੇ ਕਿਉਂ ਨਹੀਂ ਜਾਂਦਾ। ਸਾਡੇ ਰਾਜ ਸਭਾ ਦੇ ਦੂਸਰੇ ਮੈਂਬਰ ਸ਼੍ਰੀ ਅਸ਼ੋਕ ਮਿੱਤਲ ਜੀ, ਲਵਲੀ ਯੂਨੀਵਰਸਿਟੀ ਵਾਲੇ। ਮੈਂ ਸਾਰੀ ਫਾਈਲ ਲੈ ਕੇ ਆਇਆ ਹਾਂ, ਉਨ੍ਹਾਂ ਦੀ ਜਿਹੜੀ ਜ਼ਮੀਨ ਦਾ ਮੁੱਦਾ ਖਹਿਰਾ ਸਾਹਿਬ ਉਠਾਉਂਦੇ ਹਨ।

aman-shubham/1.00/7.3.23

ਮੈਂ ਟੋਟਲ ਉਸ ਜ਼ਮੀਨ ਦੀ ਫਾਈਲ ਲੈ ਕੇ ਆਇਆ ਹਾਂ, ਜਿਹੜਾ ਖਹਿਰਾ ਸਾਹਿਬ ਇਸ਼ੂ ਉਠਾਉਂਦੇ ਹਨ। ਜੇ ਉਸ ਯੂਨੀਵਰਸਿਟੀ ਦੇ ਅੰਦਰ ਤਿੰਨ ਕਨਾਲ ਤੋਂ ਵੱਧ ਜਿਹੜੇ ਉਹ ਰਸਤੇ ਹਨ, ਜਿਨ੍ਹਾਂ ਨੇ ਜ਼ਮੀਨ ਖਰੀਦੀ ਹੈ, ਜਿਹੜੇ ਉਹ ਰਸਤੇ ਹਨ ਪਏ-ਪਏ ਸੂਏ ਹਨ, ਜੇ ਉਨ੍ਹਾਂ ਤੋਂ ਬਿਨਾਂ ਖਹਿਰਾ ਸਾਹਿਬ ਸਾਫ ਦੱਸ ਦੇਣ ਕਿ

Lovely University ਦੇ ਥੱਲੇ ਕੋਈ ਜ਼ਮੀਨ ਹੈ। ਜੋ ਮਰਜ਼ੀ ਸਜ਼ਾ ਦੇ ਦਿਓ, ਤੁਹਾਡੇ ਸਾਹਮਣੇ ਖੜਾ ਹਾਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਖਹਿਰਾ ਸਾਹਿਬ, ਇਹ ਪੇਪਰ ਮੇਰੇ ਕੋਲ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ......

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਓ। ਬੈਠ ਜਾਓ।

(ਵਿਘਨ)

**ਮਾਨਯੋਗ ਸਪੀਕਰ:** ਮੰਤਰੀ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਸਾਲ 2016 ਦੇ ਵਿੱਚ ਇਸ ਜ਼ਮੀਨ ਦਾ ਵਟਾਂਦਰਾ ਹੋਇਆ ਹੈ। ਚਹੇੜੂ ਪਿੰਡ ਦੀ ਪੰਚਾਇਤ ਦੀ ਜ਼ਮੀਨ ਸੀ। ਪੰਚਾਇਤ ਨੇ Lovely University ਨਾਲ ਵਟਾਂਦਰਾ ਕੀਤਾ। (ਵਿਘਨ) ਮੈਂ ਪੂਰੀ ਦੁਨੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਚਹੇੜੂ ਦੀ ਪੰਚਾਇਤ ਨੇ ਸਾਲ 2016 ਦੇ ਵਿੱਚ ਵਟਾਂਦਰਾ ਕੀਤਾ। ਜਿੰਨੀ ਜਗ੍ਹਾ ਉਨ੍ਹਾਂ ਨੇ Lovely University ਨੂੰ ਦਿੱਤੀ, ਇੱਕ ਏਕੜ ਵੱਧ ਉਨ੍ਹਾਂ ਨੂੰ ਦੇ ਦਿੱਤੀ। ਇਹ ਪੰਚਾਇਤ ਜਾਣੇ ਉਨ੍ਹਾਂ ਨੇ ਕੀ ਕੀਤਾ। ਸਾਲ 2016 ਦੇ ਵਿੱਚ ਵਟਾਂਦਰਾ ਹੋ ਗਿਆ। ਜਿਹੜੀ ਜ਼ਮੀਨ ਪੰਚਾਇਤ ਨੂੰ ਮਿਲੀ, ਉਹ ਠੇਕੇ ਤੇ ਦਿੰਦੇ ਹਨ, ਪੰਚਾਇਤ ਵਾਲੇ ਆਪਣੇ ਪੈਸੇ ਕਮਾ ਰਹੇ ਹਨ। ਪੰਚਾਇਤ ਵਾਲੇ ਹਰ ਸਾਲ ਠੇਕੇ ਤੇ ਦਿੰਦੇ ਹਨ। ਮੈਨੂੰ ਸਮਝ ਨਹੀਂ ਆਉਂਦੀ ਖਹਿਰਾ ਸਾਹਿਬ ਨੂੰ ਪਤਾ ਨਹੀਂ ਕਿੱਥੋਂ ਚੇਤੇ ਆ ਜਾਂਦਾ ਹੈ ਕਿ ਕਿਹੜਾ ਟਵੀਟ ਕਰਨਾ ਹੈ, ਇਹ ਫਿਰ Lovely University ਤੋਂ ਲੰਘ ਜਾਂਦੇ ਹਨ । ਖਹਿਰਾ ਸਾਹਿਬ, ਇੱਕ ਕਾਪੀ ਮੈਂ ਤੁਹਾਡੇ ਲਈ ਲੈ ਕੇ ਆਇਆ ਹਾਂ ਤੇ ਇੱਕ ਐਲ.ਓ.ਪੀ. ਸਾਹਿਬ ਲਈ ਲੈ ਕੇ ਆਇਆ ਹਾਂ। ਤੀਜੀ ਗੱਲ, ਸੁਣੋਂ ਜੀ, ਖਹਿਰਾ ਸਾਹਿਬ ਇੱਕ ਹੋਰ ਹਿੰਮਤ ਕਰ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

(ਵਿਘਨ)(ਸ਼ੋਰ)

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਤੁਸੀਂ ਬੜੇ ਸਿਆਣੇ ਹੋ।ਤੁਸੀਂ ਗੱਲਾਂ ਵਿੱਚ ਬੜੇ ਸਿਆਣੇ ਹੋ। ਖਹਿਰਾ ਸਾਹਿਬ ਬੜੇ ਸਿਆਣੇ ਹਨ।

**ਮਾਨਯੋਗ ਸਪੀਕਰ:** ਕਿਸੇ ਵੀ ਮੈਂਬਰ ਦੇ ਬਾਰੇ personal comment ਨਾ ਕੀਤੇ ਜਾਣ। ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਮੈਂ ਸਿਆਣੇ ਹੀ ਕਿਹਾ ਹੈ। ਸਰ, ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ, ਪਿਛਲੇ ਸਾਲ ਅਸੀਂ ਪਹਿਲੀ ਮਈ ਨੂੰ ਕਣਕ ਵੱਢਣ ਤੋਂ ਬਾਅਦ ਕਬਜ਼ੇ ਛੁਡਵਾਉਣ ਵਾਲੀ campaign ਸ਼ੁਰੂ ਕੀਤੀ ਸੀ। ਹੁਣ ਵੀ ਅਸੀਂ ਸ਼ੁਰੂ ਕਰ ਰਹੇ ਹਾਂ। ਪਹਿਲੀ ਮਈ ਤੋਂ ਜਦੋਂ ਕਣਕ ਸਾਂਭੀ

ਜਾਏਗੀ, ਕਬਜ਼ੇ ਲੈਣੇ ਸ਼ੁਰੂ ਕਰ ਦੇਆਂਗੇ। ਜਿੰਨੇ ਤੁਸੀਂ ਹਾਊਸ ਦੇ ਵਿੱਚ ਮੈਂਬਰ ਬੈਠੇ ਹੋ, ਇੱਧਰ ਵੀ ਤੇ ਓਧਰ ਵੀ, ਤੁਹਾਡੇ ਪਿੰਡ ਦੇ ਵਿੱਚ ਜੇ ਕਿਸੇ ਬੰਦੇ ਕੋਲ ਜ਼ਮੀਨ ਹੈ ਤਾਂ ਪਲੀਜ਼ ਉਹ ਛੁਡਵਾ ਦਿਓ। ਮੈਂ ਪੰਜਾਬ ਦੇ ਹਿੱਤ ਦੀ ਗੱਲ ਕਰ ਰਿਹਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਫਾਈਲ ਮੈਂ ਖਹਿਰਾ ਸਾਹਿਬ ਨੂੰ ਦੇਣ ਲੱਗਾ ਹਾਂ। ਖਹਿਰਾ ਸਾਹਿਬ, ਤੁਹਾਡੇ ਸਾਹਮਣੇ ਹੱਥ ਜੋੜੇ, ਤੁਹਾਡੇ ਪਿੰਡ ਵਿੱਚ 10 ਕਿੱਲੇ 7 ਕਨਾਲ ਜ਼ਮੀਨ ਤੁਹਾਡੇ ਸ਼ਰੀਕੇ ਵਾਲਿਆਂ ਨੇ ਦੱਬੀ ਹੈ (ਟਰੇਜ਼ਰੀ ਬੈਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਖਹਿਰਾ ਸਾਹਿਬ, ਮੇਰੇ ਤੋਂ ਫਾਈਲ ਲੈ ਲਵੋ, ਕੋਰਟ ਦੇ ਆਰਡਰ ਵੀ ਲੈ ਲਵੋ, ਸਰ ਦੱਸੋ ਕਿਸ ਦਿਨ ਆਵਾਂ। ਖਹਿਰਾ ਸਾਹਿਬ, ਤੁਸੀਂ ਅੱਗੇ ਲੱਗੋ, ਤੁਸੀਂ ਜ਼ਮੀਨ ਛੁਡਵਾਓ।

**ਮਾਨਯੋਗ ਸਪੀਕਰ:** ਮੰਤਰੀ ਜੀ, ਚੇਅਰ ਨੂੰ ਐਡਰੈੱਸ ਕਰੋ ਜੀ। ਖਹਿਰਾ ਸਾਹਿਬ ਤੁਹਾਨੂੰ ਵੀ ਬੋਲਣ ਦਾ ਟਾਈਮ ਮਿਲੇਗਾ, ਤੁਹਾਡਾ ਨਾਂ ਲਿਆ ਗਿਆ ਹੈ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਪਿਛਲੇ ਸਾਲ ਵੀ ਖਹਿਰਾ ਸਾਹਿਬ ਨੇ ਕਿਹਾ ਸੀ ਕਿ ਧਾਲੀਵਾਲ ਸਾਹਿਬ, ਤੁਸੀਂ ਬੜਾ ਵਧੀਆ ਕੰਮ ਕਰ ਰਹੇ ਹੋ। ਤੁਸੀਂ ਕਬਜ਼ੇ ਛੁਡਵਾਓ, ਮੈਂ ਤੁਹਾਡੇ ਨਾਲ ਹਾਂ। ਖਹਿਰਾ ਸਾਹਿਬ ਨੇ ਪਿਛਲੇ ਸਾਲ ਕਿਹਾ ਸੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਨੂੰ ਜਵਾਬ ਤਾਂ ਦੇ ਦੇਣ ਦਿਓ।

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਮੇਰੇ ਨਾਲ ਗੱਲ ਕਰੋ। ਸੁਣ ਤਾਂ ਲਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੰਤਰੀ ਜੀ, ਤੁਸੀਂ ਸੁਣ ਲਓ, ਮੈਂ ਤੁਹਾਨੂੰ ਆਪਣੇ ਪਿੰਡ ਸੱਦਾ ਦੇ ਰਿਹਾ ਹਾਂ। ਸਪੀਕਰ ਸਾਹਿਬ ਮੈਨੂੰ ਮੌਕਾ ਤਾਂ ਦਿਓ।

**ਮਾਨਯੋਗ ਸਪੀਕਰ:** ਉਨ੍ਹਾਂ ਨੂੰ ਗੱਲ ਤਾਂ ਪੂਰੀ ਕਰ ਲੈਣ ਦਿਓ। ਮੰਤਰੀ ਜੀ, ਗੱਲ ਕਨਕਲੂਡ ਕਰੋ।

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੇ ਪਿਛਲੀ ਵਾਰ ਕਿਹਾ ਸੀ ਕਿ ਧਾਲੀਵਾਲ ਸਾਹਿਬ, ਮੈਂ ਤੁਹਾਡੇ ਨਾਲ ਹਾਂ।

**ਮਾਨਯੋਗ ਸਪੀਕਰ:** ਮੰਤਰੀ ਜੀ ਕੋਈ ਹੋਰ ਗੱਲ ਕਰਨੀ ਹੈ।

ਤ.ਸ./ਸ਼.ਜ. /1.05 / 07.03.2023

**ਖੇਤੀਬਾੜੀ ਮੰਤਰੀ:** ਸਪੀਕਰ ਸਾਹਿਰ, ਮੈਂ tweet ਨਹੀਂ ਕਰਦਾ ਹਾਂ। ਮੈਂ ਤਾਂ practical ਬੰਦਾ ਹਾਂ। ਮੈਨੂੰ ਟਵੀਟ ਚਲਾਉਣੇ ਨਹੀਂ ਆਉਂਦੇ। ਪਤਾ ਨਹੀਂ ਇਹ ਕੀ ਕਰ ਲੈਂਦੇ ਹਨ। (ਥੰਪਿੰਗ) (ਹਾਸਾ) ਪਤਾ ਨਹੀਂ ਗੱਲ ਨੂੰ ਕਿੱਧਰ ਲੈ ਜਾਂਦੇ ਹਨ। ਆਪਾਂ ਤਾਂ ਪ੍ਰੈਕਟੀਕਲ ਬੰਦੇ ਹਾਂ। ਖਹਿਰਾ ਸਾਹਿਬ ਨੂੰ ਬੇਨਤੀ ਹੈ ਕਿ ਆਪਣੇ ਪਿੰਡ ਦੀ ਜ਼ਮੀਨ ਛੁਡਵਾ ਦੇਣ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਰ, ਇੱਕ ਆਖਰੀ ਗੱਲ ਹੈ। ਸਰ, ਕੀ ਮੈਂ ਆਖਰੀ ਗੱਲ ਕਰ ਸਕਦਾ ਹਾਂ?

**ਮਾਨਯੋਗ ਸਪੀਕਰ** : ਹਾਂ ਜੀ ਕਰੋ।

**ਖੇਤੀਬਾੜੀ ਮੰਤਰੀ:** ਵੈਸੇ ਤਾਂ ਪ੍ਰਧਾਨ ਸਾਹਿਬ ਚਲੇ ਗਏ ਹਨ। ਰਾਜਾ ਵੜਿੰਗ ਜੀ ਚਲੇ ਗਏ ਹਨ। ਮੀਤ ਜੀ ਬਹੁਤ ਵਧੀਆ ਬੋਲੇ ਹਨ। ਰਾਜਾ ਵੜਿੰਗ ਨੇ ਕਿਹਾ ਸੀ ਕਿ ਜਿੱਥੇ ਕਾਂਗਰਸ ਦਾ ਸੈਸ਼ਨ ਚੱਲਦਾ ਹੈ, ਉਥੇ ਬਹੁਤ ਲੋਕਾਂ ਨੇ ਪੁੱਛਿਆ, ਤਾਮਿਲ ਵਾਲਿਆਂ ਨੇ ਪੁੱਛਿਆ, ਫਲਾਣੇ ਨੇ ਪੁੱਛਿਆ ਕਿ ਅਜਨਾਲੇ ਵਿੱਚ ਕੀ ਹੋਇਆ ਹੈ? ਉਹ ਅੱਛੇ ਬੁਲਾਰੇ ਹਨ, ਉਨ੍ਹਾਂ ਨੇ ਬੜੇ ਢੰਗ ਨਾਲ ਕਿਹਾ। ਪਰ ਜੇ ਹੁਣ ਹੁੰਦੇ ਤਾਂ ਮੈਂ ਰਾਜਾ ਵੜਿੰਗ ਨੂੰ ਪੁੱਛਦਾ ਕਿ ਤੈਨੂੰ ਉਥੇ ਜਗਦੀਸ਼ ਟਾਈਟਲਰ ਨਹੀਂ ਮਿਲਿਆ? (ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ) ਇੱਥੇ ਕਾਂਗਰਸ ਬੈਠੀ ਹੈ। ਦੁਨੀਆਂ ਭਰ ਦੇ ਸਿੱਖ ਇੱਕ ਬੰਦੇ ਦੀ ਮੰਗ ਕਰਦੇ ਹਨ ਜਿਸ ਨੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਸਾੜਿਆ। ਇਹ ਇੱਥੇ ਬੈਠੇ ਹਨ ਅਤੇ ਕਾਂਗਰਸ ਵਿੱਚੋਂ ਇੱਕ ਬੰਦੇ ਨੂੰ ਕਢਵਾ ਨਹੀਂ ਸਕੇ, ਸਾਨੂੰ ਕਿਹੜੀਆਂ ਮੱਤਾਂ ਦਿੰਦੇ ਹਨ? (ਥੰਪਿੰਗ) ਸਾਨੂੰ ਮੱਤਾਂ ਦੇ ਰਹੇ ਹਨ।ਪਹਿਲਾਂ ਉਸ ਨੂੰ ਕਾਂਗਰਸ ਵਿੱਚੋਂ ਕਢਵਾਉ ਜਿਨ੍ਹਾਂ ਨੇ ਸਿੱਖਾਂ ਨੂੰ ਸਾੜਿਆ, ਫਿਰ ਅਗਲੀ ਵਾਰੀ ਅਮਨ ਕਾਨੂੰਨ ਦੀ ਸਥਿਤੀ ਤੇ ਬੋਲਿਉ। (ਸ਼ੋਰ) ਪਹਿਲਾਂ ਇਹ ਚੀਜ਼ ਕਰਕੇ ਆਉ, ਫਿਰ ਪਤਾ ਲੱਗੇਗਾ। (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

ਬੈਠ ਜਾਉ। ਸਰ ਜੀ, ਬੈਠ ਜਾਉ। (ਵਿਘਨ) (ਸ਼ੋਰ)ਮੈਂ ਤਾਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਹਾਡੀ ਤਸੱਲੀ ਹੋ ਗਈ ਹੈ ਤਾਂ ਠੀਕ ਹੈ ਨਹੀਂ ਤਾਂ ਚੰਡੀਗੜ੍ਹ ਦਾ ਸਾਰਾ ਮੀਡੀਆ ਇੱਥੇ ਬੈਠਾ ਹੈ। (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਰ, ਮੈਂ ਜਵਾਬ ਲੈਣਾ ਹੈ। (ਸ਼ੋਰ)

**ਮਾਨਯੋਗ ਸਪੀਕਰ** : ਤੁਹਾਨੂੰ ਟਾਈਮ ਦੇਵਾਂਗਾ। (ਸ਼ੋਰ)

**ਖੇਤੀਬਾੜੀ ਮੰਤਰੀ:** ਖਹਿਰਾ ਸਾਹਿਬ, ਜੇਕਰ ਤੁਹਾਡੀ ਤਸੱਲੀ ਹੋ ਗਈ ਹੈ ਤਾਂ ਠੀਕ ਹੈ ਨਹੀਂ ਤਾਂ ਸਾਰਾ ਮੀਡੀਆ ਬੈਠਾ ਹੈ, ਚੰਡੀਗੜ੍ਹ ਦਾ ਮੀਡੀਆ ਬੈਠਾ ਹੈ, ਇਨ੍ਹਾਂ ਨੂੰ ਨਾਲ ਲੈ ਚੱਲਦੇ ਹਾਂ। (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਮੈਨੂੰ ਬੋਲ ਤਾਂ ਲੈਣ ਦਿਉ।

**ਖੇਤੀਬਾੜੀ ਮੰਤਰੀ:** ਪ੍ਰੈਕਟੀਕਲੀ ਤੁਹਾਡੀ ਤਸੱਲੀ ਕਰਵਾ ਕੇ ਲਿਆਵਾਂਗਾ। (ਸ਼ੋਰ)

**ਮੁੱਖ ਮੰਤਰੀ (ਬੈਠੇ-ਬੈਠੇ)**: (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਕੀ ਤੁਸੀਂ ਜਾਣਾ ਨਹੀਂ ਸੀ? ਕੀ ਕਾਂਗਰਸ ਨੇ ਅੱਜ ਜਾਣਾ ਨਹੀਂ ਸੀ?

**ਮਾਨਯੋਗ ਸਪੀਕਰ** : ਮੰਤਰੀ ਜੀ। ਤੁਸੀਂ ਕੀ ਕਹਿਣਾ ਚਾਹੁੰਦੇ ਹੋ, ਅਖੀਰਲੀ ਗੱਲ ਕਰਕੇ ਬੈਠੋ।

**ਖੇਤੀਬਾੜੀ ਮੰਤਰੀ:** ਸਰ, ਮੈਂ ਅਖੀਰ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਪਿਆਰੀ ਆਵਾਜ਼, ਗੱਲਾਂ ਨਾਲ ਬਹੁਤ ਕੁਝ ਕਰਨ ਵਾਲੇ, ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਕੋਈ ਪ੍ਰੈਕਟੀਕਲ ਕੰਮ ਕਰੋ ਅਤੇ ਆਪਣੇ ਪਿੰਡ ਦੀ ਜ਼ਮੀਨ ਛੁਡਾ ਦਿਉ। (ਸ਼ੋਰ)

**ਮੁੱਖ ਮੰਤਰੀ (ਬੈਠੇ-ਬੈਠੇ)** : ਇਹ ਅੱਜ ਦਾ ਵਾਅਦਾ ਹੀ ਪੂਰਾ ਕਰ ਦੇਣ ਕਿ ਜਦੋਂ ਮੁੱਖ ਮੰਤਰੀ ਆਵੇਗਾ ਤਾਂ ਅਸੀਂ ਚਲੇ ਜਾਵਾਂਗੇ। (ਸ਼ੋਰ)(ਹਾਸਾ) (ਟਰੇਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਅਤੇ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਉਚੀ ਉਚੀ ਬੋਲ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

## Walk Out

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ** : ਅਸੀਂ ਮੁੱਖ ਮੰਤਰੀ ਦਾ ਵਾਕਆਊਟ ਕਰਕੇ ਜਾ ਰਹੇ ਹਾਂ। (ਸ਼ੋਰ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਛੱਡ ਕੇ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਮੁੱਖ ਮੰਤਰੀ ਜੀ ਦੇ ਸਦਨ ਵਿੱਚ ਆਉਣ ਦਾ ਵਿਰੋਧ ਕਰਦੇ ਹੋਏ ਵਾਕਆਊਟ ਕਰਕੇ ਬਾਹਰ ਚਲੇ ਗਏ।)

-----

## DISCUSSION ON THE GOVERNOR'S ADDRESS AND VOTE ON THE MOTION OF THANKS *(RESUMPTION)*

**ਮੁੱਖ ਮੰਤਰੀ (ਬੈਠੇ-ਬੈਠੇ)** : ਖਹਿਰੇ ਨੂੰ ਵੀ ਲੈ ਕੇ ਜਾਉ। (ਸ਼ੋਰ)

**ਸਿੱਖਿਆ ਮੰਤਰੀ**: ਖਹਿਰਾ ਸਾਹਿਬ, ਤੁਸੀਂ ਕਾਂਗਰਸ ਵਿੱਚ ਹੀ ਹੋ? (ਸ਼ੋਰ) ਖਹਿਰਾ ਸਾਹਿਬ, ਤੁਸੀਂ ਕਾਂਗਰਸ ਵਿੱਚ ਨਹੀਂ ਹੋ? (ਸ਼ੋਰ) ਪੰਜਾਬ ਨੂੰ ਪਤਾ ਤਾਂ ਲੱਗ ਜਾਵੇ ਕਿ ਤੁਹਾਡੀ ਕਿਹੜੀ ਪਾਰਟੀ ਹੈ। (ਸ਼ੋਰ)

**ਮਾਨਯੋਗ ਸਪੀਕਰ** : ਹਾਊਸ ਦਾ ਡੈਕੋਰਮ ਬਣਾ ਕੇ ਰੱਖਿਆ ਜਾਵੇ। (ਸ਼ੋਰ) ਤੁਸੀਂ ਹਾਊਸ ਦਾ ਡੈਕੋਰਮ ਬਣਾ ਕੇ ਰੱਖੋ।

**ਸਿੱਖਿਆ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਪੁੱਛੋ? (ਸ਼ੋਰ)

**ਮਾਨਯੋਗ ਸਪੀਕਰ** : ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਠ ਜਾਉ। (ਸ਼ੋਰ)

**ਸਿੱਖਿਆ ਮੰਤਰੀ**: ਸਪੀਕਰ ਸਾਹਿਬ, ਇਹ ਕਿਹੜੀ ਪਾਰਟੀ ਵਿੱਚ ਹਨ? (ਸ਼ੋਰ)

**ਮਾਨਯੋਗ ਸਪੀਕਰ** : ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਠ ਜਾਉ। (ਸ਼ੋਰ) ਮੰਤਰੀ ਜੀ ਬੈਠੋ। ਅਗਲਾ ਬੁਲਾਰਾ ਨੀਨਾ ਮਿੱਤਲ ਜੀ ਹਨ। (ਸ਼ੋਰ) (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ** : ਸਪੀਕਰ ਸਾਹਿਬ, ਮੈਨੂੰ ਟਾਈਮ ਚਾਹੀਦਾ ਹੈ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬਿਲਕੁਲ ਤੁਹਾਨੂੰ ਟਾਈਮ ਮਿਲੇਗਾ। (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ)

**ਮਾਨਯੋਗ ਸਪੀਕਰ** : ਹੁਣ ਨੀਨਾ ਮਿੱਤਲ ਜੀ ਬੋਲਣਗੇ। (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਸ਼੍ਰੀਮਤੀ ਨੀਨਾ ਮਿੱਤਲ (ਰਾਜਪੁਰਾ) :** : ਸਪੀਕਰ ਸਾਹਿਬ, ਤੁਸੀਂ ਅੱਜ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ, ਧੰਨਵਾਦ। ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਆਮ ਘਰਾਂ ਦੇ ਧੀਆਂ ਪੁੱਤਾਂ ਨੂੰ ਇੱਥੇ ਆ ਕੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ।(ਸ਼ੋਰ)

**ਮਾਨਯੋਗ ਸਪੀਕਰ** : ਖਹਿਰਾ ਸਾਹਿਬ, ਅਗਲੀ ਵਾਰੀ ਤੁਹਾਡੀ ਹੈ। (ਸ਼ੋਰ)

ਸ.ਸ.–ਅ.ਗ./1:10/7.3.2023

**ਸ਼੍ਰੀਮਤੀ ਨੀਨਾ ਮਿੱਤਲ :** ਮੈਂ ਇੱਕ ਵਪਾਰਕ ਫੈਮਲੀ ਤੋਂ ਹਾਂ। ਅੱਜ ਮੈਂ ਇੰਡਸਟਰੀਅਲ ਪਾਲਿਸੀ ਦੀ ਗੱਲ ਕਰਾਂਗੀ। ਪੰਜਾਬ ਵਿੱਚ ਇੰਡਸਟਰੀ ਬਿਲਕੁਲ ਖਤਮ ਹੋਣ ਦੇ ਕੰਢੇ ਤੇ ਆ ਗਈ ਸੀ ਕਿਉਂਕਿ ਪਿਛਲੀਆਂ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਪੰਜਾਬ ਵਿੱਚ ਇੰਡਸਟਰੀ ਨੂੰ ਬਿਲਕੁਲ ਖਤਮ ਕਰ ਦਿੱਤਾ ਸੀ। ਪੂਰਾ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲ ਦੇਖ ਰਿਹਾ ਸੀ ਕਿ ਇਹ ਕੀ ਪਾਲਿਸੀ ਲੈ ਕੇ ਆਉਣਗੇ ਤਾਂ ਜੋ ਇੰਡਸਟਰੀ ਮੁੜ ਜ਼ਿੰਦਾ ਹੋ ਸਕੇ। ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਪੰਜਾਬ ਸਰਕਾਰ ਦੀ ਇੰਡਸਟਰੀ ਪਾਲਿਸੀ, ਟੂਰਿਜ਼ਮ ਪਾਲਿਸੀ, ਇਨ੍ਹਾਂ ਪਾਲਿਸੀਆਂ ਨੇ ਪੰਜਾਬ ਦੇ ਲੋਕਾਂ ਵਿੱਚ ਮੁੜ ਆਸ ਪੈਦਾ ਕਰ ਦਿੱਤੀ ਹੈ।

ਪੰਜਾਬ ਦੇ ਲੋਕ ਬਿਜਲੀ ਦੇ ਬਿਲਾਂ ਤੋਂ ਅਤੇ ਪੰਜਾਬ ਦੀ ਇੰਡਸਟਰੀ ਬਿਜਲੀ ਦੇ ਰੇਟਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸੀ ਪਰ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਪੰਜਾਬ ਵਿੱਚ 2600 ਕਰੋੜ ਰੁਪਏ ਇੰਡਸਟਰੀ ਨੂੰ ਸਬਸਿਡੀ ਦੇ ਰੂਪ ਵਿੱਚ ਵਾਪਸ ਕੀਤਾ ਗਿਆ ਹੈ। ਇਸ ਨਾਲ ਪੰਜਾਬ ਦੀ ਇੰਡਸਟਰੀ, ਪੂਰਾ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦੀ ਹੈ ਕਿ ਉਨ੍ਹਾਂ ਨੇ ਇੰਡਸਟਰੀ ਨੂੰ ਮੁੜ ਜੀਵਿਤ ਕੀਤਾ। ਪੂਰੀ ਇੰਡਸਟਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲ ਦੇਖ ਰਹੀ ਸੀ ਜਿਵੇਂ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਹੁੰਦਾ ਹੈ। (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਲਗਾਤਾਰ ਬੋਲ ਰਹੇ ਸਨ।)

**ਸ਼੍ਰੀਮਤੀ ਨੀਨਾ ਮਿੱਤਲ:** ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। (ਵਿਘਨ..ਸ਼ੋਰ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਬਹਿਸ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀਮਤੀ ਨੀਨਾ ਮਿੱਤਲ:** ਪੂਰੀ ਇੰਡਸਟਰੀ ਇੱਕੋ ਹੀ ਚੀਜ਼ ਦੇਖ ਰਹੀ ਸੀ ਕਿ ਸਾਨੂੰ ਭਗਵੰਤ ਸਿੰਘ ਮਾਨ ਜੀ ਦਾ ਸਾਥ ਚਾਹੀਦਾ ਹੈ। ਸਾਥ ਕੀ ਚਾਹੀਦਾ ਸੀ? ਉਹ ਕਹਿੰਦੇ ਸੀ ਕਿ ਪਿਛਲੀਆਂ ਸਰਕਾਰਾਂ ਵਾਂਗ ਸਾਨੂੰ ਤੰਗ ਨਾ ਕਰਿਓ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੀਬੀ ਜੀ ਨੂੰ ਬੋਲਣ ਦਿਉ, ਤੁਸੀਂ ਬੈਠੋ।

**ਸ਼੍ਰੀਮਤੀ ਨੀਨਾ ਮਿੱਤਲ:** ਇੰਡਸਟਰੀਲਿਸਟ ਸਾਡੇ ਪੰਜਾਬ ਦਾ ਇੱਕ ਬਹੁਤ ਵੱਡਾ ਹਿੱਸਾ ਹੈ। ਜਦੋਂ ਦਾ ਇਨਵੈਸਟ ਪੰਜਾਬ ਸਮਿੱਟ ਚੱਲਿਆ, ਉਸ ਤੋਂ ਬਾਅਦ ਨਵੇਂ-ਨਵੇਂ ਇਨਵੈਸਟਰ ਪੰਜਾਬ ਵਿੱਚ ਆਏ ਜਿਸ ਨਾਲ 40,000 ਕਰੋੜ ਰੁਪਿਆ ਪੰਜਾਬ ਵਿੱਚ ਆ ਰਿਹਾ ਹੈ।

**ਮਾਨਯੋਗ ਸਪੀਕਰ:** ਇਸ ਤੋਂ ਬਾਅਦ ਬੋਲਣ ਲਈ ਤੁਹਾਡੀ ਵਾਰੀ ਹੈ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) You can submit your reply.

**ਸ਼੍ਰੀਮਤੀ ਨੀਨਾ ਮਿੱਤਲ:** ਅਸੀਂ ਇਨਵੈਸਟਰਾਂ ਨਾਲ ਐਮ.ਓ.ਯੂ. ਸਾਈਨ ਕੀਤੇ ਹਨ ਤਾਂ ਕਿ ਅਸੀਂ ਪੰਜਾਬ ਦਾ ਰੈਵੇਨਿਊ ਵਧਾ ਸਕੀਏ। (ਵਿਘਨ..ਸ਼ੋਰ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਬਹਿਸ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਸਾਰੇ ਬੈਠੋ, ਬੈਠੋ, ਸਾਰੇ ਬੈਠੋ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)

**ਸ਼੍ਰੀਮਤੀ ਨੀਨਾ ਮਿੱਤਲ:** ਪੰਜਾਬ ਦੀ ਇੰਡਸਟਰੀਅਲ ਪਾਲਿਸੀ ਨੂੰ ਲਿਆ ਕੇ ਪੰਜਾਬ ਵਿੱਚ ਨਵੀਂ ਤੋਂ ਨਵੀਂ ਇੰਡਸਟਰੀ ਲਿਆਉਣ ਦੇ ਯਤਨ ਜਾਰੀ ਹਨ। ਅਸੀਂ ਮਾਨ ਸਾਹਿਬ ਦੇ ਧੰਨਵਾਦੀ ਹਾਂ ਜਿਨ੍ਹਾਂ ਦੀ ਚੰਗੀ ਗਵਰਨੈਂਸ ਅਤੇ ਚੰਗੀਆਂ ਪਾਲਿਸੀਆਂ ਕਰਕੇ ਇਨਵੈਸਟਰ ਪੰਜਾਬ ਵਿੱਚ ਆ ਰਹੇ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਬਾਕੀ ਮੈਂਬਰ ਨਾ ਬੋਲਣ।

**ਸ਼੍ਰੀਮਤੀ ਨੀਨਾ ਮਿੱਤਲ:** ਹੋਰ ਵੀ ਬਹੁਤ ਸਾਰੀਆਂ ਇੰਡਸਟਰੀਆਂ ਪੰਜਾਬ ਵਿੱਚ ਆ ਰਹੀਆਂ ਹਨ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਇਨ੍ਹਾਂ ਨੂੰ ਗੱਲ ਕੰਪਲੀਟ ਕਰ ਲੈਣ ਦਿਉ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚੋਂ ਆਪਣੀ ਸੀਟ ਤੇ ਜਾ ਕੇ ਬੈਠ ਗਏ।)

**ਸ਼੍ਰੀਮਤੀ ਨੀਨਾ ਮਿੱਤਲ:** ਮੇਰੇ ਹਲਕੇ ਰਾਜਪੁਰਾ ਦੀ ਗੱਲ ਕਰੀਏ, ਮੇਰੇ ਹਲਕੇ ਵਿੱਚ ਇੰਡਸਟਰੀਅਲ ਪਾਰਕ ਬਣ ਰਿਹਾ ਹੈ। ਮੈਂ ਆਪਣੇ ਸਾਰੇ ਹਲਕੇ ਵੱਲੋਂ ਸਾਡੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਰਾਜਪੁਰਾ ਵਿੱਚ ਇੰਡਸਟਰੀਅਲ ਪਾਰਕ ਅਪਰੂਵ ਕਰਵਾਇਆ। ਇਸ ਦੇ ਨਾਲ ਹੀ ਰਾਜਪੁਰਾ ਵਿੱਚ ਸਾਡੇ ਬੱਚਿਆਂ ਨੂੰ ਨੌਕਰੀਆਂ ਮਿਲਣਗੀਆਂ, ਉੱਥੇ ਇੰਪਲਾਇਮੈਂਟ ਦੇ ਹੋਰ ਸੋਰਸ ਆਉਣਗੇ।

ਹੁਣ ਅਸੀਂ ਟੂਰਿਜ਼ਮ ਪਾਲਿਸੀ ਦੀ ਗੱਲ ਕਰੀਏ, ਟੂਰਿਜ਼ਮ ਪਾਲਿਸੀ ਲਿਆ ਕੇ ਸਾਡੇ ਮੁੱਖ ਮੰਤਰੀ ਜੀ ਨੇ ਸਾਡੇ ਸਾਰਿਆਂ ਦਾ ਸਿਰ ਉੱਚਾ ਕੀਤਾ ਹੈ ਕਿਉਂਕਿ ਪੰਜਾਬ ਗੁਰੂਆਂ, ਪੀਰਾਂ ਦੀ ਧਰਤੀ ਹੈ ਪਰੰਤੂ ਇੱਥੇ ਪਿਛਲੀਆਂ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਰਕੇ ਪੂਰਾ ਟੂਰਿਜ਼ਮ ਖਤਮ ਹੋ ਚੁੱਕਿਆ ਸੀ। ਚਾਹੇ ਟੂਰਿਜ਼ਮ ਐਡਵੈਂਚਰ ਪਾਲਿਸੀ ਹੋਵੇ, ਸਾਡਾ ਯੂਥ ਹਰ ਟਾਈਮ ਐਡਵੈਂਚਰ ਵੱਲ ਧਿਆਨ ਰੱਖਦਾ ਹੈ। ਐਡਵੈਂਚਰ ਕਰਨ ਲਈ ਸਾਡੇ ਗੁਆਂਢੀ ਏਰੀਏ ਹਿਮਾਚਲ ਅਤੇ ਗੋਆ ਆਦਿ ਵੱਲ ਸਾਡਾ ਯੂਥ ਜਾਂਦਾ ਸੀ ਪਰ ਟੂਰਿਜ਼ਮ ਐਡਵੈਂਚਰ ਪਾਲਿਸੀ ਨਾਲ ਸਾਡੇ ਪੰਜਾਬ ਵਿੱਚ ਰੈਵੇਨਿਊ ਵਧੇਗਾ ਤੇ ਸਾਡੇ ਬੱਚਿਆਂ ਨੂੰ ਨੌਕਰੀਆਂ ਵੀ ਮਿਲਣਗੀਆਂ।

ਸਾਡਾ ਪੰਜਾਬ ਹਮੇਸ਼ਾ ਆਓ ਭਗਤ ਲਈ ਅਤੇ ਮਹਿਮਾਨਾਂ ਦੇ ਸਵਾਗਤ ਲਈ ਜਾਣਿਆ ਜਾਂਦਾ ਹੈ ਕਿਉਂਕਿ ਸਾਡੇ ਪੰਜਾਬ ਵਿੱਚ ਜੋ ਪ੍ਰਾਹੁਣਾਚਾਰੀ ਹੁੰਦੀ ਹੈ, ਉਹ ਦੁਨੀਆਂ ਵਿੱਚ ਕਿਤੇ ਨਹੀਂ ਹੁੰਦੀ। ਪੰਜਾਬੀਆਂ ਦਾ ਆਦਰ ਮਾਣ ਪੂਰਾ ਦੇਸ਼ ਅਤੇ ਵਿਦੇਸ਼ਾਂ ਵਿੱਚ ਮਸ਼ਹੂਰ ਹੈ ਕਿਉਂਕਿ ਜਦੋਂ ਪੰਜਾਬ ਵਿੱਚ ਕੋਈ ਸਾਡਾ ਸਾਥੀ ਬਾਹਰੋਂ ਆਉਂਦਾ ਹੈ ਤਾਂ ਉਸ ਦਾ ਆਦਰ-ਮਾਣ ਬਹੁਤ ਜ਼ਿਆਦਾ ਕੀਤਾ ਜਾਂਦਾ ਹੈ।

**ਮ.ਰ. ਅ.ਗੌ./1.15/07.03.2023**

ਪੰਜਾਬ ਵਿੱਚ ਨਦੀਆਂ ਦਾ ਜਾਲ ਵਿਛਿਆ ਹੋਇਆ ਹੈ। ਪੰਜਾਬ ਵਿੱਚ ਨਦੀਆਂ ਦਾ ਜਾਲ ਵਿਛਿਆ ਹੋਣ ਕਰਕੇ ਜਿਹੜਾ ਸਾਡਾ ਯੂਥ ਐਡਵੈਂਚਰ ਕਰਨਾ ਚਾਹੁੰਦਾ ਹੈ, water rafting ਕਰਨਾ ਚਾਹੁੰਦਾ ਹੈ, ਉਸ ਦੇ ਨਾਲ ਵੀ ਇਸ ਨੂੰ ਪੰਜਾਬ ਵਿੱਚ ਬਹੁਤ ਬੜਾਵਾ ਮਿਲੇਗਾ। ਮੈਨੂੰ ਉਮੀਦ ਹੈ ਕਿ ਦੇਸ਼ਾਂ-ਵਿਦੇਸ਼ਾਂ ਤੋਂ ਲੋਕ ਟੂਰਿਜ਼ਮ ਲਈ ਆਉਣਗੇ। ਪੂਰਾ ਪੰਜਾਬ ਇੱਕ ਉਮੀਦ ਦੀ ਤਰ੍ਹਾਂ ਸਰਦਾਰ ਭਗਵੰਤ ਸਿੰਘ ਮਾਨ ਜੀ ਵੱਲ ਦੇਖ ਰਿਹਾ ਹੈ ਕਿਉਂਕਿ ਜਦੋਂ ਮਾਨ ਸਾਹਿਬ ਦੀ ਸਰਕਾਰ ਆਈ ਤਾਂ ਉਸ ਵੇਲੇ ਜੋ ਪੰਜਾਬ ਦਾ ਹਾਲ ਸੀ, ਪੰਜਾਬ ਦੁੱਖਾਂ ਵਿੱਚੋਂ ਨਿਕਲਿਆ ਸੀ, ਉਹ ਪੰਜਾਬ ਮਾਨ ਸਾਹਿਬ ਵੱਲ ਇਵੇਂ ਦੇਖ ਰਿਹਾ ਸੀ, ਜਿਵੇਂ ਸਾਨੂੰ ਤਿਣਕੇ ਦਾ ਸਹਾਰਾ ਮਿਲ ਗਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਦੀ ਧੰਨਵਾਦੀ ਹਾਂ ਕਿ ਜਿਨ੍ਹਾਂ ਦੀ ਗਵਰਨੈਂਸ ਦੇ ਨਾਲ ਅੱਜ ਪੰਜਾਬ ਉਚਾਈਆਂ ਵੱਲ ਜਾ ਰਿਹਾ ਹੈ। ਇਨਵੈਸਟ ਪੰਜਾਬ ਨਾਲ ਸਾਡੇ ਬਹੁਤ ਸਾਰੇ ਵਪਾਰੀ, ਬਹੁਤ ਸਾਰੇ ਇੰਡਸਟਰੀਲਿਸਟ ਪੰਜਾਬ ਵਿੱਚ ਆਉਣ ਦੀਆਂ ਤਿਆਰੀਆਂ ਵੱਲ ਹਨ, ਕਿਉਂਕਿ ਉਨ੍ਹਾਂ ਨੂੰ ਇੱਕ ਉਮੀਦ ਅਤੇ ਵਿਸ਼ਵਾਸ ਵੀ ਹੈ ਕਿ ਪਹਿਲੀ ਵਾਰ ਪੰਜਾਬ ਦੀ ਬਾਗਡੋਰ ਕਿਸੇ ਇਮਾਨਦਾਰ ਬੰਦੇ ਦੇ ਹੱਥ ਗਈ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡੇ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਇਮਾਨਦਾਰੀ ਦੇ ਚਰਚੇ ਪੂਰੇ ਦੇਸ਼ਾਂ-ਵਿਦੇਸ਼ਾਂ ਵਿੱਚ ਹਨ। ਪਹਿਲੀ ਵਾਰ ਮਾਨ ਸਾਹਿਬ ਨੇ ਸੋਚਿਆ ਕਿ ਇੰਡਸਟਰੀ ਨੂੰ ਪੰਜਾਬ ਵਿੱਚ ਲਿਆਈਏ ਤਾਂ ਕਿ ਜਿਹੜੀ ਸਾਡੇ ਪੰਜਾਬ ਦੀ ਧਰਤੀ ਹੈ, ਇਹ ਉਹ ਧਰਤੀ ਹੈ, ਜਿੱਥੇ ਹਰ ਫੈਸਿਲਟੀ ਮਿਲ ਸਕਦੀ ਹੈ। ਦੂਜੀਆਂ ਸਰਕਾਰਾਂ ਦੀ ਮਾੜੀ ਨੀਤੀ ਕਰਕੇ, ਜਿਹੜੀ ਇੰਡਸਟਰੀ ਬਾਹਰ ਚਲੀ ਗਈ ਸੀ, ਅੱਜ ਉਹ ਇੰਡਸਟਰੀ ਦੁਬਾਰਾ ਪੰਜਾਬ ਵਿੱਚ ਵਾਪਸ ਆ ਰਹੀ ਹੈ।ਪੂਰਾ ਪੰਜਾਬ ਅੱਜ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦੀ ਹੈ ਕਿ ਜਿਨ੍ਹਾਂ ਨੇ ਪੰਜਾਬ ਦੀ ਇੰਡਸਟਰੀ ਨੂੰ ਮੁੜ ਜੀਵਿਤ ਕੀਤਾ ਹੈ। ਮੈਂ ਸਾਰੇ ਮੈਂਬਰਾਂ ਵੱਲੋਂ ਅਤੇ ਪੂਰੇ ਪੰਜਾਬ ਵੱਲੋਂ ਧੰਨਵਾਦ ਕਰਦੀ ਹਾਂ ਅਤੇ ਸਾਨੂੰ ਸਰਦਾਰ ਭਗਵੰਤ ਸਿੰਘ ਮਾਨ ਜੀ ਤੇ ਮਾਣ ਹੈ, ਜਿਨ੍ਹਾਂ ਦੀ ਅਗਵਾਈ ਸਦਕਾ ਪੂਰੇ ਪੰਜਾਬ ਵਿੱਚ ਸਰਕਾਰ ਚਲ ਰਹੀ ਹੈ। ਔਰ ਪੰਜਾਬ ਵਿੱਚ ਇੰਡਸਟਰੀ, ਟੂਰਿਜ਼ਮ ਵਰਗੀਆਂ ਜਿਹੜੀਆਂ ਪਾਲਿਸੀਆਂ ਆਈਆਂ ਹਨ, ਇਨ੍ਹਾਂ ਪਾਲਿਸੀਆਂ ਦੇ ਤਹਿਤ ਅਸੀਂ ਟੂਰਿਜ਼ਮ ਅਤੇ ਇੰਡਸਟਰੀ ਨੂੰ ਵੀ ਬੜਾਵਾ ਦੇਵਾਂਗੇ। ਮੈਂ ਇੱਕ ਔਰਤ ਹੋਣ ਦੇ ਨਾਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਇੱਕ ਗੱਲ ਕਹਾਂਗੀ ਕਿ ਪੂਰੇ ਪੰਜਾਬ ਦੀਆਂ ਧੀਆਂ-ਭੈਣਾਂ ਦੀਆਂ ਦੁਆਵਾਂ ਅਤੇ ਆਸ਼ੀਰਵਾਦ ਤੁਹਾਡੇ ਨਾਲ ਹੈ, ਜਿਹੜੀ ਤੁਸੀਂ ਪੰਜਾਬ ਦੀ

ਵਾਗਡੋਰ ਅੱਗੇ ਲੱਗ ਕੇ ਸੰਭਾਲੀ ਹੈ, ਉਸ ਵਿੱਚ ਅਸੀਂ ਤੁਹਾਡੇ ਨਾਲ ਹਾਂ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬਹੁਤ-ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਗੱਲ ਇਹ ਹੈ ਕਿ ਜੇਕਰ ਹੁਣ ਤੁਸੀਂ ਬੋਲ ਲਏ ਤਾਂ ਮੁੜ ਕੇ ਤੁਸੀਂ ਫਿਰ ਬਾਹਰ ਚਲੇ ਜਾਣਾ ਹੈ। ਮੇਰਾ ਫਰਜ਼ ਇਹ ਹੈ ਕਿ ਮੈਂ ਇੱਥੇ ਸਾਰਿਆਂ ਨੂੰ ਬਿਠਾ ਕੇ ਰੱਖਾਂ।(ਹਾਸਾ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਨਹੀਂ ਜਾਂਦਾ ਜੀ। ਮੈਂ ਸਾਰੀ ਗੱਲ ਦੱਸ ਦਿੰਦਾ ਹਾਂ। ਪਹਿਲਾਂ ਮੈਨੂੰ ਗਵਰਨਰ ਐਡਰੈੱਸ ਦਾ later on, ਜਵਾਬ ਤਾਂ ਦਿਵਾਓ ਜੀ।

**ਮਾਨਯੋਗ ਸਪੀਕਰ:** ਨਹੀਂ ਜੀ। ਕੀ ਤੁਸੀਂ ਇੱਥੇ ਬੈਠੋਗੇ। (ਹਾਸਾ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਹਾਂ ਜੀ, ਬੈਠਾਂਗਾ। ਜੇਕਰ ਤੁਸੀਂ ਬੁਲਾਓਗੇ ਤਾਂ ਜ਼ਰੂਰ ਬੈਠਾਂਗਾ।

**ਮਾਨਯੋਗ ਸਪੀਕਰ:** ਬੁਲਾਵਾਂਗੇ, ਬਿਲਕੁਲ ਬੁਲਾਵਾਂਗੇ ਜੀ। ਚਲੋ, ਇਹ ਇੱਥੇ ਬੈਠਣਗੇ ਜੀ। ਮੇਰਾ ਫਰਜ਼ ਹੈ ਕਿ ਜਿਹੜੇ-ਜਿਹੜੇ ਹਾਊਸ ਵਿੱਚ ਬੈਠਣਗੇ, ਉਨ੍ਹਾਂ ਸਾਰਿਆਂ ਨੂੰ ਸਮਾਂ ਦਿੱਤਾ ਜਾਵੇ। ਤੁਸੀਂ ਆਪਣਾ ਜਵਾਬ ਦਿਓ।

(**ਇੱਕ ਆਵਾਜ਼:** ਇਕੱਲੇ ਰਹਿ ਗਏ, ਪਹਿਲਾਂ ਪਾਰਟੀ ਦੱਸੋ।)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਤਿਕਾਰਯੋਗ ਸਪੀਕਰ ਸਾਹਿਬ, ਚਲੋ, ਪਹਿਲਾਂ ਪਾਰਟੀ ਸੁਣ ਲਓ। ਮੈਂ ਕਾਂਗਰਸ ਪਾਰਟੀ ਨੂੰ ਬਿਲੌਂਗ ਕਰਦਾ ਹਾਂ ਔਰ ਉਸੇ ਦੀ ਟਿਕਟ ਤੋਂ ਇਲੈਕਟ ਹੋਇਆ ਹਾਂ। ਸਪੀਕਰ ਸਾਹਿਬ, ਪਾਰਟੀ ਦਾ ਫੈਸਲਾ ਇਹ ਹੋਇਆ ਸੀ ਕਿ ਲਗਾਤਾਰ ਜਿੰਨੇ ਦਿਨ ਸੈਸ਼ਨ ਚੱਲੇਗਾ, ਉੰਨੇ ਦਿਨ ਚੀਫ ਮਨਿਸਟਰ ਦਾ ਬਾਈਕਾਟ ਕਰਨਾ ਹੈ, ਕਿਉਂਕਿ ਕੱਲ੍ਹ ਇਨ੍ਹਾਂ ਨੇ ਉਂਗਲਾਂ ਕਰ-ਕਰ ਕੇ ਉਨ੍ਹਾਂ ਦੀ ਤੌਹੀਨ ਕੀਤੀ ਹੈ। (ਵਿਘਨ)

**ਮਾਨਯੋਗ ਸਪੀਕਰ:** ਚੇਅਰ ਨੂੰ ਐਡਰੈੱਸ ਕਰੋ ਜੀ।(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜਿਹੜਾ ਬੋਲਣਾ ਚਾਹੇਗਾ, he will stay here. ਇਹ ਪਾਰਟੀ ਦਾ ਫੈਸਲਾ ਹੈ ਔਰ ਇਹ ਗੱਲ ਮੈਂ ਮੀਡੀਆ ਨੂੰ ਵੀ ਦੱਸਣਾ ਚਾਹੁੰਦਾ ਹਾਂ। ਇੱਕ ਮਿੰਟ ਸ਼ਾਂਤੀ ਨਾਲ ਸਾਰੇ ਗੱਲ ਸੁਣ ਲਓ ਕਿਉਂਕਿ ਧਾਲੀਵਾਲ ਸਾਹਿਬ ਦੀ ਤੁਸੀਂ ਸਾਰੀ ਗੱਲ ਸੁਣ ਲਈ ਹੈ। ਹੁਣ ਮੇਰੀ ਗੱਲ ਸੁਣ ਲਓ। ਸਪੀਕਰ ਸਾਹਿਬ, ਜਿਹੜੀ ਸੰਤ ਸੀਚੇਵਾਲ ਜੀ ਵਾਲੀ ਪੰਚਾਇਤੀ ਜ਼ਮੀਨ ਹੈ, ਉਸ ਤੇ ਕਬਜ਼ਾ ਹੋਇਆ ਪਿਆ ਹੈ।ਹਾਲਾਂਕਿ ਇਨ੍ਹਾਂ ਨੇ ਐਡਮਿਟ ਵੀ ਕਰ ਲਿਆ ਹੈ ਕਿ ਉਸ ਜ਼ਮੀਨ ਉੱਤੇ ਗੈਰ-ਕਾਨੂੰਨੀ ਕਬਜ਼ਾ ਹੈ

ਔਰ ਉਸ ਨੇ ਸਵੀਕਾਰ ਵੀ ਕਰ ਲਿਆ ਹੈ ਕਿ ਛੱਡ ਦੇਵਾਂਗਾ। ਇਨ੍ਹਾਂ ਨੇ ਉਸ ਇਲਜ਼ਾਮਾਂ ਨੂੰ ਨਕਾਰਿਆ। ਲਵਲੀ ਯੂਨੀਵਰਸਿਟੀ ਦੇ ਬਹੁਤ ਤੱਥ ਹਨ, ਉਨ੍ਹਾਂ ਵੱਲੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਮਿਤੀ 03.08.2022 ਨੂੰ ਚਿੱਠੀ ਵੀ ਭੇਜੀ ਹੋਈ ਹੈ। ਧਾਲੀਵਾਲ ਸਾਹਿਬ ਸੁਣ ਲਓ ਜੀ। ਉਸ ਤੋਂ ਬਾਅਦ ਇਨ੍ਹਾਂ ਨੇ ਮੇਰੇ ਇਲਜ਼ਾਮਾਂ ਨੂੰ ਨਕਾਰਿਆ ਅਤੇ ਫਿਰ ਇਨ੍ਹਾਂ ਨੇ ਮੇਰੇ ਉੱਤੇ ਇਲਜ਼ਾਮ ਲਗਾਏ ਕਿ ਸਾਡੇ ਪਿੰਡ ਸਾਡੇ ਸਰੀਕੇ ਦੇ ਕੋਲ ਵੀ 10-12 ਕਿਲ੍ਹੇ ਪੰਚਾਇਤੀ ਜ਼ਮੀਨ ਹੈ। ਇਨ੍ਹਾਂ ਨੇ ਸਰੀਕਾ ਵਰਡ ਯੂਜ਼ ਕੀਤਾ । ਹੁਣ ਇਸ ਗੱਲ ਦਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਤਾਂ ਕਿਸੇ ਤਰੀਕੇ ਨਾਲ ਹੀ ਹੋਵੇਗਾ। ਇੱਥੇ ਸਦਨ ਵਿੱਚ ਲੜ ਕੇ ਤਾਂ ਆਪਸ ਵਿੱਚ ਨਹੀਂ ਹੋ ਸਕਦਾ ਜੀ। ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਜੇਕਰ ਤੁਸੀਂ ਲਵਲੀ ਯੂਨੀਵਰਸਿਟੀ, ਸੰਤ ਸੀਚੇਵਾਲ ਅਤੇ ਰਾਮਗੜ੍ਹ ਦੇ ਸੁਖਪਾਲ ਸਿੰਘ ਖਹਿਰਾ ਦੀ ਜ਼ਮੀਨ ਦੇ ਤਿੰਨੋਂ ਕੇਸ ਕਲੱਬ ਕਰਕੇ ਸਦਨ ਵਿੱਚ ਕਮੇਟੀ ਬਣਾ ਦਿਓ ਤਾਂ ਮੈਂ ਇਸ ਗੱਲ ਦਾ ਸਵਾਗਤ ਕਰਾਂਗਾ ਜੀ। ਇਸ ਤੋਂ ਅੱਗੇ ਹੋਰ ਸੁਣ ਲਵੋ, ਜੇਕਰ ਇੱਕ ਇੰਚ ਜ਼ਮੀਨ ਮੇਰੇ ਨਾਲ ਤੁਅੱਲਕ ਰੱਖਦੀ ਹੋਈ, ਉਥੇ ਨਿਕਲ ਗਈ ਤਾਂ ਮੈਂ ਮੁੜ ਕੇ ਇੱਥੇ ਪੰਜਾਬ ਵਿਧਾਨ ਸਭਾ ਵਿੱਚ ਵੈਸੇ ਹੀ ਨਹੀਂ ਆਵਾਂਗਾ। (ਟਰੈਜ਼ਰੀ ਬੈਂਚਿਜ਼ ਵੱਲੋਂ ਆਵਾਜ਼ਾਂ) ਇੱਕ ਮਿੰਟ ਸੁਣ ਲਓ। (ਵਿਘਨ)

GK/HS 1.20 7-3--2023

ਇਸ ਤੋਂ ਅੱਗੇ ਹੋਰ ਵੀ ਸੁਣ ਲਵੋ। ਜੇਕਰ ਇੱਕ ਇੰਚ ਜ਼ਮੀਨ ਮੇਰੇ ਨਾਲ ਤਾਅਲੁੱਕ ਰੱਖਦੀ ਨਿਕਲ ਆਵੇ ਤਾਂ ਮੈਂ ਮੁੜ ਕੇ ਇਸ ਪੰਜਾਬ ਦੀ ਵਿਧਾਨ ਸਭਾ ਵਿੱਚ ਨਹੀਂ ਆਵਾਂਗਾ। ਅਗਲੀ ਗੱਲ ਸੁਣ ਲਓ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਮੇਰੀ ਅਗਲੀ ਗੱਲ ਸੁਣ ਲਵੋ। (ਵਿਘਨ)(ਸ਼ੋਰ) ਗੱਲ ਤਾਂ ਸੁਣ ਲਓ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਪਰਸਨਲ ਐਲੀਗੇਸ਼ਨ ਲੱਗ ਰਹੇ ਹਨ। ਤੁਸੀਂ ਸਲੀਕਾ ਸ਼ਬਦ ਯੂਜ਼ ਕੀਤਾ ਹੈ। ਜਿਹੜੀ ਪੰਚਾਇਤ ਦੀ ਜ਼ਮੀਨ ਹੈ ਮੁਸ਼ਤਰਕਾ ਮਾਲਕਾਂ ਦੀ ਜ਼ਮੀਨ ਹੈ। ਫਤਿਹ ਸਿੰਘ ਲੁਬਾਣਾ ਬਰਾਦਰੀ ਦੇ ਬੰਦੇ ਹਨ, ਉਨ੍ਹਾਂ ਨੇ ਫਾਇਨਾਂਸ਼ੀਅਲ ਕਮਿਸ਼ਨਰ ਦੇ ਕੇਸ ਕਰਕੇ ਉਨ੍ਹਾਂ ਨੂੰ ਸਟੇਅ ਮਿਲਿਆ ਹੋਇਆ ਹੈ। ਅਸੀਂ ਚਾਹ ਕੇ ਵੀ ਉਹ ਜ਼ਮੀਨ ਨਹੀਂ ਛੁਡਵਾ ਸਕਦੇ। ਸਪੀਕਰ ਸਾਹਿਬ, ਤੁਹਾਡੇ ਮਾਰਫਤ ਹਾਊਸ ਦੀ ਕਮੇਟੀ ਦਾ ਗਠਨ ਕਰੋ। ਇਸ ਨੂੰ ਟਾਈਮ ਬਾਊਂਡ ਕਰੋ। ਅਗਲੇ ਸੈਸ਼ਨ ਤੋਂ ਪਹਿਲਾਂ ਲਵਲੀ ਯੂਨੀਵਰਸਿਟੀ ਦੀ ਰਿਪੋਰਟ, ਸੰਤ ਸੀਚੇਵਾਲ ਦੀ ਪੰਚਾਇਤ ਦੀ ਜ਼ਮੀਨ, ਰਾਮਗੜ੍ਹ ਦੀ ਜ਼ਮੀਨ ਦੀ ਰਿਪੋਰਟ ਇੱਥੇ ਟੇਬਲ ਤੇ ਆਵੇ। ਜਿਹੜਾ ਵੀ ਗੁਨਾਹਗਾਰ ਹੋਵੇਗਾ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਸਾਡੇ ਪਰਿਵਾਰ ਨੇ ਸਾਡੇ ਪੁਰਖਿਆਂ ਨੇ 21 ਏਕੜ ਜ਼ਮੀਨ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਨੂੰ ਡੋਨੇਟ ਕੀਤੀ ਹੈ।

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ ਗਵਰਨਰ ਐਡਰੈੱਸ ਤੇ ਬੋਲਣਾ ਹੈ? ਤੁਸੀਂ ਗਵਰਨਰ ਐਡਰੈੱਸ ਤੇ ਬੋਲੋ। (ਵਿਘਨ)(ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਤਾਂ ਹਰ ਇੱਕ ਗੱਲ ਦਾ ਮਜ਼ਾਕ ਉਡਾਉਂਦੇ ਹਨ। ਗੁਰਦੁਆਰਾ ਸਾਹਿਬ ਨੂੰ ਜ਼ਮੀਨ ਦੇਣੀ ਕੋਈ ਮਾੜੀ ਗੱਲ ਹੈ? ਤੁਸੀਂ ਕਮੇਟੀ ਦਾ ਗਠਨ ਕਰ ਦਿਓ I am welcome to join it.

**ਮਾਨਯੋਗ ਸਪੀਕਰ:** ਤੁਹਾਡਾ ਟਾਈਮ ਜਾ ਰਿਹਾ ਹੈ। ਖਹਿਰਾ ਸਾਹਿਬ, ਤੁਸੀਂ ਗਵਰਨਰ ਐਡਰੈੱਸ ਤੇ ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਉਹ ਮੈਨੂੰ ਕਹੀ ਜਾ ਰਹੇ ਹਨ।

**ਮਾਨਯੋਗ ਸਪੀਕਰ:** ਉਨ੍ਹਾਂ ਨੂੰ ਕਹੀ ਜਾਣ ਦਿਓ। ਤੁਸੀਂ ਇੱਧਰ ਦੇਖ ਕੇ ਗੱਲ ਕਰੋ। You have got six minutes.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸੁਖਵਿੰਦਰ ਸਿੰਘ ਕੋਟਲੀ ਜੀ ਮੈਨੂੰ ਆਪਣਾ ਟਾਈਮ ਦੇ ਗਏ ਹਨ। ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਖੁੱਲ੍ਹਾ ਬੋਲਿਓ। ਹੁਣ ਸਿਰਫ 6 ਮਿੰਟ ਹੀ ਹਨ?

**ਮਾਨਯੋਗ ਸਪੀਕਰ:** ਅਸੀਂ ਕੱਲ੍ਹ 6.15 ਵਜੇ ਤੱਕ ਸੈਸ਼ਨ ਚਲਾਇਆ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਤੁਸੀਂ ਕੱਲ੍ਹ ਸਾਨੂੰ 35 ਮਿੰਟ ਹੀ ਦਿੱਤੇ ਸਨ। ਅੱਜ ਵੀ 35 ਮਿੰਟ ਹੀ ਦਿੱਤੇ ਸਨ।

**ਮਾਨਯੋਗ ਸਪੀਕਰ:** ਤੁਸੀਂ ਗ੍ਰਾਂਟਾਂ ਤੇ ਬੋਲ ਲੈਣਾ। ਤੁਸੀਂ ਬਜਟ ਤੇ ਬੋਲ ਲੈਣਾ ਪਰ ਇੱਥੇ ਬੈਠੇ ਰਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** 35 ਮਿੰਟ ਹੀ ਤੁਸੀਂ ਕੱਲ੍ਹ ਦਿੱਤੇ ਹਨ ਅਤੇ 35 ਮਿੰਟ ਹੀ ਅੱਜ ਦਿੱਤੇ ਹਨ। ਜੇਕਰ 18 ਮੈਂਬਰਾਂ ਨੂੰ 35 ਮਿੰਟ ਡਿਵਾਈਡ ਕਰੋਗੇ ਤਾਂ 3 ਮਿੰਟ ਹੀ ਆਉਂਦੇ ਹਨ। 3 ਮਿੰਟ ਵਿੱਚ ਕੌਣ ਆਦਮੀ ਬੋਲ ਸਕਦਾ ਹੈ। ਸਪੀਕਰ ਸਾਹਿਬ, ਮੈਂ ਤਾਂ ਸਿਰਫ ਸਮਾਂ ਮੰਗਦਾ ਹਾਂ ਕਿ ਜਿਹੜਾ ਕੋਟਲੀ ਸਾਹਿਬ ਨੇ ਟਾਈਮ ਦਿੱਤਾ ਹੈ ਉਹ ਮੈਨੂੰ ਪੂਰਾ ਦੇ ਦਿਓ। ਉਹ ਸ਼ੋਰ ਵਿੱਚ ਕਹਿ ਨਹੀਂ ਸਕੇ। ਉਹ ਮੈਨੂੰ ਕਹਿ ਕੇ ਗਏ ਹਨ ਕਿ ਮੇਰਾ ਟਾਈਮ ਵੀ ਤੁਸੀਂ ਲੈ ਲਿਓ।

**ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਸਪੀਕਰ ਸਾਹਿਬ, ਮੈਂ ਜਵਾਬ ਦੇਣਾ ਚਾਹੁੰਦਾ ਹਾਂ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਤੁਸੀਂ ਮੇਰਾ ਟਾਈਮ ਬਚਾ ਲਿਓ।

**ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ :** ਖਹਿਰਾ ਸਾਹਿਬ ਨੇ ਆਪਣੀ ਗੱਲ ਕਰਦਿਆਂ ਫਿਰ ਝੂਠ ਬੋਲਿਆ ਹੈ। ਉਹ ਜ਼ਮੀਨ ਤੇ ਕੋਈ ਸਟੇਅ ਨਹੀਂ ਹੈ। ਇਹ ਸਾਬਿਤ ਕਰ ਦੇਣ। ( ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਬੀ.ਡੀ.ਪੀ.ਓ. ਦੇ ਆਰਡਰ ਚੱਕੋ, ਅਦਾਲਤ ਦੇ ਆਰਡਰ ਚੱਕੋ (Hon'ble Minister showing papers while pointing towards the Opposition Member) ਤੁਸੀਂ ਝੂਠ ਕਿਉਂ ਬੋਲਦੇ ਹ? (ਵਿਘਨ)(ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਇਹ allegations and counter allegations ਕਿਸੇ ਇਨਵੈਸਟੀਗੇਸ਼ਨ ਨਾਲ ਹੀ ਸੈਟਲ ਹੋਣਗੇ। I am prepared for that.

**ਮਾਨਯੋਗ ਸਪੀਕਰ:** ਮੰਤਰੀ ਜੀ ਬੈਠੋ।

**Sardar Sukhpal Singh Khaira:** Speaker Sahib, I am prepared to face any inquiry.

**ਮਾਨਯੋਗ ਸਪੀਕਰ:** ਠੀਕ ਹੈ ਜੀ। ਤੁਸੀਂ ਗਵਰਨਰ ਐਡਰੈੱਸ ਤੇ ਬੋਲਣਾ ਹੈ?

## PERSONAL EXPLANATION BY THE MEMBER

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਜਵਾਬ ਦੇ ਦੇਣ ਦਿਓ। ਮੈਂ ਸਦਨ ਦੇ ਫਲੋਰ ਤੇ ਕਹਿੰਦਾ ਹਾਂ ਕਿ ਮੈਂ ਹਰੇਕ ਇਨਕੁਆਰੀ ਲਈ ਤਿਆਰ ਹਾਂ। (ਵਿਘਨ)(ਸ਼ੋਰ) ਜੇਕਰ ਤੁਸੀਂ ਸਦਨ ਦੀ ਕਮੇਟੀ ਬਣਾਉਣੀ ਹੈ ਤਾਂ ਤੁਸੀਂ ਤਿੰਨੋਂ ਗੱਲਾਂ ਕੇਂਦਰ ਵਿੱਚ ਲੈ ਆਓ। ਜੇਕਰ ਤੁਸੀਂ ਇਕੱਲੇ ਖਹਿਰੇ ਦੀ ਜਾਂਚ ਕਰਵਾਉਣੀ ਚਾਹੁੰਦੇ ਹੋ, ਡੀ.ਜੇ.ਪੀ. ਤੋਂ ਕਰਵਾਉਣੀ ਚਾਹੁੰਦੇ ਹੋ, ਵਿਜੀਲੈਂਸ ਤੋਂ ਕਰਵਾਉਣਾ ਚਾਹੁੰਦੇ ਹੋ ਤਾਂ ਤੁਹਾਡਾ ਸਵਾਗਤ ਹੈ ਕਿ ਜਿਹੜੀ ਮਰਜ਼ੀ ਜਾਂਚ ਕਰਵਾ ਲਵੋ, ਜੇਕਰ ਉੱਥੇ ਪਿੰਡ ਵਿੱਚ ਮੇਰੀ ਜ਼ਮੀਨ ਨਿਕਲੀ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਤੁਹਾਡਾ ਸਮਾਂ ਨਿਕਲ ਰਿਹਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜੇਕਰ ਤੁਸੀਂ ਇਨ੍ਹਾਂ ਨੂੰ ਚੁੱਪ ਕਰਵਾਓਗੇ ਮੈਂ ਤਾਂ ਹੀ ਬੋਲਾਂਗਾ।

**ਮਾਨਯੋਗ ਸਪੀਕਰ:** ਤੁਸੀਂ ਇਨ੍ਹਾਂ ਨੂੰ ਬੋਲੀ ਜਾਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਆਪਣੀ ਗੱਲ ਆਨ ਰਿਕਾਰਡ ਕਹਿ ਦਿੱਤੀ ਹੈ। ਤੁਸੀਂ ਕਮੇਟੀ ਦਾ ਗਠਨ ਕਰੋ। ਤੁਸੀਂ ਤਿੰਨਾਂ ਦੀ ਜਾਂਚ ਕਰਵਾਓ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਰਿਕਾਰਡ ਤੇ ਆ ਗਈ ਹੈ ਜੀ।

**ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ:** ਉਹ ਤਾਂ ਤੁਹਾਡੇ ਪਿੰਡ ਦੀ ਜ਼ਮੀਨ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਤਾਂ ਕਹਿੰਦਾ ਹਾਂ ਕਿ ਆ ਕੇ ਛੁਡਵਾ ਦਿਓ। ਉਹ ਜ਼ਮੀਨ ਸਾਡੀ ਨਹੀਂ ਹੈ। We have nothing to do with it. (ਵਿਘਨ)(ਸ਼ੋਰ) ਉਹ ਗਰੀਬ ਆਦਮੀ ਹਨ। ਉਹ ਫਾਇਨਾਂਸ਼ੀਅਲ ਕਮਿਸ਼ਨਰ ਤੇ ਕੇਸ ਲੜ ਰਹੇ ਹਨ। ਉਹ ਸਾਡੀ ਜ਼ਮੀਨ ਨਹੀਂ ਹੈ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਹਾਡੀ ਪਾਰਟੀ ਵਾਕ ਆਊਟ ਕਰ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸੁਖਵਿੰਦਰ ਨੇ ਮੈਨੂੰ ਕਹਿ ਦਿੱਤਾ ਸੀ ਕਿ ਮੇਰਾ ਟਾਈਮ ਲੈ ਲੈਣਾ।

**ਮਾਨਯੋਗ ਸਪੀਕਰ:** ਤੁਹਾਡੀ ਵਿਪ੍ਹ ਤੋਂ ਲਿਖਵਾ ਕੇ ਭੇਜ ਦਿਓ ਕਿ ਤੁਸੀਂ ਇੱਥੇ ਅੰਦਰ ਰਹੋਗੇ। (ਵਿਘਨ)(ਸ਼ੋਰ)

01.25 07.03.2023 RK/HS Tiwana

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਸ ਨਾਲੋਂ ਵੱਡਾ ਫਰਾਡ ਕੀ ਹੋ ਸਕਦਾ ਹੈ? ਤੁਸੀਂ ਕਹਿੰਦੇ ਸੀ ਕਿ ਗਵਰਨਰ ਐਡਰੈੱਸ ਤੇ ਬੋਲ ਲੈਣਾ। ਇਸ ਦਾ ਮਤਲਬ ਇਹ ਹੈ ਕਿ ਤੁਸੀਂ ਸੁਣ ਹੀ ਨਹੀਂ ਸਕਦੇ।ਤੁਸੀਂ ਸੱਚ ਹੀ ਨਹੀਂ ਸੁਣ ਸਕਦੇ।

**ਮਾਨਯੋਗ ਸਪੀਕਰ :** ਮਾਨਯੋਗ ਮੁੱਖ ਮੰਤਰੀ ਜੀ। ਖਹਿਰਾ ਸਾਹਿਬ ਹੁਣ ਤੁਸੀਂ ਬੈਠੋ। ਤੁਹਾਡਾ ਵ੍ਹਿਪ ਤੁਹਾਨੂੰ ਆਥੋਰਾਈਜ਼ ਕਰੇਗਾ। ਤੁਹਾਡੀ ਪਾਰਟੀ ਵਾਕਆਊਟ ਕਰ ਚੁੱਕੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰਾ ਨਾਂ ਤੁਹਾਡੇ ਕੋਲ ਪਹਿਲਾਂ ਲਿਖ ਕੇ ਆਇਆ ਹੋਇਆ ਹੈ।

**ਮੁੱਖ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਦੇਖੋ, ਖਹਿਰਾ ਸਾਹਿਬ। ਤੁਸੀਂ ਬੈਠੋਗੇ ਤਾਂ ਠੀਕ ਹੈ, ਨਹੀਂ ਤਾਂ ਮੈਨੂੰ ਤੁਹਾਨੂੰ Name ਕਰਨਾ ਪੈਣਾ ਹੈ। ਮੈਨੂੰ Name ਕਰਨਾ ਪੈਣਾ ਹੈ। ਲੀਡਰ ਆਫ ਦਿ ਹਾਊਸ ਬੋਲ ਰਹੇ ਹਨ। ਹੁਣ ਤੁਸੀਂ ਚੁੱਪ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਹੁਣ ਕੀ ਬੋਲਣਾ ਹੈ ਜੀ। ਹੁਣ ਰਹਿ ਕੀ ਗਿਆ ਜੀ, ਬੋਲਣ ਲਈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

## DISCUSSION ON THE GOVERNOR'S ADDRESS AND VOTE ON THE MOTION OF THANKS *(RESUMPTION)*

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿੱਚ ਬੋਲਣ ਦਾ ਮੌਕਾ ਦਿੱਤਾ ਔਰ ਸਪੀਕਰ ਸਾਹਿਬ, ਬਹੁਤ ਸਾਰੇ ਮੁੱਦੇ ਅਜਿਹੇ ਹਨ, ਜਿਹੜੇ ਇਸ ਹਾਊਸ ਵਿੱਚ ਡਿਸਕਸ ਕਰਨ ਵਾਲੇ ਹਨ। ਖਹਿਰਾ ਸਾਹਿਬ ਦਾ ਬਹੁਤ-ਬਹੁਤ ਧੰਨਵਾਦ, ਜਿਹੜੇ ਕਿ ਆਪਣਾ ਸਮਾਨ ਚੁੱਕਣ ਲੱਗ ਗਏ ਹਨ। (ਹਾਸਾ) ਹੁਣ ਇਸ ਤੋਂ ਬਾਅਦ ਸ਼ਾਂਤੀ ਨਾਲ ਕੰਮ ਹੋ ਜਾਵੇਗਾ। ਹੁਣ ਇਹ ਹਾਊਸ ਸ਼ਾਂਤੀ ਨਾਲ ਚੱਲੇਗਾ। ਤੁਸੀਂ ਖਹਿਰਾ ਸਾਹਿਬ, ਬੈਠਣ ਦਾ ਵਾਅਦਾ ਕੀਤਾ ਸੀ, ਇਸ ਲਈ ਬੈਠੋ। ਤੁਹਾਡੀ ਬਾਕੀ ਪਾਰਟੀ ਅੱਜ ਕਿੱਥੇ ਹੈ ਜਾਂ ਅੱਜ ਕਿਸੇ ਹੋਰ ਪਾਰਟੀ ਵਿੱਚ ਆ ਗਏ ਹੋ। ਸਪੀਕਰ ਸਾਹਿਬ, ਜਲਦੀ ਕਰੋ, ਕੋਈ ਵਿਕਾਸ ਦੀਆਂ ਗੱਲਾਂ ਕਰੀਏ, ਕੋਈ ਸਿਆਣੀਆਂ ਗੱਲਾਂ ਕਰੀਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ। )

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਤੁਹਾਡੀ ਚੇਅਰ ਤੇ ਸਵਾਲ ਖੜ੍ਹੇ ਕਰ ਰਿਹਾ ਹੈ, ਉਹ ਬੰਦਾ ਜਿਸ ਨੂੰ ਇਹ ਪਤਾ ਨਹੀਂ ਕਿ ਮੈਂ ਅੱਜ-ਕੱਲ੍ਹ ਕਿਸ ਪਾਰਟੀ ਵਿੱਚ ਹਾਂ।

----

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਰਾਜਪਾਲ ਦੇ ਭਾਸ਼ਣ ਤੇ ਬਹਿਸ ਦੌਰਾਨ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵੱਜੋਂ ਸਦਨ ਵਿਚੋਂ ਵਾਕ ਆਊਟ ਕਰ ਗਏ।)

----

## DISCUSSION ON THE GOVERNOR'S ADDRESS AND VOTE ON THEMOTION OF THANKS (RESUMPTION)

**ਮੁੱਖ ਮੰਤਰੀ :** ਖਹਿਰਾ ਸਾਹਿਬ, ਇੱਧਰ ਵਾਲੇ ਰਸਤੇ ਨਹੀਂ, ਉੱਧਰ ਨੂੰ ਜਾਓ। ਚਲੋ, ਸ਼ੁਕਰ ਹੈ। ਹੁਣ ਸ਼ਾਂਤੀ ਹੋਈ, ਆਪਾਂ ਪੰਜਾਬ ਦੇ ਵਿਕਾਸ ਦੀਆਂ ਗੱਲਾਂ ਕਰੀਏ। ਇੱਥੇ ਮਾਨਯੋਗ ਮੈਂਬਰ, ਇਆਲੀ ਸਾਹਿਬ, ਡਾਕਟਰ ਸੁੱਖੀ ਜੀ, ਬੀ.ਐਸ.ਪੀ. ਦੇ ਮੈਂਬਰ ਡਾਕਟਰ ਸਾਹਿਬ ਬੈਠੇ ਹਨ, ਮੀਡੀਆ ਵੀ ਬੈਠਾ ਹੈ। ਸੋ, ਜੋ ਹੁਣ ਤੱਕ ਕਾਂਗਰਸ ਪਾਰਟੀ ਨੇ ਕੀਤਾ ਹੈ, ਇਸੇ ਕਰਕੇ ਉਹ ਉੱਧਰ ਵਾਲੇ ਪਾਸੇ ਹਨ। ਹੁਣ ਆਪਾਂ ਕੁਝ ਗੱਲਾਂ, ਗਵਰਨਰ ਐਡਰੈੱਸ ਤੇ ਡਿਸਕਸ ਕਰੀਏ। ਸਪੀਕਰ ਸਾਹਿਬ, ਅਸੀਂ ਖੇਤੀ ਤੋਂ ਸ਼ੁਰੂ ਕਰ ਲੈਂਦੇ ਹਾਂ ਕਿਉਂਕਿ ਪੰਜਾਬ ਐਗਰੇਰੀਅਨ ਸਟੇਟ ਹੈ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਿਸ ਵੇਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ, ਉਸ ਵੇਲੇ ਕਿਸਾਨ ਦੀ ਹਾਲਤ ਬਹੁਤ ਵਧੀਆ ਹੋਣੀ ਹੈ ਕਿਉਂਕਿ ਗੁਰੂ ਸਾਹਿਬ ਜੋ ਸਮਾਜ ਦੇ ਵਿੱਚ ਦੇਖਦੇ ਸੀ, ਉਹੀ ਉਚਰਦੇ ਸੀ ਅਤੇ ਬਾਣੀ ਦੇ ਵਿੱਚ ਲਿਖਦੇ ਸੀ ਅਤੇ ਕੁਝ ਅਜਿਹਾ ਵੀ ਲਿਖਦੇ ਸੀ ਜੋ ਭਵਿੱਖ ਵਿੱਚ ਹੋਵੇਗਾ। ਲੋਕਾਂ ਨੂੰ ਪਤਾ ਨਹੀਂ ਸੀ ਪਰ ਉਹ ਲਿਖ ਦਿੰਦੇ ਸੀ ਕਿ ਆਹ ਹੋਣ ਵਾਲਾ ਹੈ। ਜਿਵੇਂ ਕਿ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤੁ ਮਹਤੁ' ਉਨ੍ਹਾਂ ਨੇ ਕਿੰਨੇ ਸੌ ਸਾਲ ਪਹਿਲਾਂ ਇਹ ਕਹਿ ਦਿੱਤਾ ਸੀ ਕਿ ਇਹ ਤਿੰਨੋਂ ਚੀਜ਼ਾਂ ਨੂੰ ਸੰਭਾਲ ਕੇ ਰੱਖ ਲੈਣਾ। ਉਨ੍ਹਾਂ ਨੇ ਹਵਾ ਨੂੰ ਗੁਰੂ ਦਾ ਦਰਜਾ, ਪਾਣੀ ਨੂੰ ਪਿਤਾ ਦਾ ਦਰਜਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ। ਸਰ, ਉਸ ਵੇਲੇ ਤਾਂ ਕੋਈ ਫੈਕਟਰੀ ਨਹੀਂ ਹੋਣੀ, ਜਿਹੜੀ ਧੂੰਆਂ ਕਰਦੀ ਹੋਣੀ ਜਾਂ ਪਾਣੀ ਜ਼ਮੀਨ ਵਿੱਚ ਡੰਪ ਕਰਦੀ ਹੋਣੀ। ਜਿਸ ਵੇਲੇ ਗੁਰੂ ਨਾਨਕ ਸਾਹਿਬ ਨੇ ਇਹ ਵਚਨ ਆਪਣੀ ਬਾਣੀ ਦੇ ਵਿੱਚ ਦਰਜ ਕੀਤੇ ਹੋਣੇ ਹਨ। ਉਸ ਵੇਲੇ ਤਾਂ ਕੋਈ ਸਪਰੇਅ ਨਹੀਂ ਕਰਦੇ ਹੋਣਗੇ। ਉਸ ਵੇਲੇ ਤਾਂ ਹਵਾ ਦੇ ਵਿੱਚ ਕੋਈ ਧੂੰਆਂ ਜਾਂ ਭੱਠੇ ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹੋਣੀ ਜਿਹੜੀ ਕਿ ਇਨ੍ਹਾਂ ਨੂੰ ਗੰਧਲਾ ਕਰਦੀ ਸੀ।

ਕ.ਕ/ਬ.ਸ. 1.30 7.03.2023

ਪਰ ਗੁਰੂ ਸਾਹਿਬ ਨੂੰ ਇਹ ਪਤਾ ਸੀ ਕਿਉਂਕਿ ਉਹ ਜਾਣੀ ਜਾਣ ਸਨ ਕਿ ਅੱਗੇ ਕੀ ਹੋਣ ਵਾਲਾ ਹੈ। ਸੋ, ਜਿਸ ਵੇਲੇ ਉਨ੍ਹਾਂ ਨੇ ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਕਿਹਾ ਉਸ ਵੇਲੇ ਖੇਤੀ ਨੂੰ ਉੱਤਮ ਮੰਨਿਆ ਜਾਂਦਾ ਸੀ। ਬਦਕਿਸਮਤੀ ਦੀ ਗੱਲ ਹੈ ਕਿ ਅੱਜ ਇਸ ਤੋਂ ਬਿਲਕੁਲ ਉਲਟ ਹੋ ਗਿਆ ਹੈ। ਅੱਜ ਅਸੀਂ ਚਾਕਰੀ ਕਰਨ ਲਈ, ਜਿਸ ਨੂੰ ਤਿੰਨਾਂ ਵਿੱਚੋਂ ਤੀਜੇ ਨੰਬਰ ਤੇ ਰੱਖਿਆ ਗਿਆ ਸੀ, ਚਾਕਰੀ ਕਰਨ ਲਈ ਪਹਿਲੇ ਨੰਬਰ ਵਾਲਾ ਕੰਮ ਛੱਡਣ ਨੂੰ ਤਿਆਰ ਹਾਂ। ਅਸੀਂ ਜ਼ਮੀਨ ਵੇਚਣ ਨੂੰ ਤਿਆਰ ਹਾਂ ਕਿ ਨੌਕਰੀ ਮਿਲ ਜਾਵੇ। ਅੱਜ ਚਾਕਰੀ ਪਹਿਲੇ ਨੰਬਰ ਤੇ ਆ ਗਈ ਹੈ। ਅੱਜ ਖੇਤੀ ਲਾਹੇਵੰਦ ਧੰਦਾ ਨਹੀਂ ਰਿਹਾ ਹੈ। ਇਹ ਕਿਉਂ ਨਹੀਂ ਰਿਹਾ ਕਿਉਂਕਿ ਸਰਕਾਰਾਂ ਨੇ ਕਿਸਾਨ ਵੱਲ ਧਿਆਨ ਨਹੀਂ ਦਿੱਤਾ। ਜੇ ਠੇਠ ਪੰਜਾਬੀ ਵਿੱਚ ਕਹੀਏ ਸਰਕਾਰਾਂ ਨੇ ਉਸ ਨੂੰ ਦੱਸਿਆ ਨਹੀਂ, ਉਸ ਨੂੰ ਅਹਿਸਾਸ ਹੀ ਨਹੀਂ ਕਰਾਇਆ ਗਿਆ ਕਿ ਤੂੰ ਝੋਟੇ ਦੇ ਸਿਰ ਵਰਗੀ ਧਰਤੀ ਦਾ ਮਾਲਕ ਹੈ ਜਿਹੜੀ ਇੱਕ ਸਾਲ ਵਿੱਚ ਡੇਢ ਸੌ ਮਣ ਦਾਣੇ ਪੈਦਾ ਕਰ ਦਿੰਦੀ ਹੈ,

90 ਮਣ ਝੋਨਾ ਅਤੇ 60 ਮਣ ਕਣਕ ਅੱਜ ਵੀ ਪੰਜਾਬ ਦੀ ਧਰਤੀ ਪੈਦਾ ਕਰਦੀ ਹੈ। ਕਿਸਾਨ ਨੂੰ ਉਸ ਦੀ ਕਿਸਮਤ ਤੇ ਹੀ ਛੱਡ ਦਿੱਤਾ ਗਿਆ। ਉਸ ਲਈ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਬਣਾ ਦਿੱਤੀ ਪਰ ਕੋਈ ਫੰਡ ਨਹੀਂ ਦਿੱਤੇ। ਉਨ੍ਹਾਂ ਤੋਂ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ ਸੀ, ਉਹ ਖੋਜਾਂ ਕਿਵੇਂ ਕਰਨ। ਹਾਲਾਤ ਇਹ ਆ ਗਏ ਕਿ ਪੀ.ਏ.ਯੂ. ਖੁਦ ਇੱਕ ਲਾਇਬਲਟੀ ਬਣ ਗਈ। ਕਿਸੇ ਨੇ ਕੋਈ ਵੀ ਧਿਆਨ ਨਹੀਂ ਦਿੱਤਾ। ਮੈਂ ਖੁਦ ਪਿੰਡਾਂ ਵਿੱਚੋਂ ਆਇਆ ਹਾਂ। ਅਸੀਂ ਵੀ ਹਰ ਤਰ੍ਹਾਂ ਦੀ ਖੇਤੀ ਕੀਤੀ ਹੈ। ਖੇਤੀ ਦੇ ਬਦਲਾਅ ਵੀ ਦੇਖੇ ਹਨ। ਪਹਿਲਾਂ ਅਸੀਂ ਸਾਡੀ ਬੈਲਟ ਵਿੱਚ ਨਰਮਾ ਵੀ ਬੀਜਦੇ ਰਹੇ ਹਾਂ। ਨਰਮੇ ਤੇ ਸਪਰੇਆਂ ਖੁਦ ਵੀ ਕੀਤੀਆਂ ਹੋਈਆਂ ਹਨ। ਉਸ ਵੇਲੇ rogor ਜਾਂ Monocrotophos ਜਿਹੜੀ ਕਿ ਪੂਰੀ ਦੁਨੀਆ ਵਿੱਚ ਬੈਨ ਹੈ, ਅਸੀਂ ਉਹ ਸਪਰੇਆਂ ਕਰਦੇ ਰਹੇ ਹਾਂ। ਸਾਨੂੰ ਕੋਈ ਦੱਸਣ ਹੀ ਨਹੀਂ ਆਇਆ ਕਿ ਇਹ ਕਿੰਨੀ ਖਤਰਨਾਕ ਚੀਜ਼ ਹੈ। ਅੱਜ ਵੀ ਜਦੋਂ ਤੁਸੀਂ ਕਦੇ ਪਿੰਡਾਂ ਵਿੱਚ ਜਾ ਕੇ ਪਿਆਰ ਨਾਲ ਕਿਸਾਨ ਨਾਲ ਹੱਥ ਮਿਲਾਉਂਦੇ ਹੋ ਤਾਂ ਕਿਸੇ ਦੇ ਹੱਥ ਹਰੇ ਰੰਗ ਦੇ ਹੁੰਦੇ ਹਨ। ਇਸ ਦਾ ਮਤਲਬ ਉਹ ਖੇਤ ਵਿੱਚ ਪਦਾਨ ਪਾ ਕੇ ਆਇਆ ਹੈ। ਕੀ ਇਹ ਸਾਹਮਣੇ ਬੈਂਚਾਂ ਵਾਲੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਦੱਸ ਸਕਦੇ ਹਨ ਕਿ ਪਦਾਨ ਕੀ ਹੁੰਦੀ ਹੈ ਤੇ ਪਦਾਨ ਨਾਲ ਹੱਥ ਹਰੇ ਰੰਗ ਦੇ ਹੋ ਜਾਂਦੇ ਹਨ? ਕੀ ਇਹ ਦੱਸ ਸਕਦੇ ਹਨ? ਏ.ਸੀ. ਕਮਰਿਆਂ ਵਿੱਚ ਬੈਠਣ ਵਾਲੇ, ਕਰੋੜ-ਕਰੋੜ ਰੁਪਏ ਦੀਆਂ ਗੱਡੀਆਂ ਵਿੱਚ ਬੈਠਣ ਵਾਲੇ। ਸਰ, ਇਨ੍ਹਾਂ ਨੂੰ ਨਹੀਂ ਪਤਾ। ਕਿਸਾਨ ਦੀ ਕਿਸੇ ਨੇ ਨਹੀਂ ਸੁਣੀ। ਉਹ ਆਪਣੀ ਮਰਜ਼ੀ ਨਾਲ ਜਾਂ ਪੁੱਛ-ਪੁਛਾ ਕੇ ਕੰਮ ਕਰਦਾ ਰਿਹਾ ਹੈ ਕਿ ਐਤਕੀਂ ਕੀ ਬੀਜੀਏ। ਮਿਰਚਾਂ ਲਾ ਲੈਨੇ ਹਾਂ। ਮਿਰਚਾਂ ਵਧੀਆ ਹੋ ਗਈਆਂ ਤਾਂ ਅਗਲੇ ਸਾਲ ਹਰੇਕ ਨੇ ਮਿਰਚਾਂ ਲਗਾ ਲਈਆਂ। ਫਿਰ ਰੇਟ ਘਟ ਗਿਆ। ਉੱਥੇ ਕੋਈ ਦੱਸਣ ਨਹੀਂ ਆਇਆ ਕਿ ਸਪਰੇਅ ਕਿਹੜੀ ਕਰਨੀ ਹੈ? ਕਿਹੜੀ ਸੁੰਡੀ ਲੱਗ ਗਈ? ਹਾਂ, ਇਨ੍ਹਾਂ ਕੁ ਜ਼ਰੂਰ ਹੁੰਦਾ ਰਿਹਾ ਹੈ ਕਿ ਕਿਹੜੀ ਸਪਰੇਅ ਵਿੱਚੋਂ ਕਿੰਨੇ ਪੈਸੇ ਬਚਦੇ ਹਨ ਤੇ ਕਿਹੜਾ ਬੀਜ ਨਕਲੀ ਹੈ ਜਿਸ ਨੂੰ ਦੇ ਕੇ ਸਾਨੂੰ ਪੈਸੇ ਬਚਦੇ ਹਨ। ਕਿਸਾਨ ਦਾ ਚਿੱਟੀ ਮੱਖੀ ਨਾਲ ਭਾਵੇਂ ਨਰਮਾ ਮਰ ਜਾਵੇ। ਜਿੰਨੇ ਮਰਜ਼ੀ ਕਿਸਾਨ ਖੁਦਕੁਸ਼ੀਆਂ ਕਰਨ ਪਰ ਪੈਸੇ ਚਾਹੀਦੇ ਹਨ। ਉਹ ਪੈਸੇ ਵੀ ਨਾਕਿਆਂ ਤੇ ਇਨੋਵਾ ਗੱਡੀਆਂ ਵਿੱਚੋਂ ਫੜੇ ਗਏ ਸੀ। ਸਪੀਕਰ ਸਾਹਿਬ, ਤੁਹਾਡੇ ਹਲਕੇ ਵਿੱਚ ਹੀ ਉਹ ਨਾਕਾ ਲੱਗਿਆ ਹੋਇਆ ਸੀ। ਮੈਂ ਇਹ ਗੱਲ ਝੂਠ ਨਹੀਂ ਬੋਲ ਰਿਹਾ। ਇਹ ਗੱਲ ਰਿਕਾਰਡ ਤੇ ਹੈ। ਨਕਲੀ ਬੀਜ ਤੇ ਸੌਦਾ ਕਰਦੇ ਰਹੇ। ਨਕਲੀ ਸਪਰੇਆਂ ਤੇ ਸੌਦਾ ਕਰਦੇ ਰਹੇ। ਕਿਸਾਨ ਮਰੇ-ਖਪੇ, ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਖੇਤੀ ਦੀਆਂ ਤਕਨੀਕਾਂ ਬਦਲ ਗਈਆਂ। ਸਾਡੀ ਧਰਤੀ ਦੇ ਵਿੱਚ ਉਪਜਾਊ ਸ਼ਕਤੀ ਦੀ ਕੋਈ ਕਮੀ ਨਹੀਂ ਆਈ। ਸਪੀਕਰ ਸਾਹਿਬ, ਲੋਕ ਮਿਹਨਤੀ ਹਨ। ਲੋਕਾਂ ਦੀ ਮਿਹਨਤ ਵਿੱਚ ਕੋਈ ਕਮੀ ਨਹੀਂ ਹੈ। ਮੌਸਮ ਬਹੁਤ ਕਮਾਲ ਹੈ। ਮੌਸਮ ਵਿੱਚ ਕੋਈ ਵੱਡਾ ਬਦਲਾਅ ਨਹੀਂ ਆਇਆ ਪਰ ਕਿਉਂਕਿ ਖੇਤੀ ਕਰਨ ਦੇ ਤਰੀਕੇ ਬਦਲ ਗਏ। ਸਾਡੇ ਕਿਸਾਨ ਨੂੰ ਅਪਡੇਟ ਨਹੀਂ ਕੀਤਾ ਗਿਆ। ਹੁਣ ਬੀਜ ਬੀਜਣ ਦੇ ਤਰੀਕੇ ਬਦਲ ਗਏ।

ਇਕੋ ਫਸਲ ਨੂੰ ਬੀਜਣ ਦੇ ਤਿੰਨ-ਤਿੰਨ ਤਰੀਕੇ ਹਨ। ਸਪਰੇਅ ਕਰਨ ਦੇ ਤਰੀਕੇ ਬਦਲ ਗਏ। ਪਾਣੀ ਲਗਾਉਣ ਦੇ ਤਰੀਕੇ ਬਦਲ ਗਏ। ਕਿਸੇ ਸਮੇਂ ਖੂਹਾਂ ਰਾਹੀਂ ਪਾਣੀ ਲਾਇਆ ਜਾਂਦਾ ਸੀ। ਜਿਸ ਬਾਰੇ ਧਨੀ ਰਾਮ ਚਾਤ੍ਰਿਕ ਨੇ ਲਿਖਿਆ ਹੈ,

ਕੱਕਰੀ ਰਾਤ ਸਿਆਲ ਦੀ, ਧਰਤੀ ਸੁੰਨਮ ਸਾਨ,
ਪਿਛਲੇ ਪਹਿਰ ਤਰੇਲ ਦੇ ਮੋਤੀ ਜੰਮਦੇ ਜਾਣ।
ਏਸ ਵੇਲੇ ਜਾਂ ਜਾਗਦੇ ਤਾਰੇ ਵਿੱਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ ਤੇ ਇਸ਼ਨਾਨ।
ਖਲਕਤ ਸੁੱਤੀ ਅੰਦਰੀਂ ਨਿੱਘੀਆਂ ਬੁੱਕਲਾਂ ਤਾਣ
ਜੇ ਮੂੰਹ ਕੱਢੀਏ ਬੁੱਕਲੋਂ, ਪਾਲਾ ਆਵੇ ਖਾਣ।
ਜਾਂ ਫਿਰ ਇਸ ਵੇਲੇ ਜਾਗਦਾ ਕੋਈ ਕਿਸਮਤ ਦਾ ਬਲੀ ਕਿਰਸਾਣ,
ਪਾਣੀ ਲਾਉਂਦਿਆਂ ਹੱਥ ਪੈਰ, ਜਿਹਦੇ ਨੀਲੇ ਹੁੰਦੇ ਜਾਣ। (ਥੰਪਿੰਗ।)

ਉਨ੍ਹਾਂ ਠੰਢਾਂ ਵਿੱਚ ਪਾਣੀ ਲਾਉਂਦੇ ਰਹੇ ਹਨ, ਹੱਥ ਪੈਰ ਨੀਲੇ ਹੁੰਦੇ ਸੀ। ਹੁਣ ਜ਼ਮਾਨਾ ਬਦਲ ਗਿਆ ਹੈ। ਸਾਨੂੰ ਜ਼ਮਾਨੇ ਮੁਤਾਬਕ ਅਪਡੇਟ ਨਹੀਂ ਕੀਤਾ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਅਸੀਂ ਈ-ਗਵਰਨੈਂਸ ਤਾਂ ਦੇਣੀ ਹੀ ਦੇਣੀ ਹੈ, ਅਸੀਂ ਈ-ਖੇਤੀ ਵੱਲ ਵੀ ਧਿਆਨ ਦੇ ਰਹੇ ਹਾਂ। (ਥੰਪਿੰਗ) ਅਸੀਂ ਬਹੁਤ ਵੱਡੀਆਂ-ਵੱਡੀਆਂ ਫਰਮਾਂ ਨਾਲ ਗੱਲਬਾਤ ਕੀਤੀ ਹੈ ਕਿ ਸਾਨੂੰ ਦੱਸੋ ਕਿ ਕਿੱਥੇ-ਕਿੱਥੇ ਕਮੀ ਰਹਿ ਗਈ ਹੈ? ਸਾਡਾ ਪਾਣੀ ਕਿੱਥੇ-ਕਿੱਥੇ ਡੂੰਘਾ ਚਲਾ ਗਿਆ ਹੈ? ਕਿੱਥੇ-ਕਿੱਥੇ ਅਸੀਂ ਟਿਊਬਵੈੱਲ ਨਾ ਚਲਾਈਏ? ਕਿੱਥੇ ਕਿਹੜੀ ਫਸਲ ਬੀਜੀਏ ਜਿਸ ਨਾਲ ਪਾਣੀ ਉੱਪਰ ਆ ਜਾਵੇ ਅਤੇ ਨਾਲ ਹੀ ਫਸਲ ਦੀ ਵਧੀਆ ਪੈਦਾਵਾਰ ਹੋ ਜਾਵੇ? ਸਰ, ਅਸੀਂ ਕਰ ਰਹੇ ਹਾਂ।

ਪ.ਸ਼./ਬ.ਸ/1.35/07.03.2023

ਸਰ, ਪਹਿਲੀ ਵਾਰ 12 ਫਰਵਰੀ ਨੂੰ ਪੀ.ਏ.ਯੂ. ਵਿੱਚ ਪਹਿਲੀ ਸਰਕਾਰ ਕਿਸਾਨ ਮਿਲਣੀ ਕੀਤੀ ਗਈ। ਪਿਛਲੀਆਂ ਸਰਕਾਰਾਂ ਕਿਸਾਨਾਂ ਨੂੰ ਕਦੇ ਮਿਲੀਆਂ ਹੀ ਨਹੀਂ, ਅੱਖਾਂ ਦੇ ਵਿੱਚ ਅੱਖਾਂ ਪਾਈਆਂ ਹੀ ਨਹੀਂ। ਉੱਥੇ ਬਾਸਮਤੀ, ਗੰਨੇ, ਆਲੂ, ਟਮਾਟਰ, ਕਪਾਹ, ਕਿੰਨੂ, ਮੱਛੀ ਪਾਲਣ ਕਿੱਤੇ ਨਾਲ ਸਬੰਧਿਤ ਕਿਸਾਨਾਂ ਵੱਲੋਂ ਸਟਾਲ ਲਗਾਏ ਹੋਏ ਸਨ। ਮੈਂ ਇਕੱਲੇ-ਇਕੱਲੇ ਸਟਾਲ ਤੇ ਜਾ ਕੇ ਸਾਰਿਆਂ ਨਾਲ ਗੱਲ ਕੀਤੀ। ਉੱਥੋਂ ਇੱਕ ਗੱਲ ਨਿਕਲ ਕੇ ਸਾਹਮਣੇ ਆਈ, ਜਿਹੜੀ ਕਿ ਗਵਰਨਰ ਐਡਰੈੱਸ ਵਿੱਚ ਵੀ ਸ਼ਾਮਲ ਹੈ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਦੱਸੋ ਕਿ ਨਹਿਰ ਨੂੰ ਪਾਣੀ ਕਿਹੜੀ ਤਾਰੀਖ ਨੂੰ ਚਾਹੀਦਾ ਹੈ ਅਤੇ ਕਿਹੜੀ ਤਾਰੀਖ ਨੂੰ ਨਹੀਂ ਚਾਹੀਦਾ। ਫਾਜ਼ਿਲਕਾ, ਅਬੋਹਰ, ਮਲੋਟ, ਜਲਾਲਾਬਾਦ, ਫਿਰੋਜ਼ਪੁਰ, ਪਿੰਡ ਗੁਰ ਹਰਸਹਾਏ, ਅਰਨੀਆਂ ਵਾਲਾ, ਲੰਬੀ, ਤਲਵੰਡੀ ਸਾਬੋ ਆਦਿ ਜ਼ਿਲ੍ਹਿਆਂ ਨਾਲ ਸਬੰਧਿਤ ਕਪਾਹ ਅਤੇ ਨਰਮਾ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਵੱਲੋਂ ਦੱਸਿਆ ਗਿਆ ਕਿ 01 ਅਪ੍ਰੈਲ ਨੂੰ ਨਰਮੇ ਨੂੰ ਪਹਿਲਾ ਪਾਣੀ ਲੱਗਣ ਵੇਲੇ ਜੇਕਰ

ਸਾਡੀ ਨਹਿਰ ਵਿੱਚ ਪਾਣੀ ਆ ਜਾਵੇ, 15-20 ਅਪ੍ਰੈਲ ਤੱਕ ਪਾਣੀ ਆਉਂਦਾ ਰਹੇ ਅਤੇ ਦੋ ਜਾਂ ਤਿੰਨ ਵਾਰੀ ਨਰਮੇ ਨੂੰ ਪਾਣੀ ਲੱਗ ਜਾਵੇ ਤਾਂ ਸਾਡੇ ਨਰਮੇ ਦਾ ਬੂਟਾ ਇੰਨਾ ਜ਼ਿਆਦਾ ਤਕੜਾ ਹੋ ਜਾਵੇਗਾ ਕਿ ਚਿੱਟੀ ਮੱਖੀ ਜਾਂ ਗੁਲਾਬੀ ਸੁੰਡੀ ਉਸ ਦਾ ਕੁਝ ਨਹੀਂ ਵਿਗਾੜ ਸਕੇਗੀ। ਸਰ, ਜਿੱਥੇ ਸਮੱਸਿਆ ਹੈ, ਹਲ ਵੀ ਉੱਥੇ ਹੀ ਹੈ। ਅਸੀਂ ਉੱਥੋਂ ਹਲ ਕੱਢਿਆ। ਇਸ ਵਕਤ ਜੰਗੀ ਪੱਧਰ ਤੇ ਨਹਿਰਾਂ ਦੀਆਂ ਸਫਾਈਆਂ ਸਬੰਧੀ ਕੰਮ ਚਲ ਰਿਹਾ ਹੈ। 29 ਮਾਰਚ ਨੂੰ ਪਾਣੀ ਛੱਡ ਦਿੱਤਾ ਜਾਵੇਗਾ। ਮੈਨੂੰ ਕਿਸਾਨ ਕਹਿੰਦੇ ਹਨ ਕਿ ਜੇਕਰ ਇਸ ਤਰ੍ਹਾਂ ਹੋ ਗਿਆ ਤਾਂ ਅਸੀਂ ਪਹਿਲੀ ਵਾਰ ਇੱਕ ਅਪ੍ਰੈਲ ਨੂੰ ਆਪਣੀ ਨਹਿਰ ਦੇ ਵਿੱਚ ਪਾਣੀ ਦੇਖਾਂਗੇ। ਕੁਝ ਪਾਣੀ ਚੋਰੀ ਵੀ ਹੁੰਦਾ ਸੀ। ਰਸੂਖਦਾਰ ਬੰਦੇ, ਜਿਨ੍ਹਾਂ ਦੇ ਰਾਜਨੀਤਕ ਲੋਕਾਂ ਨਾਲ ਸਬੰਧ ਹੁੰਦੇ ਸਨ, ਉਹ 10 ਇੰਚ ਦੇ ਮੋਗੇ ਨੂੰ 20 ਇੰਚ ਕਰ ਲੈਂਦੇ ਸਨ। ਅਸੀਂ ਹੁਣ ਨਹਿਰਾਂ ਤੇ ਪੁਲਿਸ ਦੀ ਰਾਖੀ ਦੇਵਾਂਗੇ ਅਤੇ ਪਾਣੀ ਤੇ ਹਰੇਕ ਦਾ ਬਣਦਾ ਹੱਕ ਦਿੱਤਾ ਜਾਵੇਗਾ (ਥੰਪਿੰਗ)। ਇਆਲੀ ਸਾਹਿਬ ਤਾਂ ਖੁਦ ਬਹੁਤ ਵੱਡੇ ਜ਼ਿਮੀਂਦਾਰ ਹਨ, ਇਹ ਤਾਂ ਹੁਣ ਉਸ ਪਾਰਟੀ ਦੇ ਵੀ ਮੈਂਬਰ ਹਨ ਅਤੇ ਸੱਚ ਬੋਲ ਦਿੰਦੇ ਹਨ। ਮੈਨੂੰ ਇਹ ਗੱਲ ਚੰਗੀ ਲੱਗਦੀ ਹੈ। ਪਾਰਟੀ ਜਿਹੜੀ ਮਰਜ਼ੀ ਹੋਵੇ, ਉਸ ਵਿੱਚ ਸੱਚ ਬੋਲਣ ਵਾਲੇ ਹੋਣੇ ਚਾਹੀਦੇ ਹਨ। ਦੋ ਨਹਿਰਾਂ ਤਾਂ ਇਨ੍ਹਾਂ ਦੇ ਖੇਤਾਂ ਵਿੱਚ ਹੀ ਖਤਮ ਹੋ ਜਾਂਦੀਆਂ ਸਨ। ਦੋ ਨਹਿਰਾਂ ਤਾਂ ਬਾਦਲ ਪਿੰਡ ਨਹੀਂ ਟੱਪਦੀਆਂ, ਉੱਥੇ ਹੀ ਖਤਮ ਹੋ ਜਾਂਦੀਆਂ ਹਨ, ਵੱਡੇ-ਵੱਡੇ ਖੂਹ, ਪੱਕੇ ਤਲਾਬ ਬਣਾਏ ਹੋਏ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਅੱਗੇ ਪੰਜਾਬ ਹੈ ਹੀ ਨਹੀਂ ਹੈ। ਇਸ ਕਰਕੇ ਅਸੀਂ ਖੇਤੀ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਹੈ। ਅਸੀਂ ਫਸਲੀ ਵਿਭਿੰਨਤਾ ਵੱਲ ਜਾ ਰਹੇ ਹਾਂ। ਇਸ ਵਾਰ ਬਾਸਮਤੀ ਬਹੁਤ ਵਧੀਆ ਹੋਈ ਹੈ ਅਤੇ ਇਸ ਦਾ ਰੇਟ ਵੀ ਬਹੁਤ ਵਧੀਆ ਮਿਲਿਆ ਹੈ। ਅਸੀਂ ਬਾਸਮਤੀ ਨੂੰ ਪ੍ਰਮੋਟ ਕਰ ਰਹੇ ਹਾਂ, ਜਿਹੜੀ ਕਿ 93 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦੇ ਨਾਲ ਬਿਜਲੀ ਅਤੇ ਪਾਣੀ ਵੀ ਬਚਦਾ ਹੈ। ਇਸ ਵਾਰ ਬਾਸਮਤੀ ਦਾ ਰੇਟ ਇੰਨਾ ਵਧੀਆ ਮਿਲਿਆ ਹੈ ਕਿ ਕਿਸਾਨ ਵੀ ਖੁਸ਼ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਜ਼ਿਆਦਾ ਬਾਸਮਤੀ ਬੀਜਣ ਨੂੰ ਤਿਆਰ ਹਨ। ਇਹ ਵੀ ਪਹਿਲੀ ਵਾਰ ਹੋਵੇਗਾ ਕਿ ਗੌਰਮਿੰਟ ਉਨ੍ਹਾਂ ਨੂੰ ਗਾਰੰਟੀ ਦੇਵੇਗੀ ਕਿ ਜੇਕਰ ਰੇਟ ਘਟਣ ਲੱਗਿਆ ਤਾਂ ਗੌਰਮਿੰਟ interfere ਕਰੇਗੀ। ਅਸੀਂ ਬਾਸਮਤੀ ਆਪ ਖਰੀਦਾਂਗੇ, ਪ੍ਰਕਿਉਰ ਕਰਾਂਗੇ ਪਰ ਬਾਸਮਤੀ ਦਾ ਰੇਟ ਨਹੀਂ ਘਟਣ ਦੇਵਾਂਗੇ (ਥੰਪਿੰਗ)।ਅੱਜ ਮੈਂ ਹਾਊਸ ਵਿੱਚ ਇਹ ਗੱਲ ਕਹਿ ਰਿਹਾ ਹਾਂ। ਇਸ ਤੋਂ ਅੱਗੇ ਹੁਣ ਅਸੀਂ ਪ੍ਰਾਸੈਸਿੰਗ ਵੱਲ ਜਾ ਰਹੇ ਹਾਂ। ਪੰਜਾਬ ਦੇ ਮੁਹਾਲੀ ਸ਼ਹਿਰ ਵਿੱਚ ਜਦੋਂ 23 ਅਤੇ 24 ਤਾਰੀਖ ਨੂੰ ਸਮਿਟ ਹੋਇਆ ਤਾਂ Invest in the best ਸਾਡਾ ਨਾਅਰਾ ਸੀ। ਇੱਥੇ ਪੰਜਾਬ ਵਿੱਚ ਪ੍ਰਾਸੈਸਿੰਗ ਕੰਪਨੀਆਂ ਆਉਣੀਆਂ ਚਾਹੁੰਦੀਆਂ ਹਨ। ਮੈਂ ਤੁਹਾਨੂੰ ਇੱਕ ਹੈਰਾਨੀਜਨਕ ਗੱਲ ਦੱਸਦਾ ਹਾਂ। ਮੈਂ ਜਦੋਂ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਆਉਣ ਲਈ ਪ੍ਰੇਰਿਤ ਕਰਨ ਹਿੱਤ ਹੈਦਰਾਬਾਦ, ਚੇਨਈ, ਮੁਬੰਈ ਗਿਆ ਤਾਂ ਮੁੰਬਈ ਦੇ ਵਿੱਚ ਮੈਨੂੰ ਹਿੰਦੁਸਤਾਨ ਲੀਵਰ, ਜੋ ਕਿ ਇੱਕ ਬਹੁਤ ਵੱਡੀ ਕੰਪਨੀ ਹੈ, ਦੇ ਕਰਤਾ-ਧਰਤਾ/ਪ੍ਰਬੰਧਕੀ ਬੋਰਡ ਦੇ ਮੈਂਬਰ ਕਹਿਣ ਲੱਗੇ ਕਿ ਅਸੀਂ ਕਿਸਾਨ ਕੈਚਅੱਪ ਬਣਾਉਂਦੇ ਹਾਂ ਅਤੇ ਸਾਡਾ ਪਲਾਂਟ ਨਾਭਾ ਵਿਖੇ ਹੈ

ਪਰ ਸਾਨੂੰ ਟਮਾਟਰ ਨਾਸਿਕ (ਮਹਾਰਾਸ਼ਟਰ) ਤੋਂ ਲੈ ਕੇ ਆਉਣਾ ਪੈਂਦਾ ਹੈ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੁਸੀਂ ਕੈਚ-ਅੱਪ ਨਾਭੇ ਵਿੱਚ ਤਿਆਰ ਕਰੋ ਅਤੇ ਟਮਾਟਰ ਮਹਾਰਾਸ਼ਟਰ ਤੋਂ ਆ ਰਿਹਾ ਹੋਵੇ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਇਸ ਤਰ੍ਹਾਂ ਹੀ ਹੋ ਰਿਹਾ ਹੈ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਦੇ ਸਰਕਾਰਾਂ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿਉਂਕਿ ਸਾਡੇ ਇੱਥੇ ਜੋ ਮਰਜ਼ੀ ਉਗਾ ਲਓ, ਸਾਡੀ ਧਰਤੀ ਬਹੁਤ ਉਪਜਾਊ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰਾਂ ਤੱਕ ਕਿਵੇਂ ਪਹੁੰਚਦੇ, ਜੇਕਰ ਅਸੀਂ ਸਰਕਾਰਾਂ ਤੱਕ ਪਹੁੰਚ ਕਰਦੇ ਹਾਂ ਤਾਂ ਉਹ ਸਿੱਧਾ ਇਹ ਪੁੱਛਦੇ ਹਨ ਕਿ ਕਿੰਨਾ ਕਮਾਉਂਦੇ ਹੋ। ਜੇਕਰ ਇੰਨਾ ਕਮਾਉਂਦੇ ਹੋ ਤਾਂ ਬਿਜਲੀ ਦੇ ਬਿੱਲਾਂ ਵਾਂਗ ਪਿਛਲਾ ਬਕਾਇਆ ਵੀ ਮੰਗਦੇ ਹਨ ਕਿ ਸਾਡਾ ਇੰਨਾ ਹਿੱਸਾ ਬਣਦਾ ਹੈ।

**1.40/ਜਸਪਾਲ/ਰਜਨੀਸ਼/7.3.23**

ਉਹ ਇਥੇ ਵੀ ਆਏ ਸੀ, ਅਸੀਂ ਉਨ੍ਹਾਂ ਨਾਲ ਵਾਅਦਾ ਕੀਤਾ ਕਿ ਤੁਸੀਂ ਟਮਾਟਰ ਦਾ ਬੀਜ ਦੱਸੋ ਅਤੇ ਟਮਾਟਰ ਦੀ ਕਿਸਮ ਦੱਸੋ। ਨਾਭੇ ਵਿਚ ਤੁਹਾਡੀ ਫੈਕਟਰੀ ਹੈ, ਅਸੀਂ ਅਮਰਗੜ੍ਹ ਤੋਂ, ਬਾਗੜੀਆਂ ਤੋਂ, ਭਾਦਸੋਂ ਤੋਂ, ਖਮਾਣੋਂ ਤੋਂ, ਅਮਲੋਹ ਤੋਂ, ਚੰਨੋਂ ਤੋ, ਪਟਿਆਲੇ ਤੋਂ, ਰੱਖੜੇ ਤੋਂ, ਭਵਾਨੀਗੜ੍ਹ ਤੋਂ ਆਲੇ ਦੁਆਲੇ ਦੇ ਜਿੰਨੇ ਪਿੰਡਾਂ ਤੋਂ ਤੁਹਾਨੂੰ ਜਿੰਨੇ ਟਮਾਟਰ ਚਾਹੀਦੇ ਹਨ, ਉਹ ਅਸੀਂ ਤੁਹਾਨੂੰ ਇਥੇ ਹੀ ਦਿਆਂਗੇ,ਇਹ ਨਾਲ ਹੀ ਤੁਹਾਨੂੰ ਸਸਤਾ ਪਵੇਗਾ ਅਤੇ ਨਾਲ ਹੀ ਸਾਡਾ ਥੋੜ੍ਹਾ ਬਹੁਤ ਝੋਨੇ ਤੋਂ ਖਹਿੜਾ ਛੁਡੇਗਾ। (ਥੰਪਿੰਗ) ਸਰ, ਪ੍ਰਾਸੈਸਿੰਗ ਵੱਲ ਜਾਣਾ ਸਾਡੀ ਸਭ ਤੋਂ ਵੱਡੀ ਮਜਬੂਰੀ ਲਗਾ ਲਵੋ ਜਾਂ ਇਸ ਵਕਤ ਸਮੇਂ ਦੀ ਲੋੜ ਲਗਾ ਲਵੋ। ਸਰ, ਪਠਾਨਕੋਟ ਤੋਂ ਵੱਧ ਮਿੱਠੀ ਲੀਚੀ ਕਿਤੇ ਨਹੀਂ ਹੋਈ, ਅਸੀਂ ਪਠਾਨਕੋਟ ਦੀ ਲੀਚੀ ਨੂੰ ਪ੍ਰਾਸੈਸ ਕਿਉਂ ਨਹੀਂ ਕਰਦੇ ? ਸਾਡਾ ਗੁੜ, ਸਾਡਾ ਸਾਗ, ਵੇਰਕਾ ਦਾ ਦੁੱਧ, ਵੇਰਕਾ ਦੀ ਖੀਰ, ਵੇਰਕਾ ਦਾ ਪਨੀਰ, ਵੇਰਕਾ ਦੀਆਂ ਪਿੰਨੀਆਂ, ਵੇਰਕਾ ਦੀ ਪੰਜ਼ੀਰੀ, ਦੁਨੀਆਂ ਭਰ ਵਿੱਚ ਪੰਜਾਬੀ ਰਹਿੰਦੇ ਹਨ, ਕਿਤੇ ਉਨ੍ਹਾਂ ਨੂੰ ਖਾਣ ਵਾਲੀ ਚੀਜ਼ ਉਤੇ ਇਹ ਲਿਖਿਆ ਮਿਲ ਜਾਵੇ ਕਿ ਇਹ ਪੰਜਾਬ ਤੋਂ ਬਣਿਆ ਹੋਇਆ ਹੈ, ਉਹ ਰੇਟ ਨਹੀਂ ਦੇਖਦੇ, ਆਪਣੀ cart ਦੇ ਵਿੱਚ ਧਰ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਇਹ ਪੰਜਾਬ ਤੋਂ ਆਈ ਹੈ। ਕਹਿੰਦੇ ਹਾਂ ਕਿ ਕੁੜੀ ਭਾਵੇਂ ਜਿੰਨੇ ਮਰਜ਼ੀ ਵੱਡੇ ਘਰ ਵਿੱਚ ਵਿਆਹੀ ਜਾਵੇ ਪਰ ਉਸ ਦੀ ਹਮੇਸ਼ਾ ਇਕੋ ਹੀ ਇਕ ਤਮੰਨਾ ਰਹਿੰਦੀ ਹੈ ਕਿ ਮੇਰੇ ਪੇਕਿਆਂ ਵਾਲੇ ਪਾਸਿਉਂ ਠੰਡੀਆਂ ਹਵਾਵਾਂ ਦੇ ਬੁੱਲ੍ਹੇ ਆਉਂਦੇ ਰਹਿਣ, ਇਹ ਉਨ੍ਹਾਂ ਐਨ.ਆਰ.ਆਈਜ਼ ਦਾ ਪੰਜਾਬ ਪੇਕਾ ਹੈ । ਸੋ, ਉਹ ਇਹੀ ਚਾਹੁੰਦੇ ਹਨ ਕਿ ਸਾਡੇ ਪੰਜਾਬ ਵੱਲੋਂ ਕੋਈ ਠੰਡੀਆਂ ਹਵਾਵਾਂ ਦੇ ਬੁੱਲ੍ਹੇ ਆਉਂਦੇ ਰਹਿਣ, ਸਰੀਰ ਉਨ੍ਹਾਂ ਦੇ ਚਲੇ ਗਏ ਹਨ ਲੇਕਿਨ ਮਨ ਉਨ੍ਹਾਂ ਦੇ ਇੱਥੇ ਹੀ ਹਨ। ਸੋ, ਇਸ ਕਰਕੇ ਅਸੀਂ ਪ੍ਰਾਸੈਸਿੰਗ ਵੱਲ ਧਿਆਨ ਦੇ ਕੇ, ਇਸ ਵਾਰ ਝੋਨੇ ਦੀ ਫਸਲ ਨੂੰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ 93 ਦਿਨਾਂ ਵਿੱਚ ਪੱਕਣ ਵਾਲੀ ਫਸਲ ਨੂੰ ਪਰਮੋਟ ਕਰੀਏ ਤੇ ਨਾਲ ਦੀ ਨਾਲ ਬਦਲਵੀਆਂ ਫ਼ਸਲਾਂ ਪੈਦਾ ਕਰੀਏ। ਸਰ, ਮੁਜੰਬੀਕ ਤੋਂ, ਕੰਲੋਬੀਆ ਤੋਂ 2 ਬਿਲੀਅਨ ਡਾਲਰ

ਦੀ ਦਾਲ ਭਾਰਤ ਮੰਗਵਾਉਂਦਾ ਹੈ, ਮੁਜੰਬੀਕ ਤੋਂ ਤੇ ਕੰਲੋਬੀਆ ਤੋਂ 2 ਬਿਲੀਅਨ ਡਾਲਰ ਦਾ ਬਿਜਨੈਸ ਉਨ੍ਹਾਂ ਦੋਨਾਂ ਮੁਲਕਾਂ ਨੂੰ ਦਾਲ ਵਾਸਤੇ ਜਾ ਰਿਹਾ ਹੈ। ਮੈਂ ਜਦੋਂ ਖੇਤੀ ਮੰਤਰੀ ਨੂੰ ਮਿਲਿਆ, ਮੈਂ ਜਦੋਂ ਸੈਂਟਰ ਨੂੰ ਮਿਲਿਆ ਤਾਂ ਮੈਂ ਕਿਹਾ ਕਿ ਪਹਿਲਾਂ ਤੁਹਾਨੂੰ ਕਣਕ ਚਾਹੀਦੀ ਸੀ ਉਦੋਂ ਤਾਂ ਅਸੀਂ ਜੰਮੇ ਵੀ ਨਹੀਂ ਸੀ, ਕਹਿੰਦੇ ਹਨ ਕਿ ਅਮਰੀਕਾ ਦੇ ਅੱਗੇ ਹੱਥ ਅੱਡਣੇ ਪੈਂਦੇ ਸੀ, ਫਿਰ ਹਰਾ ਇਨਕਲਾਬ ਆਇਆ ਤੇ ਭਾਰਤ ਮੰਗਣ ਦੀ ਬਜਾਏ ਭਾਰਤ ਵੰਡਣ ਵਾਲਾ ਬਣਾ ਦਿੱਤਾ ਪੰਜਾਬ ਦੇ ਕਿਸਾਨ ਨੇ, ਪੰਜਾਬ ਦੇ ਅੰਨਦਾਤੇ ਨੇ। ਮੈਂ ਕਿਹਾ ਕਿ ਤੁਸੀਂ ਦਾਲਾਂ ਖਰੀਦਣ ਦੀ ਗਰੰਟੀ ਦੇ ਦਿਉ, ਤੁਹਾਨੂੰ ਮੁਜੰਬੀਕ ਤੇ ਕੰਲੋਬੀਆ ਤੋਂ ਦਾਲ ਮੰਗਵਾਉਣ ਦੀ ਲੋੜ ਨਹੀਂ ਪਵੇਗੀ, ਜਿਹੜੀ ਕਿਸਮ ਦੀ ਕਹੋਗੇ ਤਾਂ ਉਸ ਕਿਸਮ ਦੀ ਦਾਲ ਅਸੀਂ ਪੰਜਾਬ ਵਿਚੋਂ ਪੈਦਾ ਕਰਕੇ ਦੇ ਦਿਆਂਗੇ (ਥੰਪਿੰਗ) ਪਰ ਸਾਨੂੰ ਮਾਰਕੀਟਿੰਗ ਤਾਂ ਦਿਉ, ਸੋ, ਅਸੀਂ ਇਸ ਵੱਲ ਧਿਆਨ ਦੇ ਰਹੇ ਹਾਂ। ਮੈਨੂੰ ਕੋਈ ਬੰਦੇ ਮਿਲੇ, ਕੁਝ ਕ੍ਰਿਟਿਕ ਬੰਦੇ ਹੁੰਦੇ ਹਨ ਜਿਨ੍ਹਾਂ ਦਾ ਕੰਮ ਹੁੰਦਾ ਹੈ ਨੁਕਸ ਕੱਢਣਾ। ਮੈਂ ਉਨ੍ਹਾਂ ਨੂੰ ਕਿਹਾ ਕਿ ਧਰਤੀ ਦਾ ਪਾਣੀ ਥੱਲੇ ਜਾਈ ਜਾਂਦਾ ਹੈ, ਡੇਂਜਰਸ ਲੈਵਲ ਤੱਕ ਥੱਲੇ ਚਲਿਆ ਗਿਆ ਹੈ, ਇਸ ਕਰਕੇ ਆਪਾਂ ਹੁਣ ਫ਼ਸਲਾਂ ਬੀਜੀਏ ਜਿਹੜੀਆਂ ਘੱਟ ਪਾਣੀ ਖਾਂਦੀਆਂ ਹਨ, ਉਹ ਫ਼ਸਲਾਂ ਜਿਹੜੀਆਂ ਜ਼ਿਆਦਾ ਪਾਣੀ ਖਾਂਦੀਆਂ ਹਨ, ਉਹ ਨਾ ਬੀਜੀਏ, ਝੋਨੇ ਤੋਂ ਆਪਾਂ ਹੌਲੀ ਹੌਲੀ ਖਹਿੜਾ ਛੁਡਵਾਈਏ, ਆਪਣੀ ਧਰਤੀ ਵਿਚਲਾ ਪਾਣੀ ਖਤਮ ਹੋ ਰਿਹਾ ਹੈ। ਸਪੀਕਰ ਸਾਹਿਬ, ਉਹ ਬੰਦਾ ਮੈਨੂੰ ਕਹਿੰਦਾ ਕਿ ਇਹ ਹਰੇਕ ਕਹਿੰਦਾ ਹੈ ਕਿ ਮੁੱਖ ਮੰਤਰੀ ਸਾਹਿਬ, ਕਿਹੜੀਆਂ ਫ਼ਸਲਾਂ ਬੀਜੀਏ ਫਿਰ ਤਾਂ ਮੈਂ ਕਿਹਾ ਜੀ ਉਹ ਫ਼ਸਲਾਂ ਬੀਜੋ ਜਿਹੜੀਆਂ ਪਾਣੀ ਖਤਮ ਹੋਣ ਤੋਂ ਬਾਅਦ ਬੀਜੋਗੇ, ਉਦੋਂ ਵੀ ਤਾਂ ਕੁਝ ਨਾ ਕੁਝ ਬੀਜੋਗੇ ਹੀ। ਅਜੇ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਅਜੇ ਪਾਣੀ ਦਾ ਲੈਵਲ ਉਪਰ ਆ ਸਕਦਾ ਹੈ। ਮੈਂ ਤੇਲੰਗਨਾ ਗਿਆ ਸੀ, ਤੇਲੰਗਨਾ ਵਾਲਿਆਂ ਨੇ ਚੈਕ ਡੈਮ ਬਣਾਏ ਹੋਏ ਹਨ, ਗੋਦਾਵਰੀ ਇਕ ਨਦੀ ਹੈ, ਉਨ੍ਹਾਂ ਨੂੰ ਤਾਂ ਪਾਣੀ ਉਪਰ ਚੁੱਕਣਾ ਪੈ ਗਿਆ, 10-15 ਜਗ੍ਹਾ ਤੋਂ, 50-50 ਮੀਟਰ ਉਪਰ ਚੁੱਕ ਚੁੱਕ ਕੇ ਪੌਣਾ ਕਿਲੋਮੀਟਰ, 600 ਮੀਟਰ ਪਾਣੀ ਨੂੰ ਉਪਰ ਲਿਜਾ ਕੇ ਬੰਨ ਬਣਾ ਕੇ ਉਸ ਤੋਂ ਬਾਅਦ ਉਹ ਉਥੋਂ ਦੀ ਗਰੈਵਿਟੀ ਦੇ ਮੁਤਾਬਿਕ ਛੱਡਦੇ ਹਨ, ਉਨ੍ਹਾਂ ਨੇ ਪਿੰਡਾਂ ਦੇ ਟੋਭਿਆਂ ਉਤੇ ਚੈਕ ਡੈਮ ਬਣਾ ਦਿੱਤੇ। ਹੈਰਾਨੀ ਦੀ ਗੱਲ ਹੈ ਕਿ ਤਿੰਨ ਸਾਲਾਂ ਵਿਚ ਕੀਤਾ ਹੈ, 2016 ਦੇ ਵਿੱਚ ਬਣਾਉਣ ਲੱਗੇ ਅਤੇ 2019 ਦੇ ਵਿੱਚ ਤਿਆਰ ਹੋ ਗਏ। ਅੱਜ ਦੀ ਡੇਟ ਵਿੱਚ ਪੰਜ ਮੀਟਰ ਤੇਲੰਗਨਾ ਦਾ ਪਾਣੀ ਦਾ ਲੈਵਲ ਉਪਰ ਆ ਗਿਆ ਹੈ, ਨਾਲ ਹੀ ਕਿਸੇ ਨੂੰ ਪਾਣੀ ਦੀ ਘਾਟ ਨਹੀਂ ਹੋਈ। ਸਾਨੂੰ ਤਾਂ ਕੁਦਰਤ ਨੇ ਭੂਗੋਲਿਕ ਨਕਸ਼ਾ ਇਸ ਤਰ੍ਹਾਂ ਦਾ ਦਿੱਤਾ ਹੈ ਕਿ ਸਾਡੇ ਤਾਂ ਗਰੈਵਿਟੀ ਹੀ ਇਧਰ ਨੂੰ ਜਾਂਦੀ ਹੈ (ਹੱਥ ਨਾਲ ਸਮਝਾਉਂਦੇ ਹੋਏ) ਅਸੀਂ ਤਾਂ ਐਂਟੀ ਗਰੈਵਿਟੀ ਚੱਲਣਾ ਹੀ ਨਹੀਂ ਹੈ, ਗਰੈਵਿਟੀ ਵੱਲ ਨੂੰ ਹੀ ਜਾਣਾ ਹੈ, ਧਰਤੀ ਦੀ ਖਿੱਚ ਮੁਤਾਬਿਕ ਜਿਹੜਾ ਪਾਣੀ ਹੈ, ਉਸ ਨੂੰ ਅਸੀਂ ਇਥੇ ਰੋਕਣਾ ਹੈ, ਅਸੀਂ ਇਥੇ ਛੋਟੇ ਛੋਟੇ ਡੈਮ ਬਣਾ ਕੇ ਪਾਣੀ ਰੋਕ ਜਿਹੜੇ ਬਰਸਾਤੀ ਨਾਲੇ, ਰਜਬਾਹੇ ਹਨ ਜੇ ਉਹ ਸਾਰੇ ਚਲਾ ਲਈਏ ਤਾਂ ਪੰਜਾਬ ਤਾਂ ਅਜੇ 32 ਪ੍ਰਤੀਸ਼ਤ ਹੀ ਨਹਿਰਾਂ ਦਾ ਪਾਣੀ ਯੂਜ਼

ਕਰ ਰਿਹਾ ਹੈ, ਜੇ ਅਸੀਂ ਇਸ ਨੂੰ ਕਿਤੇ 70 ਪ੍ਰਤੀਸ਼ਤ ਤੱਕ ਵੀ ਲੈ ਗਏ ਤਾਂ ਪੰਜਾਬ ਵਿਚ 14 ਲੱਖ ਟਿਊਬਵੈਲ ਹਨ, 14 ਲੱਖ ਵਿਚੋਂ ਮੈਂ ਸ਼ਰਤ ਲਗਾਉਂਦਾ ਹਾਂ ਕਿ ਚਾਰ ਲੱਖ ਟਿਊਬਵੈਲ ਘੱਟ ਜਾਵੇਗਾ, 10 ਲੱਖ ਟਿਊਬਵੈਲ ਰਹਿ ਜਾਣਗੇ ਉਹ ਵੀ ਤਾਂ ਕਿ ਅਜੇ ਝੋਨਾ ਹੈ । ਸੋ, ਇਹ ਪ੍ਰੈਕਟੀਕਲੀ ਗੱਲਾਂ ਹਨ, ਇਹ ਇਕੱਲੀਆਂ ਲਿਖੀਆਂ ਹੋਈਆਂ ਨਹੀਂ। ਸੋ, ਖੇਤੀ ਦੀ ਇਸ ਵਾਰ ਤੁਸੀਂ ਵੀ ਆਪਣੇ ਹਲਕੇ ਵਿਚ ਜਾਂਦੇ ਰਹਿੰਦੇ ਹੋ, ਪਿੰਡਾਂ ਨਾਲ ਜੁੜੇ ਹੋਏ ਹਨ, ਤੁਹਾਡੇ ਹਲਕਿਆਂ ਵਿੱਚ ਬੜੇ ਵੱਡੇ ਵੱਡੇ ਪਿੰਡ ਹਨ । ਮੇਰੇ ਸਾਥੀ ਕੁਲੀਜ, ਮੰਤਰੀ ਤੇ ਐਮ.ਐਲ.ਏ.ਸਾਹਿਬਾਨ ਜਾਂਦੇ ਰਹਿੰਦੇ ਹਨ।

ਬ.ਕ./ਰ.ਕ./7.3.23/1.45

ਇਸ ਵਾਰ ਝੋਨੇ ਵੇਲੇ ਬਿਜਲੀ ਦਾ ਇਕ ਵੀ ਕੱਟ ਨਹੀਂ ਲੱਗਿਆ।(ਥੰਪਿੰਗ) ਪਹਿਲਾਂ 8 ਘੰਟੇ ਬਿਜਲੀ ਦਿੰਦੇ ਸੀ, ਜਿਸ ਵਿਚੋਂ ਦੋ ਘੰਟੇ ਬਿਜਲੀ ਸਪਲਾਈ ਦੇ ਕੇ ਇਕ ਘੰਟੇ ਦਾ ਕੱਟ ਲੱਗਦਾ ਸੀ ਅਤੇ ਫਿਰ ਉਹ ਇਕ ਘੰਟਾ ਕਰ ਦਿੱਤੀ ਗਈ। ਫਿਰ ਕਿਹਾ ਗਿਆ ਕਿ 7.20 ਤੋਂ 9.20 ਵਾਲੀ ਬਿਜਲੀ ਸਪਲਾਈ 10.20 ਤੋਂ 11.20 ਮਿਲੇਗੀ। ਸਪੀਕਰ ਸਾਹਿਬ, ਏ.ਸੀ ਕਮਰਿਆਂ ਵਿੱਚ ਬੈਠ ਕੇ ਪ੍ਰੋਫਾਰਮੇ ਨਹੀਂ ਬਣਦੇ, ਇੰਨੀ ਦੇਰ ਵਿੱਚ ਤਾਂ ਖਾਲ਼ ਮਰ ਜਾਂਦਾ ਹੈ। ਜੇਕਰ 8 ਘੰਟੇ ਸਪਲਾਈ ਦਿਓਗੇ ਤਾਂ ਹੀ ਫਾਇਦਾ ਹੈ ਕਿਉਂਕਿ ਖਾਲ਼ ਵਿੱਚ ਪਾਣੀ ਪਹੁੰਚਣ ਨੂੰ ਫੇਰ ਟਾਈਮ ਲੱਗ ਜਾਣਾ ਹੈ। ਸਪੀਕਰ ਸਾਹਿਬ, ਅਸੀਂ ਇੰਨੀ ਬਿਜਲੀ ਸਪਲਾਈ ਦਿੱਤੀ ਹੈ ਕਿ ਪਿੰਡਾਂ ਦੇ ਲੋਕ ਕਹਿਣ ਲੱਗ ਪਏ ਕਿ ਸਾਨੂੰ ਇਸ ਵਾਰ ਮੋਟਰ ਬੰਦ ਕਰਕੇ ਝੋਨਾ ਲਾਉਣਾ ਪਿਆ ਹੈ ਕਿਉਂਕਿ ਬਿਜਲੀ ਸਪਲਾਈ ਆਮ ਹੋ ਗਈ ਹੈ ਅਤੇ ਟਿਊਬਵੈੱਲ ਚਲਦਾ ਹੈ।(ਥੰਪਿੰਗ)

ਸਪੀਕਰ ਸਾਹਿਬ, ਅਸੀਂ ਇੰਡਸਟਰੀ ਵਾਲਿਆਂ ਨੂੰ ਪਹਿਲੀਆਂ ਸਰਕਾਰਾਂ ਵਾਂਗ ਕੋਈ ਫੁਰਮਾਨ ਜਾਰੀ ਨਹੀਂ ਕੀਤਾ ਜਿਵੇਂ ਇਹ ਕਰਦੇ ਸਨ ਕਿ ਹਫਤੇ ਵਿੱਚ ਸਿਰਫ ਤਿੰਨ ਦਿਨ ਚਲਾਉਣੀ ਹੈ ਅਤੇ ਬਾਕੀ ਚਾਰ ਦਿਨ ਇੰਡਸਟਰੀ ਬੰਦ ਰੱਖਣੀ ਹੈ ਜਾਂ ਇਕ ਦਿਨ ਛੱਡ ਕੇ ਚਲਾਓ। ਇੰਡਸਟਰੀ ਵਾਲੇ ਵੀ ਖੁਸ਼ ਹਨ। ਘਰਾਂ ਨੂੰ ਮਿਲਣ ਵਾਲੀ ਬਿਜਲੀ ਸਪਲਾਈ ਵੀ ਫਰੀ ਕੀਤੀ ਹੈ ਜਿਸ ਨਾਲ 87% ਘਰਾਂ ਨੂੰ ਬਿਜਲੀ ਦਾ ਬਿਲ ਜ਼ੀਰੋ ਆਇਆ ਹੈ। ਇਸ ਦਾ ਕਾਰਨ ਇਹ ਹੈ ਕਿ ਸਾਡੀ ਨੀਅਤ ਸਾਫ ਹੈ। ਅਸੀਂ ਸਾਲ 2015 ਤੋਂ ਬੰਦ ਪਈ ਝਾੜਖੰਡ ਵਾਲੀ ਕੋਲੇ ਦੀ ਖਾਨ ਚਲਵਾਈ ਹੈ। ਜਿਥੋਂ ਅਸੀਂ 30 ਲੱਖ ਟਨ ਕੋਲਾ ਕੱਢ ਕੇ ਲਿਆਉਣਾ ਹੈ। ਇਸ ਦੇ ਨਾਲ ਹੀ ਰੋਪੜ ਅਤੇ ਲਹਿਰਾ ਮੁਹੱਬਤ ਦੇ ਥਰਮਲ ਪਲਾਂਟਾਂ ਤੋਂ 83% ਜ਼ਿਆਦਾ ਬਿਜਲੀ ਪੈਦਾ ਕੀਤੀ ਹੈ। ਜਦਕਿ ਪਹਿਲੀਆਂ ਸਰਕਾਰਾਂ ਵੇਲੇ ਇਹੀ ਖਬਰ ਆਉਂਦੀ ਸੀ : ਇਕ ਦਿਨ ਦਾ ਕੋਲਾ ਰਹਿ ਗਿਆ ਹੈ, ਦੋ ਯੂਨਿਟ ਬੰਦ। ਦੋ ਦਿਨ ਦਾ ਕੋਲਾ ਰਹਿ ਗਿਆ ਹੈ, ਯੂਨਿਟ ਬੰਦ। ਇਹ ਗੱਲ ਹੁਣ ਪਾਸਟ ਹੋ ਗਈ ਹੈ।

ਸਪੀਕਰ ਸਾਹਿਬ, ਸੈਂਟਰ ਨੇ ਸਾਨੂੰ ਫੁਰਮਾਨ ਜਾਰੀ ਕਰ ਦਿੱਤਾ ਕਿ ਤੁਸੀਂ ਉੜੀਸ਼ਾ ਵਿੱਚ ਮਹਾਂਨਦੀ ਕੋਲ ਮਾਈਨ ਤੋਂ ਸਿੱਧਾ ਰੇਲ ਰਾਹੀਂ ਕੋਲਾ ਨਹੀਂ ਲਿਆਉਣਾ, ਪਹਿਲਾਂ ਤੁਸੀਂ ਪਰਾਦੀਪ ਦੀ ਬੰਦਰਗਾਹ ਤੇ ਸਮੁੰਦਰੀ ਜਹਾਜ ਵਿੱਚ ਲੱਦ ਕੇ ਸ਼੍ਰੀਲੰਕਾ ਉਪਰੋਂ ਲੰਘਾ ਕੇ ਮੁੰਦਰਾ ਪੋਰਟ ਤੋਂ ਟ੍ਰੇਨ ਰਾਹੀਂ ਲੈ ਕੇ ਆਓ। ਮੈਂ ਇਸ ਬਾਰੇ ਬਿਜਲੀ ਮੰਤਰੀ ਅਤੇ ਕੋਲਾ ਮੰਤਰੀ ਕੋਲ ਜਾ ਕੇ ਸਖਤ ਇਤਰਾਜ਼ ਕੀਤਾ ਕਿ ਇਹ ਤੁਸੀਂ ਕਿਹੜਾ ਨਵਾਂ ਰੂਟ ਕੱਢ ਲਿਆ ਕਿ ਜੇ ਉੜੀਸ਼ਾ ਤੋਂ ਪੰਜਾਬ ਨੂੰ ਆਉਣਾ ਹੋਵੇ ਤਾਂ ਵਾਇਆ ਸ਼੍ਰੀ ਲੰਕਾ ਆਉਣਾ ਪੈਂਦਾ ਹੈ। ਉਨ੍ਹਾਂ ਨੂੰ ਲੱਗਿਆ ਕਿ ਇਹ ਬਹੁਤ ਜ਼ਿਆਦਾ ਗਲਤ ਹੋ ਰਿਹਾ ਹੈ। ਸੋ, ਅਜਿਹਾ ਕੋਸ਼ਿਸ਼ਾਂ ਨਾਲ ਹੋਇਆ। ਜੇਕਰ ਮੈਂ ਬਿਆਨ ਦੇਣ ਲੱਗ ਜਾਵਾਂ ਜਾਂ ਇੱਥੇ ਕੋਈ ਪੁਲੀਟੀਕਲ ਬਵਾਲ ਖੜ੍ਹਾ ਕਰ ਦੇਵਾਂ ਜਿਵੇਂ ਵੱਡੇ ਬਾਦਲ ਸਾਹਿਬ ਸਾਰੀ ਜ਼ਿੰਦਗੀ ਇਹੀ ਕਹਿੰਦੇ ਰਹੇ ਕਿ ਸੈਂਟਰ ਵਾਲੇ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੇ ਹਨ। ਬਸ ਉਹ ਇਹੀ ਗੱਲ ਕਹੀ ਗਏ ਹਾਲਾਂਕਿ ਉਹ ਕਈ ਵਾਰ ਇਨ੍ਹਾਂ ਦੇ ਸਕੇ ਵੀ ਰਹੇ ਹਨ ਪਰ ਫੇਰ ਵੀ ਕਹੀ ਗਏ ਕਿ ਮਤਰੇਈ ਮਾਂ ਵਾਲਾ ਸਲੂਕ ਹੈ। ਮੈਂ ਕਿਹਾ ਸੀ ਕਿ ਇਹ ਗਲਤ ਗੱਲ ਹੈ, ਰੂਲ ਮੁਤਾਬਿਕ ਤੁਸੀਂ ਅਜਿਹਾ ਨਹੀਂ ਕਰ ਸਕਦੇ ਵਰਨਾ ਅਸੀਂ ਕਿਸੇ ਕੋਰਟ ਦਾ ਸਹਾਰਾ ਲਵਾਂਗੇ। ਫੇਰ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਚੁਆਇਸ ਹੈ, ਤੁਹਾਨੂੰ ਅਸੀਂ ਸਮੁੰਦਰੀ ਜਹਾਜ ਵਾਲੇ ਰਸਤੇ ਜਾਣ ਨੂੰ ਮਜਬੂਰ ਨਹੀਂ ਕਰਾਂਗੇ।(ਥੰਪਿੰਗ)

ਸਪੀਕਰ ਸਾਹਿਬ, ਮਸਲਾ ਹੱਲ ਕਰਨਾ ਹੋਵੇ ਅਤੇ ਨੀਅਤ ਸਾਫ ਹੋਵੇ ਫੇਰ ਸਭ ਕੁਝ ਹੋ ਜਾਂਦਾ ਹੈ ਪਰ ਐਸ.ਵਾਈ.ਐਲ ਵਰਗਾ ਜੇਕਰ ਮਸਲਾ ਹੱਲ ਹੀ ਨਹੀਂ ਕਰਨਾ, ਵੋਟਾਂ ਲਈ ਵਰਤਣਾ ਕਿ ਪੰਜਾਬੀਓ! ਕੁਰਬਾਨੀ ਲਈ ਤਿਆਰ ਰਹੋ। ਇਕ ਨੇ ਐਸ.ਵਾਈ.ਐਲ ਵਾਸਤੇ ਸਰਵੇ ਕਰਨ ਦੀ ਇਜ਼ਾਜਤ ਦਿੱਤੀ ਤਾਂ ਬਦਲੇ ਵਿੱਚ ਉਸ ਦੇ ਗੁੜਗਾਵਾਂ ਵਿੱਚ ਹੋਟਲ ਚੱਲ ਰਹੇ ਹਨ। ਇਕ ਨੇ ਚਾਂਦੀ ਦੀ ਕਹੀ ਨਾਲ ਟੱਕ ਲਾਇਆ ਅਤੇ ਉਹ ਪਾਣੀ ਦੇ ਰਖਵਾਲੇ ਕਹਾਉਂਦੇ ਰਹੇ ਪਰ ਅਸਲੀ ਗੱਲ ਕਿਸੇ ਨੇ ਨਹੀਂ ਦੱਸੀ ਕਿ ਸਾਡੇ ਕੋਲ ਪਾਣੀ ਹੀ ਨਹੀਂ ਹੈ, ਅਸੀਂ ਕਿੱਥੋਂ ਦੇਈਏ? ਜਦੋਂ ਐਸ.ਵਾਈ.ਐਲ ਦੀ ਮੀਟਿੰਗ ਚਲਦੀ ਸੀ, ਮੈਂ ਮੰਤਰੀ ਸਾਹਿਬ ਨੂੰ ਕਿਹਾ ਕਿ ਜਿਥੋਂ ਸਤਲੁਜ ਸ਼ੁਰੂ ਹੁੰਦਾ ਹੈ ਅਤੇ ਜਿੱਥੇ ਤੱਕ ਜਾਂਦਾ ਹੈ, ਉਹ ਮੈਂ ਤੁਹਾਨੂੰ ਹੈਲੀਕਾਪਟਰ ਵਿੱਚ ਚੱਲ ਕੇ ਦਿਖਾਉਂਦਾ ਹਾਂ। ਅਸੀਂ ਸਤਲੁਜ ਉਪਰੋਂ ਜਾਵਾਂਗੇ ਅਤੇ ਜੇਕਰ ਤੁਹਾਨੂੰ ਕਿਸੇ ਪਾਸਿਓਂ ਵੀ ਉਹ ਦਰਿਆ ਲੱਗਿਆ ਤਾਂ ਆਪਾਂ ਗੱਲ ਕਰ ਲਵਾਂਗੇ। ਉਹ ਤਾਂ ਸੂਆ ਬਣਿਆ ਪਿਆ ਹੈ, ਉਸ ਵਿੱਚ ਪਾਣੀ ਹੀ ਨਹੀਂ ਹੈ, ਫੇਰ ਤੁਸੀਂ ਸਾਡੇ ਤੋਂ ਕਿਵੇਂ ਮੰਗ ਰਹੇ ਹੋ? ਉਹ ਕਹਿਣ ਲੱਗੇ ਕਿ ਇਸ ਦਾ ਕੀ ਹੱਲ ਹੈ? ਮੈਂ ਕਿਹਾ ਕਿ ਇਸ ਦੇ ਨਾਮ ਵਿੱਚ ਹੀ ਹੱਲ ਹੈ। ਐਸ.ਵਾਈ.ਐਲ ਦੀ ਬਜਾਏ ਵਾਈ.ਐਸ.ਐਲ ਕਰੋ, ਯਮੁਨਾ-ਸਤਲੁਜ ਲਿੰਕ ਕਰ ਦਿਓ। ਯਮੁਨਾ ਬੰਗਲਾ ਦੇਸ਼ ਤੱਕ ਡੁਬੋ ਦਿੰਦੀ ਹੈ। ਤੁਸੀਂ ਉਧਰੋਂ ਪਾਣੀ ਇੱਧਰ ਨੂੰ ਕਰ ਲਓ। ਅੱਜ ਕਲ੍ਹ ਤਾਂ ਲੋਕ ਚੰਦ ਤੇ ਨਹਿਰਾਂ ਲਿਜਾਉਣ ਨੂੰ ਫਿਰਦੇ ਹਨ। ਜੇਕਰ ਤੇਲੰਗਾਨਾ ਵਾਲੇ ਅੱਧਾ ਕਿਲੋਮੀਟਰ ਉਤਾਂਹ ਪਾਣੀ ਚੜ੍ਹਾ ਸਕਦੇ ਹਨ ਫੇਰ ਅਸੀਂ ਪਾਣੀ ਇੱਧਰ ਨਹੀਂ ਲਿਆ ਸਕਦੇ। ਤੁਸੀਂ ਸਾਡੇ ਸਤਲੁਜ ਨੂੰ ਵੀ ਪਾਣੀ

ਦਿਓ। ਫੇਰ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਅਜਿਹੇ ਜਵਾਬ ਦਿੱਤੇ ਹੀ ਨਹੀਂ ਗਏ ਹਨ। ਬਸ ਵੋਟਾਂ ਵੇਲੇ ਇਹ ਕਹਿੰਦੇ ਰਹੇ ਕਿ ਕੁਰਬਾਨੀਆਂ ਲਈ ਤਿਆਰ ਰਹਿਓ। ਉਨ੍ਹਾਂ ਨੂੰ ਕੁਰਬਾਨੀ ਦਾ ਮਤਲਬ ਹੀ ਨਹੀਂ ਪਤਾ ਲੱਗਿਆ। ਜਦੋਂ ਕਿਸਾਨਾਂ ਨੇ ਇੰਨੀ ਵੱਡੀ ਮੂਵਮੈਂਟ ਖੜ੍ਹੀ ਕਰ ਲਈ ਤਾਂ ਹਰਸਿਮਰਤ ਕੌਰ ਨੂੰ ਅਸਤੀਫਾ ਦੇਣਾ ਪਿਆ। ਬਾਅਦ ਵਿੱਚ ਕਹਿਣ ਲੱਗੇ ਕਿ ਉਸ ਦੀ ਕਿੰਨੀ ਵੱਡੀ ਕੁਰਬਾਨੀ ਹੈ, ਅਸਤੀਫਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਕੁਰਸੀ ਛੱਡਣ ਨੂੰ ਵੀ ਕੁਰਬਾਨੀ ਕਹਿਣ ਲੱਗ ਪਏ। ਸੋ, ਇੱਥੋਂ ਸਿੱਧ ਹੁੰਦਾ ਹੈ ਕਿ ਇਹ ਲੋਕ ਪੰਜਾਬ ਦੇ ਕਦੇ ਵੀ ਹਿਤੈਸ਼ੀ ਨਹੀਂ ਰਹੇ। ਅਸੀਂ ਜਿਹੜੇ ਵਾਅਦੇ ਕਰਦੇ ਹਾਂ, ਉਹ ਨਿਭਾਉਂਦੇ ਹਾਂ ਬਲਕਿ ਅਸੀਂ ਵਾਅਦਿਆਂ ਨੂੰ ਗਰੰਟੀ ਕਿਹਾ ਹੈ।

7.3.2023 ਕਕ ਮਸ 1.50

**वायदे निभाने के लिए होते हैं, जो टूट जाएँ वह वायदे नहीं होते**

**वायदे निभाने के लिए होते हैं, जो टूट जाएँ वह वायदे नहीं होते**

**इरादे कभी टूटा नहीं करते और जो टूट जाएँ वह इरादे नहीं होते।**

(ਥੰਪਿੰਗ)

ਸਪੀਕਰ ਸਾਹਿਬ, ਸਾਡੇ ਵਾਅਦੇ ਵੀ ਪੱਕੇ ਹਨ ਅਤੇ ਸਾਡੇ ਇਰਾਦੇ ਵੀ ਪੱਕੇ ਹਨ। ਹੁਣ ਇਨਵੈਸਟਮੈਂਟ ਦੀ ਗੱਲ ਕਰ ਲੈਂਦੇ ਹਾਂ। ਆਪੋਜੀਸ਼ਨ ਵਾਲੇ ਸਵਾਲ ਉਠਾਉਂਦੇ ਰਹਿੰਦੇ ਹਨ, ਚਲੋ ਜੀ, ਉਨ੍ਹਾਂ ਦਾ ਕੰਮ ਹੈ। ਆਹ ਪਿਆ ਹੈ ਜੀ ਸਾਰਾ ਚਿੱਠਾ (ਕਾਗਜ਼ਾਂ ਦੀ ਲਿਸਟ ਦਿਖਾਉਂਦੇ ਹੋਏ) ਪੰਜਾਬ ਦੇ ਵਿੱਚ ਕਿੰਨੇ ਇਨਵੈਸਟਰ ਇਨਵੈਸਟਮੈਂਟ ਵਾਸਤੇ ਆਏ ਹਨ, ਉਹ ਕਿੰਨੇ ਪੈਸੇ ਇਨਵੈਸਟ ਕਰ ਰਹੇ ਹਨ ਅਤੇ ਕਿੰਨੀਆਂ ਨੌਕਰੀਆਂ ਦੇਣਗੇ। ਇਸ ਵਿੱਚ ਜੇ ਮੈਂ ਟੌਪ ਤੋਂ ਪੜ੍ਹਦਾ ਹਾਂ ਤਾਂ ਇਹ 10 ਹਨ। ਟਾਟਾ ਸਟੀਲ ਕੰਪਨੀ ਲੁਧਿਆਣਾ ਵਿਖੇ ਆ ਰਹੀ ਹੈ ਜੀ। 'ਓਲਾਏ ਸਟੀਲ ਐਂਡ ਸਟੀਲ' ਇਨ੍ਹਾਂ ਦਾ ਸੈਕਟਰ ਨੇਮ ਹੈ। ਇਹ 2600 ਕਰੋੜ ਰੁਪਿਆ ਇਨਵੈਸਟ ਕਰਨਗੇ ਜੀ। ਜਿਸ ਨਾਲ 2500 ਮੁੰਡੇ ਕੁੜੀਆਂ ਨੂੰ ਉਥੇ ਕੰਮ ਮਿਲੇਗਾ। (ਥੰਪਿੰਗ) ਫਿਰ 'ਕਲੇਰ ਬਾਇਓ ਫਾਰਮਾ ਕੈਮ' ਹੈ ਜੀ। ਇਹ ਸ੍ਰੀ ਅੰਮ੍ਰਿਤਸਰ ਵਿਖੇ ਆ ਰਹੇ ਹਨ। ਇਹ ਰੀਅਲ ਅਸਟੇਟ ਹਾਊਸਿੰਗ ਐਂਡ ਇਨਫ੍ਰਾਸਟ੍ਰਕਚਰ ਵਿੱਚ ਹਨ। ਇਹ 2351 ਕਰੋੜ ਰੁਪਿਆ ਖਰਚ ਕਰ ਰਹੇ ਹਨ ਅਤੇ ਇਹ 78,020 ਨੌਕਰੀਆਂ ਦੇਣਗੇ। (ਥੰਪਿੰਗ) ਇਹ ਲਿਖਿਆ ਹੋਇਆ ਹੈ ਜੀ। ਅੱਗੇ 'ਸਨਾਤਨ ਪੌਲੀਟੈਕ' ਹੈ ਜੀ, 'ਸਨਾਤਨ ਪੌਲੀਗੋਟ ਟੈਕਸਟਾਈਲ ਕੰਪਨੀ' ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਹੈ। ਸ੍ਰੀ ਫਤਿਹਗੜ੍ਹ ਸਾਹਿਬ ਅਤੇ ਸਰਹੰਦ ਦੇ ਵਿਚਾਲੇ ਜਿੱਥੇ ਮੈਕਡੋਨਲਡ ਵਾਲੇ ਹਨ ਅਤੇ ਇੱਕ ਫੂਡ ਪਲਾਜ਼ਾ ਬਣਿਆ ਹੋਇਆ ਹੈ, ਉਸ ਦੀ ਬੈਕਸਾਈਡ ਤੇ ਉਨ੍ਹਾਂ ਨੇ ਜ਼ਮੀਨ ਲਈ ਹੈ। ਉਹ 1600 ਕਰੋੜ

ਰੁਪਿਆ ਇਨਵੈਸਟ ਕਰਨਗੇ ਅਤੇ ਉਥੇ 2900 ਬੰਦਿਆਂ ਨੂੰ ਨੌਕਰੀ ਮਿਲੇਗੀ ਜੀ। (ਥੰਪਿੰਗ) ਇੱਥੇ ਹੌਰੀਜਨ ਇਨਫ੍ਰਾਸਟ੍ਰਕਚਰ, ਇੱਥੇ ਫਰੈਡਨਬਰਗ ਆ ਗਿਆ ਹੈ ਜੀ, ਜਿਹੜੇ ਕਾਰਾਂ ਦੇ ਲੇਟੈਸਟ ਸੈਂਸਰ ਬਣਾਉਂਦੇ ਹਨ। ਇਹ ਮੋਰਿੰਡੇ ਕਲਾਸ ਦੇ ਨਾਲ ਹੈ ਜੀ। ਜੇ ਕਹੋ ਤਾਂ ਮੈਂ ਇਹ ਕਾਗਜ਼ ਹਾਊਸ ਦੇ ਟੇਬਲ ਤੇ ਜਮ੍ਹਾਂ ਕਰਵਾ ਸਕਦਾ ਹਾਂ। ਜਿਹੜੇ ਐਨਕਾਂ ਲਗਾ ਕੇ ਪੁੱਛਦੇ ਹਨ, ਉਹ ਡਾਕਟਰਾਂ ਤੋਂ ਐਨਕਾਂ ਦਾ ਨੰਬਰ ਆਦਿ ਵਧਾ ਕੇ ਇਸ ਨੂੰ ਪੜ੍ਹ ਲੈਣ ਤਾਂ ਕਿ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਅਸੀਂ ਸਿਰਫ ਇਨ੍ਹਾਂ ਵਾਂਗੂੰ ਇਕੱਲੀਆਂ ਖਜੂਰਾਂ ਦੇ ਪੇੜ ਲਗਾ ਕੇ ਇਨਵੈਸਟਮੈਂਟ ਸੁਮਿਟ ਨਹੀਂ ਕਰਵਾਉਂਦੇ। ਸਗੋਂ ਅਸੀਂ ਇੱਥੇ ਕੰਪਨੀਆਂ ਲੈ ਕੇ ਆਉਂਦੇ ਹਾਂ। ਅਸੀਂ ਅਸਲੀ ਗੱਲ ਕਰਦੇ ਹਾਂ, ਜੋ ਧਰਤੀ ਤੇ ਗੱਲ ਹੈ। ਅਸੀਂ ਝੂਠ ਨਹੀਂ ਬੋਲਦੇ। (ਥੰਪਿੰਗ)

ਸੋ, ਸਪੀਕਰ ਸਾਹਿਬ, ਹੁਣ ਮੈਂ ਐਂਟੀ ਕੁਰੱਪਸ਼ਨ ਦੇ ਮੁੱਦੇ ਤੇ ਗੱਲ ਕਰਦਾ ਹਾਂ, ਜੋ ਕੱਲ੍ਹ ਗੱਲ ਚੱਲੀ ਸੀ। ਜਿਸ ਨੇ ਵੀ past ਦੇ ਵਿੱਚ ਪੰਜਾਬ ਦਾ ਪੈਸਾ ਖਾਧਾ ਹੈ, ਇਸ ਦਾ ਮਤਲਬ ਕਿ ਕੀ ਉਸ ਨੂੰ ਮੁਆਫ ਦਰ ਦੇਈਏ ਜੀ? ਕਾਨੂੰਨ ਦੇ ਮੁਤਾਬਕ ਤਾਂ ਕਾਤਲ 20-20 ਸਾਲਾਂ ਬਾਅਦ ਵੀ ਫੜੇ ਜਾਂਦੇ ਹਨ ਕਿ ਇਸ ਨੇ 20 ਸਾਲ ਪਹਿਲਾਂ ਕਤਲ ਕੀਤਾ ਸੀ ਅਤੇ ਬਾਅਦ ਵਿੱਚ ਭੇਸ ਬਦਲ ਬਦਲ ਕੇ ਫਲਾਣੇ ਥਾਵੇਂ ਰਹਿੰਦਾ ਸੀ, ਪੁਲਿਸ ਨੇ ਉਥੋਂ ਲੱਭ ਲਿਆ। ਸਰ, ਜਿਹੜਾ ਪੰਜਾਬ ਦੇ ਖਜ਼ਾਨੇ ਦਾ ਨੁਕਸਾਨ ਹੋ ਗਿਆ, ਜੇ ਇਹ ਸੱਤਾ ਤੋਂ ਬਾਹਰ ਹੋ ਗਏ, ਇਸ ਦਾ ਮਤਲਬ ਇਹ ਤਾਂ ਨਹੀਂ ਹੋ ਗਿਆ ਕਿ ਜਿੰਨੇ ਅਸੀਂ ਖਾ ਗਏ ਤਾਂ ਖਾ ਗਏ, ਬੱਸ ਇਹ ਲੌਕ ਅੱਪ ਕਰ ਦਿਉ। ਸਪੀਕਰ ਸਾਹਿਬ, ਇਹ ਨਹੀਂ ਹੋਵੇਗਾ। ਸੋ, ਜਿਹੜੀ ਸਾਡੀ ਐਂਟੀ ਕੁਰੱਪਸ਼ਨ ਮੂਵਮੈਂਟ ਹੈ, ਉਹ ਜਾਰੀ ਰਹੇਗੀ। ਜਿਹੜੇ ਇਸ ਵਿੱਚ ਵੱਡੇ ਵੱਡੇ ਰਸੂਖਦਾਰ ਸ਼ਾਮਲ ਸੀ, ਉਹ ਵੀ ਫੜੇ ਜਾਣਗੇ। (ਥੰਪਿੰਗ) ਅਤੇ ਨਾਲ ਜਿਹੜੇ ਕੋਈ ਹੋਰ ਹਨ, ਉਹ ਵੀ ਫੜੇ ਜਾ ਰਹੇ ਹਨ (ਥੰਪਿੰਗ)। ਮੈਂ ਇਸ ਹਾਊਸ ਵਿੱਚ ਸੱਚੇ ਦਿਲੋਂ ਬੋਲ ਰਿਹਾ ਹਾਂ ਕਿ ਜਦੋਂ ਵੀ ਕਿਸੇ ਕਿਸਮ ਦੀ ਕੁਰੱਪਸ਼ਨ ਦੇ ਕੇਸ ਵਿੱਚ ਕਿਸੇ ਨੂੰ ਫੜਨ ਦਾ ਆਰਡਰ ਹੁੰਦਾ ਹੈ ਜਾਂ ਫੇਰ ਉਹ ਫੜਿਆ ਜਾਂਦਾ ਹੈ ਤਾਂ ਮੇਰੇ ਵਲੋਂ ਕੋਈ ਡਾਇਰੈਕਸ਼ਨ ਨਹੀਂ ਹੁੰਦੀ ਕਿ ਫਲਾਣੀ ਪਾਰਟੀ ਦੇ ਨੂੰ ਫੜ ਲਵੋ ਅਤੇ ਫਲਾਣੀ ਪਾਰਟੀ ਦੇ ਬੰਦੇ ਨੂੰ ਛੱਡ ਦਿਉ। ਮੇਰੇ ਮੁਤਾਬਿਕ ਤਾਂ ਇਹ ਹੈ ਕਿ ਜਿਹੜੇ ਬੰਦੇ ਨੇ ਪੰਜਾਬ ਦਾ ਇੱਕ ਵੀ ਰੁਪਿਆ ਕੁਰੱਪਸ਼ਨ ਦੇ ਤੌਰ ਤੇ ਖਾਧਾ ਹੈ, ਉਹ ਭਾਵੇਂ ਸਾਡਾ ਹੈ, ਭਾਵੇਂ ਉਨ੍ਹਾਂ ਦਾ ਹੈ, ਭਾਵੇਂ ਇਨ੍ਹਾਂ ਦਾ ਹੈ, ਭਾਵੇਂ ਕੋਈ ਵੀ ਹੈ, ਉਸ ਨੂੰ ਫੜ ਲਵੋ। ਉਸ ਤੋਂ ਹਿਸਾਬ ਲਵੋ। (ਥੰਪਿੰਗ) Because Charity begins at home, Sir. ਜੇ ਆਪਣੇ ਘਰੇ ਵੀ ਕੂੜਾ ਹੈ ਤਾਂ ਫਿਰ ਚੋਣ ਨਿਸ਼ਾਨ ਸਾਡਾ ਝਾੜੂ ਹੀ ਹੈ ਜੀ। ਉਹ ਆਪਣੇ ਘਰੇ ਵੀ ਚਲਦਾ ਹੈ। ਸੋ, ਇਸ ਕਰਕੇ ਠੀਕ ਹੈ, 'ਤੱਕੜੀ' ਨੇ ਨਹੀਂ ਸਹੀ ਤੋਲਿਆ, ਉਸ ਦੇ ਵਿੱਚ ਬਹੁਤ ਵੱਡਾ ਪਾਸਕ ਸੀ। ਜਿਹੜਾ 'ਪੰਜਾ' ਸੀ ਉਹ ਥੱਪੜ ਬਣ ਕੇ ਰਹਿ ਗਿਆ ਪਰ ਸਾਡਾ ਜਿਹੜਾ ਝਾੜੂ ਹੈ, ਉਸ ਵਿਚੋਂ ਇੱਕ-ਦੋ ਤੀਲੇ ਨਿਕਲ ਵੀ ਜਾਂਦੇ ਹਨ, ਇੱਧਰ-ਉਧਰ ਹੋ ਜਾਂਦੇ ਹਨ ਪਰ ਝਾੜੂ ਸਫਾਈ ਕਰਦਾ ਰਹਿੰਦਾ ਹੈ। ਅਜਿਹੀ ਕੋਈ ਗੱਲ ਨਹੀਂ ਹੈ। ਜਿਹੜੇ

ਤੀਲੇ ਨਿਕਲਦੇ ਹਨ, ਉਹ ਕਮਜ਼ੋਰ ਹੀ ਹੁੰਦੇ ਹਨ, ਉਹ ਵਧੀਆ ਵਾਸਤੇ ਹੀ ਹੁੰਦੇ ਹਨ, ਉਸ ਦੇ ਨਾਲ ਝਾੜੂ ਤਕੜਾ ਹੋ ਜਾਂਦਾ ਹੈ।

ਸੋ, ਸਪੀਕਰ ਸਾਹਿਬ, ਇੱਥੇ ਰੇਤ ਮਾਫੀਆ ਦੀ ਗੱਲ ਚੱਲੀ ਹੈ। ਮੇਰੇ ਮਨਿਸਟਰ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਜੀ ਇੱਥੇ ਬੈਠੇ ਹਨ। ਅਸੀਂ ਪਬਲਿਕ ਮਾਈਨਾਂ ਸ਼ੁਰੂ ਕਰ ਦਿੱਤੀਆਂ। ਅਸੀਂ 50 ਤੱਕ ਇਹ ਲੈ ਗਏ ਹਾਂ ਅਤੇ 150 ਤੱਕ ਲੈ ਕੇ ਜਾਣੀਆਂ ਹਨ। ਸਰ, ਪਬਲਿਕ ਮਾਈਨ ਦਾ ਕੀ ਮਤਲਬ ਹੈ ਕਿ ਉਹ ਮੈਨੂਅਲ ਮਾਈਨਾਂ ਹਨ। ਉਹ ਮੈਨੂਅਲ ਖੱਡਾਂ ਹਨ, ਉਥੇ ਜੇ.ਸੀ.ਬੀ. ਅਤੇ ਟਿੱਪਰ ਨਹੀਂ ਜਾ ਸਕਦੇ। ਹੱਥਾਂ ਨਾਲ ਭਰ ਕੇ ਲੈ ਜਾਵੋ, ਉਹ ਮੈਨੂਅਲ ਹਨ। ਅਸੀਂ ਇਨ੍ਹਾਂ ਲਈ ਸਾਢੇ 5 ਰੁਪਏ ਪ੍ਰਤੀ ਫੁੱਟ ਰੇਟ ਕਰ ਦਿੱਤਾ ਤਾਂ ਲੋਕ ਟਰਾਲੀਆਂ ਲੈ ਕੇ ਆ ਗਏ। ਲੇਬਰ ਨੂੰ ਕੰਮ ਮਿਲ ਗਿਆ ਅਤੇ ਖੱਡਾਂ ਤੇ ਮੇਲਾ ਲੱਗ ਗਿਆ। ਮੈਂ ਕੱਲ੍ਹ ਇਹੀ ਸਵਾਲ ਪੁੱਛ ਰਿਹਾ ਸੀ ਕਿ ਇਹ ਖੱਡਾਂ ਪਹਿਲਾਂ ਕਿਉਂ ਨਹੀਂ ਚਲੀਆਂ? ਅਸੀਂ ਇਨ੍ਹਾਂ ਵਾਸਤੇ ਕੋਈ ਨਵਾਂ ਐਕਟ ਥੋੜ੍ਹਾ ਬਣਾਇਆ ਹੈ ਜੀ ਕਿ ਇਨ੍ਹਾਂ ਨੂੰ ਪਬਲਿਕ ਖੱਡਾਂ ਡਿਕਲੇਅਰ ਕਰ ਦਿਉ। ਮੰਤਰੀ ਸਾਹਿਬ, ਇਹ ਪਹਿਲਾਂ ਤੋਂ ਹੀ ਡਿਕਲੇਅਰ ਸੀ?

**ਜਲ ਸਰੋਤ ਮੰਤਰੀ (ਬੈਠੇ-ਬੈਠੇ):** ਇਨ੍ਹਾਂ ਨੇ ਖੋਲ੍ਹੀਆਂ ਨਹੀਂ ਸੀ।

ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ/1.55/07.03.2023

**ਮੁੱਖ ਮੰਤਰੀ:** ਇਨ੍ਹਾਂ ਨੇ ਖੱਡਾਂ ਖੋਲੀਆਂ ਨਹੀਂ, ਇਹ ਖੋਲ ਸਕਦੇ ਸੀ। ਇਹ ਉਨ੍ਹਾਂ ਦੇ ਬਰਾਬਰ ਕਮਰਸ਼ੀਅਲ ਖੱਡਾਂ ਅਲਾਓ ਕਰ ਦਿੰਦੇ ਸੀ। ਦਰਿਆ ਤਾਂ ਸਾਨੂੰ ਕੁਦਰਤ ਨੇ ਦਿੱਤੇ ਹਨ, ਇਹ 3 ਕਰੋੜ ਪੰਜਾਬੀਆਂ ਦੇ ਸਾਂਝੇ ਹਨ, ਇਹ ਕਿਸੇ ਪਰਿਵਾਰ ਦੇ ਥੋਹੜੀ ਹਨ। ਸੋ, ਅਸੀਂ ਰੇਤੇ ਵਿਚ ਮਾਫੀਆ ਦੇ ਲੱਕ ਨੂੰ ਤੋੜਿਆ ਹੈ। ਇਸ ਨੂੰ ਸਮਾਂ ਤਾਂ ਲੱਗਦਾ ਹੀ ਹੈ। ਰੇਤੇ ਵਿਚ ਹੁਣ ਪਾਰਦਰਸ਼ੀ ਕੰਮ ਹੋਵੇਗਾ। ਅਸੀਂ ਆਪਣੀ ਮਾਈਨਿੰਗ ਪਾਲਿਸੀ ਵਿਚ ਬਹੁਤ ਕਲੀਅਰ ਗੱਲ ਕਰ ਦਿੱਤੀ ਹੈ ਕਿ ਜਿੰਨੇ ਵੀ ਪੈਸੇ ਖਜ਼ਾਨੇ ਵਿਚ ਆਉਣਗੇ, ਓਨੇ ਹੀ ਘੱਟ ਨੇ। ਸੋ, ਜਿਨਾਂ ਅਸੀਂ ਖਜ਼ਾਨਾ ਭਰਾਂਗੇ, ਉਸ ਵਿਚ ਮਾਈਨਿੰਗ ਦਾ ਬਹੁਤ ਵੱਡਾ ਹਿੱਸਾ ਹੋਵੇਗਾ। ਅਸੀਂ ਇਹ ਪੈਸਾ ਲੋਕਾਂ ਤੇ ਹੀ ਲਾਉਣਾ ਹੈ, ਭਾਵੇਂ ਬਿਜਲੀ ਮੁਫ਼ਤ ਦੇ ਰੂਪ ਵਿਚ, ਭਾਵੇਂ ਮਹੱਲਾ ਕਲੀਨਿਕਾਂ ਦੇ ਰੂਪ ਵਿਚ, ਭਾਵੇਂ ਸਕੂਲ ਆਫ਼ ਐਮੀਨੈਂਸ ਦੇ ਰੂਪ ਵਿਚ, ਭਾਵੇਂ ਹਸਪਤਾਲਾਂ ਦੇ ਰੂਪ ਵਿਚ, ਭਾਵੇਂ ਸੜਕਾਂ ਦੇ ਰੂਪ ਵਿਚ। ਜਿਵੇਂ ਸਾਡੇ ਜਲ ਸਰੋਤ ਮੰਤਰੀ ਮੀਤ ਹੇਅਰ ਜੀ ਕਹਿ ਰਹੇ ਸੀ ਕਿ ਕੁੱਝ ਗਰੰਟੀਆਂ ਤਾਂ ਅਸੀਂ ਦਿੱਤੀਆਂ ਹੀ ਨਹੀਂ ਸੀ ਪਰ ਅਸੀਂ ਉਹ ਕੰਮ ਵੀ ਕਰ ਰਹੇ ਹਾਂ ਕਿਉਂਕਿ ਜੇ ਸਾਨੂੰ ਲੋਕਾਂ ਨੇ ਮੌਕਾ ਦਿੱਤਾ ਹੈ ਕਿ ਤੁਸੀਂ ਪੰਜਾਬ ਨੂੰ ਸੁਧਾਰੋ ਤਾਂ ਅਸੀਂ ਹਰ ਚੰਗਾ ਕੰਮ ਕਰਾਂਗੇ। ਇੱਥੇ ਸਾਰਾ ਮੀਡੀਆ ਬੈਠਾ ਹੈ, ਤੁਸੀਂ ਸੁਣਿਆ ਹੋਣਾ ਹੈ ਕਿ ਅਸੀਂ ਹੁਣ ਤੱਕ ਪੰਜ ਟੋਲ ਪਲਾਜ਼ੇ ਬੰਦ ਕਰ ਚੁੱਕੇ ਹਾਂ।

ਇਸ ਗੱਲ ਦੀ ਅਸੀਂ ਗਰੰਟੀ ਨਹੀਂ ਦਿੱਤੀ ਸੀ ਅਤੇ ਉਹ ਟੋਲ ਪਲਾਜ਼ੇ ਜਿਹੜੇ ਪਹਿਲਾਂ ਬੰਦ ਹੋ ਸਕਦੇ ਸੀ, ਜਿਨ੍ਹਾਂ ਨੇ ਐਗਰੀਮੈਂਟ ਬਰੀਚ ਕੀਤੇ ਸੀ ਪਰ ਉਨ੍ਹਾਂ ਨੂੰ ਐਕਸਟੈਂਸ਼ਨ ਮਿਲਦੀ ਰਹੀ, ਕਿਸੇ ਨੂੰ 533 ਦਿਨ ਹੋਰ ਦੇ ਦਿੱਤੇ, ਕਿਸੇ ਨੂੰ 416 ਦਿਨ ਹੋਰ ਦੇ ਦਿੱਤੇ। ਅਸੀਂ ਰੋਜ਼ ਟੋਲਾਂ ਤੋਂ ਲੰਘਦੇ ਹਾਂ ਪਰ ਕਦੇ ਕਿਸੇ ਨੇ ਪੁੱਛਿਆ ਕਿ ਇਹ ਟੋਲ ਕਦੋਂ ਖਤਮ ਹੋਣਾ ਹੈ। ਇਕ ਗੱਲ ਨੋਟ ਕਰਨ ਵਾਲੀ ਹੈ ਕਿ ਹਰ ਟੋਲ ਪਲਾਜ਼ੇ ਤੋਂ 20 ਕੁ ਮੀਟਰ ਪਹਿਲਾਂ ਰੇਟ ਲਿਸਟ ਦਾ ਬੋਰਡ ਲੱਗਿਆ ਹੁੰਦਾ ਹੈ। ਪੰਜਾਬ ਦੇ ਸਾਰੇ ਟੋਲ ਪਲਾਜ਼ਿਆਂ ਤੇ ਜਿੱਥੇ ਵੀ ਰੇਟ ਲਿਖੇ ਹੋਏ ਹਨ, ਉਹ ਓਰੀਜਨਲ ਸਿਆਹੀ ਵਿਚ ਨਹੀਂ ਲਿਖੇ ਗਏ, ਬਲਕਿ ਪਰਚੀਆਂ ਲਗਾਈਆਂ ਹੋਈਆਂ ਹਨ। ਰੇਟ ਘਟਾਉਣ ਵਾਸਤੇ ਪਰਚੀ ਨਹੀਂ ਲੱਗ ਸਕਦੀ। ਜੇ ਪਹਿਲਾਂ 45 ਰੁਪਏ ਰੇਟ ਸੀ ਤਾਂ ਉਸ ਨੂੰ 55 ਕਰ ਦਿੱਤਾ ਗਿਆ।ਇਹ ਰੇਟ ਬਾਅਦ ਵਿਚ ਵਧਾਏ ਗਏ ਹਨ। ਅਸੀਂ ਉਨ੍ਹਾਂ ਦੇ ਐਗਰੀਮੈਂਟ ਕਢਵਾਏ ਤਾਂ ਪਤਾ ਲੱਗਿਆ ਕਿ ਉਨ੍ਹਾਂ ਦੇ ਤਾਂ ਐਗਰੀਮੈਂਟ ਹੀ ਖਤਮ ਹੋ ਚੁੱਕੇ ਹਨ। ਸੋ, ਅਸੀਂ ਪੰਜਾਬ ਲਈ ਆਪਣੀ ਜ਼ਿੰਮੇਵਾਰੀ ਨਿਭਾਈ ਹੈ, ਲੋਕਾਂ ਤੇ ਕੋਈ ਅਹਿਸਾਨ ਨਹੀਂ ਕੀਤਾ। ਟਰਾਂਸਪੋਰਟ ਵਿਭਾਗ ਦੀ ਗੱਲ ਕਰੀਏ ਤਾਂ ਦਿੱਲੀ ਏਅਰਪੋਰਟ ਨੂੰ ਸਾਡੀਆਂ ਬੱਸਾਂ ਜਾਣ ਲੱਗੀਆਂ ਹਨ। ਸਾਡੇ ਟਰਾਂਸਪੋਰਟ ਮੰਤਰੀ ਜੀ ਬੈਠੇ ਹਨ। ਹਰ ਰੋਜ਼ ਕੋਈ ਨਾ ਕੋਈ ਈ-ਪਾਲਿਸੀ ਬਣ ਰਹੀ ਹੈ। ਅਸੀਂ ਕਾਰ ਡੀਲਰਾਂ ਨੂੰ ਆਥੋਰਾਈਜ਼ ਕਰ ਦਿੱਤਾ ਹੈ। ਜੇ ਤੁਸੀਂ ਨਵੀਂ ਕਾਰ ਲੈਣੀ ਹੈ ਤਾਂ ਸ਼ੋਅਰੂਮ ਵਿਚੋਂ ਹੀ ਤੁਸੀਂ ਮਨਪਸੰਦ ਨੰਬਰ ਚੁਣ ਸਕਦੇ ਹੋ, ਆਧਾਰ ਲਿੰਕ ਨੰਬਰ ਦਿਓ, 20 ਮਿੰਟਾਂ ਵਿਚ ਤੁਸੀਂ ਆਪਣੀ ਮਨਪਸੰਦ ਕਾਰ ਆਪਣੇ ਮਨਪਸੰਦ ਨੰਬਰ ਨਾਲ ਆਰ.ਸੀ. ਸਮੇਤ ਸ਼ੋਅਰੂਮ ਵਿਚੋਂ ਲੈ ਕੇ ਬਾਹਰ ਨਿਕਲੋਗੇ। ਤੁਹਾਨੂੰ ਆਰ.ਸੀ. ਵਾਸਤੇ ਦਫ਼ਤਰਾਂ ਦੇ ਧੱਕੇ ਖਾਣ ਦੀ ਲੋੜ ਨਹੀਂ, ਕਾਰਡ ਵਾਲੀ ਆਰ.ਸੀ. ਹਫ਼ਤੇ -10 ਦਿਨ ਬਾਅਦ ਬਾਇ ਪੋਸਟ ਤੁਹਾਡੇ ਘਰ ਪਹੁੰਚ ਜਾਵੇਗੀ। ਈ-ਲਰਨਿੰਗ ਲਾਇਸੈਂਸ ਅਸੀਂ ਸ਼ੁਰੂ ਕੀਤਾ ਹੈ। ਪਹਿਲਾਂ ਲੋਕਾਂ ਨੂੰ ਲਰਨਿੰਗ ਲਾਇਸੈਂਸ ਵਾਸਤੇ ਆਰ.ਟੀ.ਓ. ਦਫ਼ਤਰਾਂ ਦੇ ਬੜੇ ਧੱਕੇ ਖਾਣੇ ਪੈਂਦੇ ਸੀ। ਹੁਣ ਅਸੀਂ ਮੋਬਾਇਲ ਤੇ ਪੋਰਟਲ ਬਣਾ ਦਿੱਤਾ, ਐਪ ਖੋਲੋ, ਅਧਾਰ ਲਿੰਕ ਨੰਬਰ ਦਿਓ, ਸਵਾਲਾਂ ਦੇ ਜਵਾਬ ਦਿਓ, ਉੱਥੇ ਹੀ ਨਤੀਜਾ ਆਵੇਗਾ ਅਤੇ ਆਪਣਾ ਈ-ਲਰਨਿੰਗ ਲਾਇਸੈਂਸ ਪ੍ਰਿੰਟ ਕਰ ਲਓ। ਇਕ ਸਾਲ ਵਿਚ 7 ਲੱਖ ਬੰਦਾ ਲਰਨਿੰਗ ਲਾਇਸੈਂਸ ਲੈਣ ਵਾਸਤੇ ਦਫ਼ਤਰਾਂ ਵਿਚ ਜਾਂਦਾ ਹੁੰਦਾ ਸੀ ਅਤੇ ਉਨ੍ਹਾਂ ਦੇ ਲਗਭੱਗ 3 ਗੇੜੇ ਵੱਜਦੇ ਸੀ। ਅਸੀਂ 21 ਲੱਖ ਗੇੜੇ ਲੋਕਾਂ ਦੇ ਇਕ ਸਾਲ ਦੇ ਬਚਾ ਦਿੱਤੇ। (ਥੰਪਿੰਗ) ਅਸੀਂ ਰਜਿਸਟਰੀਆਂ ਦੇ ਰੇਟ ਵਿਚ ਵੀ ਢਾਈ ਫੀਸਦੀ ਦੀ ਕਮੀ ਕੀਤੀ ਹੈ। ਜੇ ਕਿਸੇ ਨੇ ਕਰੋੜ ਰੁਪਏ ਦੀ ਰਜਿਸਟਰੀ ਕਰਵਾਉਣੀ ਹੈ ਤਾਂ ਤੁਸੀਂ ਹਿਸਾਬ ਲਗਾਓ, ਉਸ ਦੇ ਕਿੰਨੇ ਪੈਸੇ ਬਚਣਗੇ। ਅਸੀਂ ਅਸ਼ਟਾਮ ਡਿਊਟੀ ਘਟਾਈ ਹੈ। ਇੱਥੇ ਸਰਦਾਰ ਮਨਪ੍ਰੀਤ ਸਿੰਘ ਇਆਲੀ ਜੀ ਬੈਠੇ ਹਨ, ਇਹ ਆਪਣੇ ਵਫ਼ਦ ਨੂੰ ਲੈ ਕੇ ਮੇਰੇ ਕੋਲ ਆਏ ਸੀ। ਇਨ੍ਹਾਂ ਦੀਆਂ ਮੰਗਾਂ ਕਾਫੀ ਹੱਦ ਤੱਕ ਜਾਇਜ਼ ਹਨ। ਐਨ.ਓ.ਸੀ. ਦੀ ਬਹੁਤ ਵੱਡੀ ਦਿੱਕਤ ਹੈ। ਅਸੀਂ ਉਸ ਵਿਚੋਂ 5 ਹਜ਼ਾਰ ਦੇ ਕਰੀਬ ਪਿੰਡ ਬਾਹਰ ਕੱਢ ਦਿੱਤੇ ਹਨ ਅਤੇ ਆਉਣ ਵਾਲੇ ਦਿਨਾਂ ਵਿਚ, ਸਾਡੇ ਮਕਾਨ

ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਜੀ ਕਹਿ ਰਹੇ ਹਨ ਕਿ ਹਫ਼ਤੇ-10 ਦਿਨਾਂ ਵਿਚ 5 ਹਜ਼ਾਰ ਤੋਂ ਜ਼ਿਆਦਾ ਹੋਰ ਪਿੰਡ ਵੀ ਇਸ ਵਿਚੋਂ ਬਾਹਰ ਕੱਢ ਦਿਆਂਗੇ। ਇਸ ਦੇ ਨਾਲ ਹੀ ਜਿਹੜੀ ਹਾਊਸਿੰਗ ਦੀ ਪਾਲਿਸੀ ਹੈ।

aman-shubham/2.00/7.3.23

ਅਸਲ ਵਿੱਚ ਜਿਹੜੇ ਸਹੀ ਕੰਮ ਕਰਦੇ ਹਨ, ਇੱਕ ਨੰਬਰ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਤਾਂ ਕੋਈ ਪ੍ਰਾਬਲਮ ਨਹੀਂ ਹੁੰਦੀ, ਉਨ੍ਹਾਂ ਨੇ ਤਾਂ ਕੰਮ ਕਰਨਾ ਹੈ। ਜਿਹੜੇ ਕੁਝ ਵਿੱਚ ਆ ਜਾਂਦੇ ਹਨ ਜਿਵੇਂ ਇੱਕ ਟੋਕਰੀ ਵਿੱਚ ਖਰਾਬ ਟਮਾਟਰ ਵੀ ਹੁੰਦੇ ਹਨ, ਜਿਹੜੇ ਅਸਲੀ ਕੰਮ ਕਰਦੇ ਹਨ, ਉਨ੍ਹਾਂ ਦਾ ਵੀ ਨੁਕਸਾਨ ਹੋ ਜਾਂਦਾ ਹੈ। ਸੋ, ਪਿਛਲੇ ਕਾਫੀ ਸਮੇਂ ਤੋਂ ਕੁਝ illegal colonies ਜਿਹੜੀਆਂ ਪੰਜਾਬ ਵਿੱਚ create ਹੋਈਆਂ, ਉਨ੍ਹਾਂ ਦੇ NOC ਦੇ ਵਿੱਚ ਲੋਕ ਫਸ ਜਾਂਦੇ ਹਨ, ਲੋਕ ਫਿਰ ਕਹਿੰਦੇ ਹਨ ਕਿ ਸਾਨੂੰ ਕਿਹੜਾ ਪਤਾ ਸੀ, ਅਸੀਂ ਕੀ ਕਰੀਏ ਜੀ, ਹੁਣ ਸਾਡੇ ਪੈਸੇ ਲੈ ਗਏ। ਸੋ, ਅਸੀਂ ਪਬਲਿਕ ਦਾ ਕੋਈ ਇਸ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੰਦੇ। ਆਉਣ ਵਾਲੇ ਦਿਨਾਂ ਵਿੱਚ ਲੋਕਾਂ ਦੇ ਜਿੰਨੇ ਵੀ real estate or illegal colonies ਦੇ ਵਿੱਚ ਪੈਸੇ ਫਸੇ ਪਏ ਹਨ, ਉਹ ਸਾਰੇ ਕਲੀਅਰ ਕਰਕੇ NOC ਦੀ ਸ਼ਰਤ ਅਸੀਂ ਹਟਾ ਦਿਆਂਗੇ ਤੇ ਇਸ ਤੋਂ ਬਾਅਦ ਜਿਹੜੀਆਂ ਕਲੋਨੀਆਂ ਬਣਨਗੀਆਂ ਉਹ ਪਰਾਪਰ ਪੁੱਡਾ ਐਪਰੂਵਡ, ਗਲਾਡਾ ਅਤੇ ਗਮਾਡਾ ਐਪਰੂਵਡ ਬਨਣਗੀਆਂ। Illegal Colony ਅਸੀਂ ਕੋਈ ਬਨਣ ਹੀ ਨਹੀਂ ਦੇਣੀ ਹੈ ਤਾਂ ਕਿ ਬਾਅਦ ਵਿੱਚ ਕਿਸੇ ਦਾ ਪੈਸਾ ਨਾ ਫਸੇ, mentally tension ਨਾ ਹੋਵੇ। ਘਰ ਇੱਕ ਵਾਰ ਬਣਦਾ ਹੈ, ਗਰੀਬ ਬੰਦੇ ਨੂੰ ਤਾਂ ਅੱਜਕਲ੍ਹ ਘਰ ਬਣਾਉਣਾ ਵੀ ਔਖਾ ਹੈ। ਪੰਜਾਬ ਸਰਕਾਰ ਬਿਲਕੁਲ ਲੋਕਾਂ ਦੇ ਨਾਲ ਖੜੇਗੀ।

ਸਰਕਾਰ ਨੇ ਇੱਕ ਨਵਾਂ ਕਦਮ ਚੁੱਕਿਆ ਹੈ "ਸਰਕਾਰ ਤੁਹਾਡੇ ਦੁਆਰ"। ਡਿਪਟੀ ਕਮਿਸ਼ਨਰਜ਼ ਨੂੰ ਆਰਡਰ ਕੀਤੇ ਗਏ ਹਨ ਕਿ ਆਪਣੇ ਸਾਰੇ ਏ.ਡੀ.ਸੀਜ਼, ਐਸ.ਡੀ.ਐਮਜ਼, ਤਹਿਸੀਲਦਾਰ, ਪਟਵਾਰੀਆਂ ਨੂੰ ਨਾਲ ਲੈ ਕੇ ਜਾਓ। 2-3 ਦਿਨ ਪਹਿਲਾਂ ਅਨਾਊਂਸਮੈਂਟ ਕਰੋ। ਵੱਡੇ ਪਿੰਡ ਵਿੱਚ ਪ੍ਰੋਗਰਾਮ ਰੱਖ ਦਿਓ। ਆਲੇ-ਦੁਆਲੇ ਦੇ ਪਿੰਡਾਂ ਦੇ ਵਿੱਚ ਵੀ ਅਨਾਊਂਸਮੈਂਟ ਕਰ ਦਿਓ ਕਿ ਇਸ ਪਿੰਡ ਦੇ ਵਿੱਚ, ਇਸ ਦਰਵਾਜ਼ੇ ਦੇ ਵਿੱਚ ਅਤੇ ਇਸ ਸੱਥ ਦੇ ਵਿੱਚ ਇਸ ਪਿੱਪਲ ਦੇ ਥੱਲੇ ਅਫਸਰ ਆਉਣਗੇ, ਜੇ ਕਿਸੇ ਨੂੰ ਕੋਈ ਜ਼ਰੂਰੀ ਕੰਮ ਹੈ ਤਾਂ ਇੱਥੇ ਆ ਜਾਓ। ਉਹ ਲੋਕ ਉਥੇ ਆਉਂਦੇ ਹਨ। ਜੇ ਕਿਸੇ ਦਾ ਕੋਈ ਪ੍ਰਮਾਣ ਪੱਤਰ ਬਣਾਉਣਾ, ਕਿਸੇ ਨੇ ਸਰਟੀਫਿਕੇਟ ਲੈਣਾ, ਸਾਰਾ ਕੁਝ computer ਦੇ ਵਿੱਚ ਹੁੰਦਾ ਹੈ। ਅੱਜਕੱਲ੍ਹ ਤਾਂ ਆਫਿਸ ਹੀ ਛੋਟਾ ਜਿਹਾ ਰਹਿ ਗਿਆ ਹੈ। ਡੀ.ਸੀ. ਦਾ ਆਫਿਸ ਵੀ ਛੋਟਾ ਜਿਹਾ ਰਹਿ ਗਿਆ ਹੈ। 2 ਕੰਪਿਊਟਰਾਂ ਨਾਲ ਸਾਰਾ ਕੰਮ ਹੋ ਜਾਂਦਾ ਹੈ। ਲੋਕ ਉਥੇ ਆਉਂਦੇ ਹਨ, ਜੇ ਕਿਸੇ ਨੇ ਕੋਈ ਆਧਾਰ ਲਿੰਕ ਕਰਵਾਉਣਾ ਹੈ, ਇੱਥੇ ਸਭ ਤੋਂ ਵੱਡੀ ਪ੍ਰਾਬਲਮ ਹੈ ਆਧਾਰ ਲਿੰਕ ਕਰਵਾਉਣਾ, ਪਿੰਡਾਂ ਦੇ ਲੋਕਾਂ ਨੂੰ ਬਜ਼ੁਰਗਾਂ ਨੂੰ ਜਾਂ ਜੋ ਘੱਟ ਪੜ੍ਹੇ-ਲਿਖੇ ਲੋਕ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਆਧਾਰ ਨਾਲ ਕੀ-ਕੀ ਲਿੰਕ ਕਰਵਾਉਣਾ ਹੈ। ਜਦੋਂ ਉਹ ਬੈਂਕ ਜਾਂਦੇ ਹਨ ਤਾਂ ਕਿਹਾ ਜਾਂਦਾ ਹੈ ਕਿ ਤੁਹਾਡਾ ਤਾਂ ਖਾਤਾ ਆਧਾਰ ਨਾਲ ਲਿੰਕ ਨਹੀਂ ਹੈ। ਜਦੋਂ ਉਹ ਪੈਨਸ਼ਨ ਲੈਣ

ਜਾਂਦੇ ਹਨ ਤਾਂ ਅੱਗੋ ਕਿਹਾ ਜਾਂਦਾ ਹੈ ਕਿ ਤੁਹਾਡਾ ਖਾਤਾ ਨਹੀਂ ਜੁੜਿਆ। ਪਿੰਡਾਂ ਦੇ ਵਿੱਚ ਜਿਹੜੇ ਤਹਿਸੀਲਦਾਰ ਅਤੇ ਡਿਪਟੀ ਕਮਿਸ਼ਨਰਜ਼ ਹਨ, ਹਫਤੇ ਵਿੱਚ ਘੱਟੋ-ਘੱਟ ਅਸੀਂ 2 ਦਿਨ ਦਾ ਟਾਰਗੈਟ ਰੱਖਿਆ, ਸਾਰੇ ਡੀ.ਸੀਜ਼ ਮੈਨੂੰ ਰਿਪੋਰਟ ਕਰਦੇ ਹਨ ਕਿ ਅਸੀਂ ਇਨ੍ਹਾਂ ਨਾਲ ਪਿੰਡਾਂ ਵਿੱਚ ਗਏ ਹਾਂ ਅਤੇ ਇੰਨੇ ਲੋਕਾਂ ਦੇ ਹੱਲ ਹੋਏ ਹਨ। ਉਨ੍ਹਾਂ ਦੇ ਨਾਲ ਐਮ.ਐਲ.ਏ ਸਾਹਿਬ ਵੀ ਜਾਂਦੇ ਹਨ। ਜੇ ਕਿਸੇ ਦਾ ਕੋਈ ਕਾਗਜ਼ ਘੱਟ ਹੈ ਤਾਂ ਉਥੇ ਹੀ ਐਮ.ਐਲ.ਏ ਸਾਹਿਬ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਪਰਸੋਂ ਨੂੰ ਜਾਂ ਕੱਲ੍ਹ ਨੂੰ ਕਾਗਜ਼ ਲੈ ਕੇ ਉੱਥੇ ਪਹੁੰਚੋ। ਇਹੀ ਡਿਊਟੀ ਐਮ.ਐਲ.ਏ ਦੀ ਹੈ, ਇਹੀ ਡਿਊਟੀ bureaucrats ਦੀ ਹੈ ਕਿ ਤੁਸੀਂ ਲੋਕਾਂ ਕੋਲ ਜਾ ਕੇ ਉਨ੍ਹਾਂ ਦੇ ਕੰਮ ਕਰੋ। ਜਦੋਂ ਨਵੇਂ ਮੁੰਡੇ ਕੁੜੀਆਂ IAS or IPS ਚੁਣੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਸਿੱਧਾ ਕੋਈ SSP ਨਹੀਂ ਲਗਾਉਂਦਾ। ਉਹ ਸਿੱਧੇ ਹੀ ਵੱਡੀਆਂ ਪੋਸਟਾਂ ਤੇ ਨਹੀਂ ਆਉਂਦੇ। ਪਹਿਲਾਂ ਉਨ੍ਹਾਂ ਦੀਆਂ ਡਿਊਟੀਆਂ ਪਿੰਡਾਂ ਵਿੱਚ ਲੱਗਦੀਆਂ ਕਿ ਪਹਿਲਾਂ ਜਾ ਕੇ ਦੇਖੋ ਕਿ ਮੁਸ਼ਕਲਾਂ ਕਿਸ ਤਰ੍ਹਾਂ ਦੀਆਂ ਹਨ। ਤੁਸੀਂ ਕਲ੍ਹ ਨੂੰ ਡੀ.ਸੀ ਬਨਣਾ ਹੈ, ਤੁਹਾਨੂੰ ਇਸ ਮੁਸ਼ਕਲ ਦਾ ਪੱਕਾ ਪਤਾ ਹੋਵੇ ਕਿ ਕੀ ਮੁਸ਼ਕਲ ਹੈ? ਸੋ ਇਸੇ ਕਰਕੇ ਜੇ ਪਹਿਲਾਂ ਡਿਊਟੀਆਂ ਪਿੰਡਾਂ ਵਿੱਚ ਲੱਗਦੀਆਂ ਹਨ ਤਾਂ ਬਾਅਦ ਵਿੱਚ ਕਿਉਂ ਨਹੀਂ ਲੱਗ ਸਕਦੀਆਂ। ਇਹੀ ਹਾਲ ਸਾਡਾ ਰਾਜਨੀਤਿਕ ਲੋਕਾਂ ਦਾ ਹੈ। ਜਦੋਂ ਵੋਟਾਂ ਹੁੰਦੀਆਂ ਉਦੋਂ ਅਸੀਂ ਕੋਠੇ ਵੀ ਨਹੀਂ ਛੱਡਦੇ, ਢਾਣੀਆਂ ਵੀ ਨਹੀਂ ਛੱਡਦੇ, door to door ਵੀ knock ਕਰਦੇ ਹਾਂ ਤੇ ਪਿੰਡਾਂ ਵਿੱਚ ਰੈਲੀਆਂ ਕਰਦੇ ਹਾਂ। ਉਸ ਸਮੇਂ ਜੇ ਕੋਈ ਕਹੇ ਪਰਲੇ ਪਾਸੇ ਇੱਕ ਹੋਰ ਰੈਲੀ ਕਰ ਜਾਓ, ਅਸੀਂ ਉਹ ਵੀ ਕਰ ਦਿੰਦੇ ਹਾਂ। ਜਦੋਂ ਅਸੀਂ ਜਿੱਤ ਜਾਂਦੇ ਹਾਂ ਉਦੋਂ ਅਸੀਂ ਲੋਕਾਂ ਨੂੰ ਕਹਿੰਦੇ ਹਾਂ ਕਿ ਚੰਡੀਗੜ੍ਹ ਆ ਜਾਓ। ਅਸੀਂ ਚੰਡੀਗੜ੍ਹ ਨੂੰ ਪੰਜਾਬ ਦੇ ਘਰ-ਘਰ ਤੱਕ ਪਹੁੰਚਾਵਾਂਗੇ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਕੀ ਚੰਡੀਗੜ੍ਹ ਆਉਣਾ ਸੌਖਾ ਪਿਆ ਹੈ? ਜਿਹੜਾ ਦਿਹਾੜੀਦਾਰ ਹੈ, hand to mouth ਹੈ, ਉਸ ਦਾ ਚੰਡੀਗੜ੍ਹ ਆਉਣ ਦਾ ਮਤਲਬ ਇਹ ਹੈ ਕਿ ਉਸ ਦੇ ਘਰ ਸ਼ਾਮ ਨੂੰ ਰੋਟੀ ਨਹੀਂ ਪੱਕੇਗੀ। ਉਹ ਕਿਵੇਂ ਆਏਗਾ? ਬੱਸ ਕਰੇਗਾ ਜਾਂ 5-7 ਬੰਦੇ ਗੱਡੀ ਕਰਨਗੇ, ਕਿੰਨਾ ਜ਼ਿਆਦਾ ਖਰਚਾ ਹੈ, ਉਹ ਕਿਉਂ ਇੰਨਾਂ ਖਰਚਾ ਕਰਨ? ਜਿਹੜੇ ਕੰਮ ਫੋਨ ਰਾਹੀਂ, ਤਕਨਾਲੋਜੀ ਮੁਤਾਬਿਕ ਹੁੰਦੇ ਹੋਣ ਅਸੀਂ ਉਸ ਵਾਸਤੇ ਉਨ੍ਹਾਂ ਦੇ ਗੇੜੇ ਕਿਉਂ ਮਰਵਾਈਏ। ਅਸੀਂ ਆਪ ਜਾਵਾਂਗੇ, ਸਾਡੇ ਐਮ.ਐਲ.ਏਜ਼ ਹਰ ਰੋਜ਼ ਪਿੰਡਾਂ ਦੇ ਵਿੱਚ ਜਾਂਦੇ ਹਨ, ਮੁਸ਼ਕਲਾਂ ਦਾ ਹੱਲ ਕਰਦੇ ਹਨ। ਜੇ ਮੌਕੇ ਤੇ ਹੱਲ ਹੁੰਦਾ ਹੈ ਤਾਂ ਅਫਸਰਾਂ ਨੂੰ ਕਹਿ ਕੇ ਕਰਵਾਇਆ ਜਾਂਦਾ ਹੈ। ਮੈਂ ਪ੍ਰਸਾਸ਼ਨ ਦਾ ਵੀ ਬਹੁਤ ਧੰਨਵਾਦ ਕਰਦਾ ਹਾਂ ਕਿ ਉਹ ਇਸ ਮਾਮਲੇ ਵਿੱਚ ਸਹਿਯੋਗ ਦੇ ਰਹੇ ਹਨ। ਵੈਸੇ ਵੀ ਸਰ, ਏ.ਸੀ. ਕਮਰੇ ਵਿੱਚ ਉਹੀ ਹਵਾ rotate ਹੋਈ ਜਾਂਦੀ ਹੈ। ਅਫਸਰਾਂ ਨੂੰ ਪਿੰਡਾਂ ਵਿੱਚ ਖੁੱਲੀ ਆਕਸੀਜਨ ਵੀ ਮਿਲੇਗੀ। ਸਾਡੇ ਪਿੰਡਾਂ ਵਿੱਚ ਕਈ ਬਜ਼ੁਰਗ ਲੋਕਾਂ ਨੇ ਤਾਂ ਡੀ.ਸੀ. ਦੇਖਿਆ ਹੀ ਨਹੀਂ ਹੁੰਦਾ, ਜਦੋਂ ਉਹ ਦੇਖਦੇ ਹਨ ਤਾਂ ਖੁਸ਼ ਹੁੰਦੇ ਹਨ ਕਿ ਡੀ.ਸੀ ਨੂੰ ਨੇੜਿਓ ਦੇਖ ਲਿਆ, ਡੀ.ਸੀ ਇਹੋ ਜਿਹਾ ਹੁੰਦਾ ਹੈ। ਕਈ ਲੋਕਾਂ ਨੇ ਤਾਂ ਇੱਕਲੇ ਨਾਮ ਹੀ ਸੁਣੇ ਹੁੰਦੇ ਹਨ। ਲੋਕਾਂ ਨੂੰ ਇਸ ਗੱਲ ਦੀ ਖੁਸ਼ੀ ਹੋਣੀ ਚਾਹੀਦੀ ਹੈ ਅਸੀਂ ਲਾਈਨ ਵਿੱਚ

ਲੱਗ ਕੇ ਇਸ ਸਰਕਾਰ ਨੂੰ ਵੋਟ ਵਾਈ ਸੀ। ਇੱਕ ਵਾਰੀ ਹੁਣ ਲੋਕਾਂ ਨੇ ਲਾਈਨ ਵਿੱਚ ਲੱਗ ਕੇ ਸਾਨੂੰ ਵੋਟਾਂ ਪਾ ਦਿੱਤੀਆਂ, ਮੈਂ ਹੁਣ ਉਨ੍ਹਾਂ ਨੂੰ ਕਿਸੇ ਹੋਰ ਲਾਈਨ ਵਿੱਚ ਨਹੀਂ ਲਗਾਉਣਾ ਚਾਹੁੰਦਾ। ਲੋਕ ਰਾਸ਼ਨ ਕਾਰਡ ਵਾਸਤੇ ਵਿਧਵਾ ਪੈਨਸ਼ਨ ਵਾਸਤੇ ਲਾਈਨ ਵਿੱਚ ਖੜ੍ਹਦੇ ਹਨ ਪਰ ਅਸੀਂ ਸਾਰੀਆਂ ਸਰਵਿਸਿਜ਼ door to door ਸ਼ੁਰੂ ਕਰ ਰਹੇ ਹਾਂ।

ਤ.ਸ./ਸ਼.ਜ. /2.05 / 07.03.2023 1

ਬੁਢਾਪਾ ਪੈਨਸ਼ਨ ਸਾਡੀ ਬਹੁਤ ਕਮਾਲ ਦੀ ਸਕੀਮ ਹੈ। ਇਸ ਵਿੱਚ ਕੀ ਕਰਾਂਗੇ ਕਿ ਦੋ ਜਣੇ ਘਰੇ ਜਾਣਗੇ, ਉਨ੍ਹਾਂ ਕੋਲ ਬੈਂਕ ਦੀ ਲਿਸਟ ਹੋਵੇਗੀ ਅਤੇ ਉਨ੍ਹਾਂ ਕੋਲ ਬਾਇਓਮੀਟਰਿਕ ਯੰਤਰ ਹੋਵੇਗਾ, ਜਿਸ ਤੇ ਅੰਗੂਠਾ ਲਗਵਾਇਆ ਜਾਂਦਾ ਹੈ। ਉਹ ਘਰ ਜਾਣਗੇ। ਘਰੇ ਮੰਜੇ ਤੇ ਬੇਬੇ-ਬਾਪੂ ਪਏ ਹੋਣਗੇ, ਉਨ੍ਹਾਂ ਦਾ ਅੰਗੂਠਾ ਲਗਵਾ ਕੇ ਉਨ੍ਹਾਂ ਦੀ ਪੈਨਸ਼ਨ ਉਨ੍ਹਾਂ ਦੇ ਹੱਥ ਵਿੱਚ ਫੜਾ ਦਿੱਤੀ ਜਾਵੇਗੀ। ਇਸ ਨਾਲ ਇੱਕ ਹੋਰ ਸੋਸ਼ਲ ਸਮੱਸਿਆ ਹੱਲ ਹੋਵੇਗੀ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਹੀ ਇੱਕੋ ਜਿਹੇ ਹੁੰਦੇ ਹਨ, ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਕਈ ਸਪੁੱਤਰ ਵੀ ਹੁੰਦੇ ਹਨ, ਸਰਵਣ ਪੁੱਤ ਵੀ ਹਨ ਜਿਹੜੇ ਮਾਂ ਪਿਉ ਦੀ ਸੇਵਾ ਕਰਦੇ ਹਨ। ਪਰ ਕਈ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਵੀ ਹਨ ਕਿ ਬੇਬੇ-ਬਾਪੂ ਤੋਂ ਅੰਗੂਠਾ ਲਗਵਾ ਲੈਂਦੇ ਹਨ, ਪੈਨਸ਼ਨ ਕਢਵਾ ਲੈਂਦੇ ਹਨ ਪਰ ਉਨ੍ਹਾਂ ਨੂੰ ਦਿੰਦੇ ਨਹੀਂ ਹਨ। ਸੋ, ਇਹ ਸਮੱਸਿਆ ਉਦੋਂ ਹੱਲ ਹੋਵੇਗੀ ਜਦੋਂ ਅਸੀਂ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਨੂੰ ਪੈਸੇ ਦੇਵਾਂਗੇ। ਬੇਬੇ-ਬਾਪੂ ਭਾਵੇਂ ਖੱਬੇ ਹੱਥ ਰਾਹੀਂ ਫੜਾ ਦੇਣ ਤਾਂ ਸਾਨੂੰ ਕੋਈ ਮਤਲਬ ਨਹੀਂ ਪਰ ਅਸੀਂ ਲਾਭਪਾਤਰੀਆਂ ਨੂੰ ਹੀ ਪੈਸੇ ਦੇਵਾਂਗੇ।

ਇਸੇ ਤਰ੍ਹਾਂ ਹੀ ਨਰੇਗਾ, ਮਨਰੇਗਾ ਵਿੱਚ ਹੈ। ਕੱਚੇ ਰਜਿਸਟਰਾਂ ਤੇ ਅੰਗੂਠਾ ਲਗਵਾ ਲੈਂਦੇ ਹਨ। ਦਿਹਾੜੀ ਕੋਈ ਲੈ ਜਾਂਦਾ ਹੈ ਅਤੇ ਕੰਮ ਕੋਈ ਹੋਰ ਕਰਦਾ ਰਹਿ ਜਾਂਦਾ ਹੈ। ਕੀ 240-241 ਰੁਪਏ ਨਾਲ ਕੋਈ ਚੁਬਾਰੇ ਛੱਤ ਲੈਣਗੇ? ਇਹ ਛੋਟੀਆਂ ਛੋਟੀਆਂ ਚੀਜ਼ਾਂ ਗਰੀਬਾਂ ਲਈ ਬਹੁਤ ਜ਼ਿਆਦ ਹੈਲਪਫੁੱਲ ਹੋ ਜਾਂਦੀਆਂ ਹਨ।

ਕਾਂਗਰਸ ਵਾਲੇ ਕਹਿੰਦੇ ਸਨ ਕਿ *ਆਮ ਵਿਅਕਤੀ ਕਹਿੰਦੇ ਹਨ,* ਸਾਨੂੰ ਇਸ ਤਰ੍ਹਾਂ ਕਹਿੰਦੇ ਹਨ ਕਿ *ਆਹ ਪੁੱਛੋ, ਆਮ ਵਿਅਕਤੀ, ਆਮ ਲੋਕ, ਪੰਜਾਬ ਦੇ ਆਮ ਲੋਕ* ਸਾਨੂੰ ਕਹਿੰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕਦੇ ਆਮ ਵਿਅਕਤੀਆਂ ਕੋਲ ਗਏ ਹੁੰਦੇ ਤਾਂ ਕੀ ਇਨ੍ਹਾਂ ਦਾ ਇਹ ਹਾਲ ਹੁੰਦਾ। ਇਹ ਆਮ ਵਿਅਕਤੀਆਂ ਕੋਲ ਕਦੇ ਗਏ ਹੀ ਨਹੀਂ। ਇਹ ਤਾਂ ਖਾਸ ਵਿਅਕਤੀ ਹਨ। ਇਨ੍ਹਾਂ ਨੇ ਤਾਂ ਮਹਿਲਾਂ ਦੇ ਦਰਵਾਜ਼ੇ ਹੀ ਨਹੀਂ ਖੋਲ੍ਹੇ। ਇਨ੍ਹਾਂ ਨੇ ਅੰਦਰੋਂ ਕੁੰਡੇ ਲਗਾ ਲਏ, ਲੋਕਾਂ ਨੇ ਬਾਹਰੋਂ ਕੁੰਡੇ ਲਗਾ ਦਿੱਤੇ ਕਿ ਹੁਣ ਤੁਸੀਂ ਵੀ ਨਾ ਬਾਹਰ ਨਿਕਲਿਉ। ਇਹ ਕੀ ਬੋਲਦੇ ਹਨ ਕਿ ਕਾਂਗਰਸ ਨੂੰ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਿਹਾ ਜਾਂਦਾ ਹੈ। 1885 ਵਿੱਚ ਪੈਦਾ ਹੋਈ ਸੀ। ਦੇਸ਼ ਦੀ ਰਾਜਧਾਨੀ ਵਿੱਚ ਪਿਛਲੀਆਂ ਦੋ ਟਰਮਾਂ ਵਿੱਚ ਜ਼ੀਰੋ ਐਮ.ਐਲ.ਏ., ਜ਼ੀਰੋ ਐਮ.ਪੀ.। ਦਿੱਲੀ ਵਿੱਚ, ਦੇਸ਼ ਦੀ ਰਾਜਧਾਨੀ ਵਿੱਚ, ਦੇਸ਼ ਦੀ ਸਭ ਤੋਂ ਪੁਰਾਣੀ

ਪਾਰਟੀ ਦੀ ਹਾਲਤ ਇਹ ਹੈ ਕਿ ਜਿੱਥੇ ਇਨ੍ਹਾਂ ਦਾ ਪ੍ਰਧਾਨ ਰਹਿੰਦਾ ਹੈ, ਜਿਹੜੇ ਏਰੀਏ ਵਿੱਚ ਇਨ੍ਹਾਂ ਦੇ ਸਾਰੇ ਕਰਤਾ ਧਰਤਾ ਰਹਿੰਦੇ ਹਨ, ਹਾਈ ਕਮਾਂਡ ਰਹਿੰਦੀ ਹੈ, ਉਸ ਏਰੀਏ ਦਾ ਐਮ.ਐਲ.ਏ. ਕੌਣ ਹੈ? ਅਰਵਿੰਦ ਕੇਜਰੀਵਾਲ, ਨਵੀਂ ਦਿੱਲੀ ਵਿਧਾਨ ਸਭਾ। ਚੱਲੋ, ਇਨ੍ਹਾਂ ਨੇ ਤਾਂ ਵੋਟ ਨਹੀਂ ਪਾਈ ਹੋਣੀ ਹੈ, ਇਨ੍ਹਾਂ ਨੇ ਤਾਂ ਕੀ ਵੋਟ ਪਾਉਣੀ ਸੀ, ਪਰ ਇਸ ਦਾ ਮਤਲਬ ਇਨ੍ਹਾਂ ਦਾ ਮਾਲੀ, ਜਿਹੜੇ ਨੌਕਰ ਕੰਮ ਕਰਦੇ ਹਨ, ਉਹ ਸਾਰੇ ਵੋਟਾਂ ਪਾਉਂਦੇ ਹਨ ਕਿਉਂਕਿ ਉਹ ਦੇਖਦੇ ਰਹਿੰਦੇ ਹਨ ਕਿ ਇਹ ਕਿਸ ਕਿਸ ਨੂੰ ਮਿਲਦੇ ਰਹਿੰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਹ ਤਾਂ ਸਾਰੇ ਆਪਸ ਵਿੱਚ ਰਲੇ ਹੋਏ ਹਨ। (ਹਾਸਾ) ਸੋ, ਇਸ ਕਰਕੇ ਇਹ ਜਿਹੜੇ ਨੁਕਸ ਕੱਢਦੇ ਹਨ, ਉਸ ਲਈ ਸਰ ਅਬਦੁਲ ਕਲਾਮ ਜੀ ਨੇ ਬਹੁਤ ਵਧੀਆ ਗੱਲ ਕਹੀ ਹੈ। ਉਹ ਕਹਿੰਦੇ ਹਨ ਕਿ ਜੇ ਕੋਈ ਤੁਹਾਡੇ ਕੀਤੇ ਹੋਏ ਚੰਗੇ ਕੰਮ ਵਿੱਚ ਨਾਂਹ ਨੁੱਕਰ ਕਰਦਾ ਹੋਵੇ ਤਾਂ ਕਰ ਲੈਣ ਦਿਉ ਕਿਉਂਕਿ ਸ਼ੱਕ ਹਮੇਸ਼ਾ ਸੋਨੇ ਦੀ ਸ਼ੁੱਧਤਾ ਤੇ ਕੀਤਾ ਜਾਂਦਾ ਹੈ ਨਾ ਕਿ ਕੋਲੇ ਦੀ ਕਾਲਖ ਤੇ। (ਥੰਪਿੰਗ) ਇਨ੍ਹਾਂ ਨੂੰ ਕਰੀ ਜਾਣ ਦਿਉ। ਸਪੀਕਰ ਸਾਹਿਬ, ਮੈਨੂੰ ਸੋਨੇ ਤੋਂ ਇੱਕ ਗੱਲ ਯਾਦ ਆ ਗਈ ਹੈ।

ਅੰਗਰੇਜ਼ਾਂ ਨੇ ਸਾਨੂੰ 200 ਸਾਲ ਲੁੱਟਿਆ। ਚੱਲੋ, ਉਹ ਤਾਂ ਈਸਟ ਇੰਡੀਆ ਕੰਪਨੀ ਰਾਹੀਂ ਸਾਨੂੰ ਲੁੱਟਣ ਹੀ ਆਏ ਸਨ। ਪੰਜਾਬ ਦੇ ਲੋਕਾਂ ਦਾ ਜਿਹੜਾ ਵੱਡਾ ਦੁੱਖ ਹੈ, ਉਹ ਹੋਰ ਹੈ। ਬਾਜ਼ਾਰ ਵਿੱਚ ਸੋਨੇ ਅਤੇ ਲੋਹੇ ਦੀ ਦੁਕਾਨ ਆਹਮੋ ਸਾਹਮਣੇ ਸੀ। ਇੱਕ ਦਿਨ ਸੋਨਾ ਅਤੇ ਲੋਹਾ ਆਪਸ ਵਿੱਚ ਮਿਲੇ ਅਤੇ ਸੋਨੇ ਨੇ ਲੋਹੇ ਨੂੰ ਕਿਹਾ ਕਿ ਹਥੌੜਾ ਤੇਰੇ ਵੀ ਵੱਜਦਾ ਹੈ ਅਤੇ ਮੇਰੇ ਵੀ ਵੱਜਦਾ ਹੈ।ਸੋਨਾ ਲੋਹੇ ਨੂੰ ਕਹਿੰਦਾ ਕਿ ਕੀ ਤੂੰ ਮੇਰੀ ਆਵਾਜ਼ ਕਦੇ ਦੁਕਾਨ ਤੋਂ ਬਾਹਰ ਸੁਣੀ ਹੈ? ਪਰ ਤੇਰੀ ਆਵਾਜ਼ ਸਾਰੇ ਬਾਜ਼ਾਰ ਵਿੱਚ ਸੁਣਦੀ ਹੁੰਦੀ ਹੈ। ਤੂੰ ਇੰਨੀਆਂ ਚੀਕਾਂ ਕਿਉਂ ਮਾਰਦਾ ਹੈ? ਲੋਹਾ ਕਹਿੰਦਾ ਕਿ ਇਹ ਬਿਲਕੁਲ ਸਹੀ ਗੱਲ ਹੈ ਕਿ ਹਥੌੜਾ ਤੇਰੇ ਵੀ ਵੱਜਦਾ ਹੈ ਅਤੇ ਮੇਰੇ ਵੀ ਵੱਜਦਾ ਹੈ। ਹਥੌੜਾ ਤੇਰੇ ਵੀ ਲੋਹੇ ਦਾ ਵੱਜਦਾ ਹੈ ਅਤੇ ਮੇਰੇ ਵੀ ਲੋਹੇ ਦਾ ਵੱਜਦਾ ਹੈ। ਤੂੰ ਸੋਨਾ ਹੈ ਅਤੇ ਲੋਹਾ ਤੇਰੇ ਲਈ ਬੇਗਾਨਾ ਹੈ ਅਤੇ ਉਹ ਤੇਰੇ ਲਈ ਸ਼ਰੀਕ ਹੈ। ਸ਼ਰੀਕਾਂ ਦਾ ਕੰਮ ਤਾਂ ਕੁੱਟਣਾ ਹੀ ਹੁੰਦਾ ਹੈ, ਬੇਗਾਨਿਆਂ ਦਾ ਕੰਮ ਤਾਂ ਲੁੱਟਣਾ ਹੀ ਹੁੰਦਾ ਹੈ। ਸੋ, ਉਹ ਤਾਂ ਬੇਗਾਨੇ ਹਨ, ਉਹ ਤਾਂ ਤੈਨੂੰ ਕੁੱਟਣਗੇ। ਲੋਹਾ ਕਹਿੰਦਾ ਕਿ ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਮੈਨੂੰ ਮੇਰੇ ਆਪਣੇ ਕੁੱਟਦੇ ਹਨ। ਲੋਹੇ ਨੂੰ ਲੋਹਾ ਕੁੱਟਦਾ ਹੈ। (ਥੰਪਿੰਗ) ਪੰਜਾਬ ਦੇ 3 ਕਰੋੜ ਲੋਕਾਂ ਦਾ ਦੁੱਖ ਇਹ ਹੈ ਕਿ ਸਾਨੂੰ ਆਪਣਿਆਂ ਨੇ ਲੁੱਟਿਆ ਹੈ, ਜਿਹੜੇ ਕਿ ਇੱਥੋਂ ਚਲੇ ਗਏ ਹਨ। ਬੇਗਾਨਿਆਂ ਦਾ ਤਾਂ ਕੰਮ ਹੀ ਲੁੱਟਣਾ ਹੈ, ਉਹ ਤਾਂ ਆਏ ਹੀ ਲੁੱਟਣ ਸੀ, ਪਰ ਸਾਨੂੰ ਆਪਣਿਆਂ ਨੇ ਲੁੱਟਿਆ ਹੈ। ਜਿਹੜਾ ਇਨ੍ਹਾਂ ਨੇ ਵਾਢਾ ਧਰਿਆ ਹੈ ਉਹ ਹੁਣ ਨਿਕਲ ਰਿਹਾ ਹੈ।

ਸ.ਸ.–ਅ.ਗ./2:10/7.3.2023

ਆਪਣੇ ਆਮ ਘਰਾਂ ਵਿੱਚ ਜੇ ਕੋਈ ਭ੍ਰਿਸ਼ਟਾਚਾਰੀ ਫੜਿਆ ਗਿਆ, ਵਿਜੀਲੈਂਸ ਉਸ ਦੇ ਘਰ ਜਾ ਕੇ ਤਲਾਸ਼ੀ ਲੈਂਦੀ ਹੈ ਤਾਂ ਤਲਾਸ਼ੀ ਵਿੱਚ ਭ੍ਰਿਸ਼ਟਾਚਾਰੀ ਦੇ ਘਰ ਤੋਂ ਕੀ ਮਿਲਦਾ ਹੈ? ਮਹਿੰਗੇ ਸੋਫੇ, ਵੱਡੇ ਟੀ.ਵੀ., ਆਲੀਸ਼ਾਨ ਘਰ, ਬਾਥਰੂਮ ਤੇ ਲਗਾਏ ਪੈਸੇ ਕਿ ਦੋ ਲੱਖ ਦੇ ਬਾਥਰੂਮ ਹਨ, ਵੱਧ ਤੋਂ ਵੱਧ ਚਾਂਦੀ ਦੀਆਂ ਟੂਟੀਆਂ ਲਗਾ ਲਵੇਗਾ, ਹੋਰ ਕੀ ਕਰ ਲਵੇਗਾ? ਪਰ ਨਹੀਂ ਜੀ, ਇਹ ਤਾਂ ਹੁਣ ਪਤਾ ਲੱਗਿਆ ਹੈ ਕਿ ਜਦੋਂ ਕਾਂਗਰਸੀ ਮੰਤਰੀ ਭ੍ਰਿਸ਼ਟਾਚਾਰੀ ਫੜਿਆ, ਹੁਸ਼ਿਆਰਪੁਰ ਵਿੱਚ ਉਸ ਦੇ ਘਰ ਦੀ ਤਲਾਸ਼ੀ ਲਈ ਤਾਂ ਨੋਟ ਗਿਣਨ ਵਾਲੀਆਂ ਦੋ ਮਸ਼ੀਨਾਂ ਵੀ ਮਿਲੀਆਂ ਸਨ। ਇਹ ਤਾਂ ਬੈਂਕਾਂ ਵਿੱਚ ਹੁੰਦੀਆਂ ਹਨ। ਇਹ ਘਰਾਂ ਵਿੱਚ ਕਿੱਥੇ ਹੁੰਦੀਆਂ ਹਨ? ਘਰਾਂ ਵਿੱਚ ਆਮ ਲੋਕਾਂ ਕੋਲ ਇੰਨੇ ਪੈਸੇ ਨਹੀਂ ਹਨ ਕਿ ਨੋਟ ਮਸ਼ੀਨਾਂ ਗਿਣਨ ਪਰ ਦੂਜੇ ਪਾਸੇ ਹਾਲਤ ਦੇਖੋ ਉਸ ਮੰਤਰੀ ਦੇ ਟੱਬਰ ਨੇ ਵੀ ਮਨ੍ਹਾ ਕਰ ਦਿੱਤਾ ਹੋਣਾ ਕਿ ਸਾਡੇ ਤੋਂ ਰੋਜ਼-ਰੋਜ਼ ਨੋਟ ਨਹੀਂ ਗਿਣੇ ਜਾਂਦੇ, ਇਹ ਤੇਰਾ ਰੋਜ਼ ਦਾ ਕੰਮ ਹੈ, ਸਿੱਧਾ ਮਸ਼ੀਨ ਲਿਆ ਅਤੇ ਮਸ਼ੀਨ ਨਾਲ ਗਿਣਿਆ ਕਰੋ। ਇਹ ਕਹਿੰਦੇ ਹਨ ਕਿ ਵਿਜੀਲੈਂਸ ਨਾ ਭੇਜਿਆ ਕਰੋ, ਉਹ ਤਾਂ ਜਾਣਗੇ, ਉਹ ਨਹੀਂ ਹਟਦੇ।

ਸੋ, ਮੈਂ ਇਹੀ ਗੱਲ ਤੁਹਾਨੂੰ ਕਹਿਣੀ ਚਾਹੁੰਦਾ ਹਾਂ। ਸਾਡੇ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੇ ਐਂਟੀ ਕੁਰੱਪਸ਼ਨ ਮੂਵਮੈਂਟ ਵਿੱਚੋਂ ਪਾਰਟੀ ਕੱਢੀ। ਦੇਸ਼ ਵਿੱਚ ਸਾਡੀ ਪਾਰਟੀ ਪੁਲੀਟੀਕਲ/ਰਾਜਨੀਤਕ ਦਸ਼ਾ-ਦਿਸ਼ਾ ਬਦਲਣ ਵਿੱਚ ਆਪਣੀ ਕੋਸ਼ਿਸ਼ ਕਰ ਰਹੀ ਹੈ। ਕਈ ਵਾਰੀ ਛੋਟੀਆਂ ਜਾਂ ਨਵੀਆਂ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ ਹੈ, ਉਹ ਨੰਬਰਾਂ ਦੇ ਵਿੱਚ ਘੱਟ ਜਾਂਦੀਆਂ ਹਨ। ਕਈ ਵਾਰ ਨੰਬਰ ਓਨੇ ਨਹੀਂ ਆਉਂਦੇ ਜਿੰਨੀਆਂ ਨਾਲ ਵੱਡੀਆਂ ਪਾਰਟੀਆਂ ਜਿੱਤਦੀਆਂ ਹਨ। ਕਈ ਵਾਰੀ ਨੰਬਰਾਂ ਵਿੱਚ ਘੱਟ ਜਾਂਦੀਆਂ ਹਨ ਪਰ ਉਹ ਨਵੀਆਂ ਪਾਰਟੀਆਂ ਪੁਰਾਣੀਆਂ ਪਾਰਟੀਆਂ ਦੇ ਏਜੰਡੇ ਜ਼ਰੂਰ ਸੈੱਟ ਕਰਵਾ ਦਿੰਦੀਆਂ ਹਨ ਕਿਉਂਕਿ ਉਹ ਡਰਦੇ ਹਨ ਕਿ ਇਹ ਨਾ ਆ ਜਾਣ। ਹੁਣ ਹਰੇਕ ਮੈਨੀਫੈਸਟੋ ਵਿੱਚ ਸਕੂਲਾਂ ਅਤੇ ਹਸਪਤਾਲਾਂ ਦੀ ਗੱਲ ਹੋਣ ਲੱਗ ਗਈ। ਬਿਜਲੀ ਦੀ ਗੱਲ ਹੋਣ ਲੱਗ ਗਈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਹੜੇ ਪਹਿਲਾਂ ਇਕੱਲੇ ਨਫਰਤ ਦੇ ਬੀਜਾਂ ਨੂੰ ਬੀਜ ਕੇ ਵੋਟਾਂ ਲੜਦੇ ਹੁੰਦੇ ਸੀ, ਅੱਜ ਸਕੂਲਾਂ ਵਿੱਚ ਜਾਣ ਲੱਗ ਪਏ ਹਨ। ਅੱਜ ਹਸਪਤਾਲ ਮੁੱਦਾ ਬਣ ਗਿਆ ਹੈ, ਪਹਿਲਾਂ ਤਾਂ ਇਹ ਮੁੱਦਾ ਹੀ ਨਹੀਂ ਸੀ। ਅੱਜ ਸਾਡੇ ਜਵਾਨ ਹਿੱਕਾਂ ਦੁਸ਼ਮਣ ਦੇ ਸਾਹਮਣੇ ਡਾਹੀ ਬੈਠੇ ਹਨ। ਜੇ ਉਹ ਸ਼ਹੀਦੀ ਪਾਉਂਦੇ ਹਨ, ਰੱਬ ਨਾ ਕਰੇ ਕਿ ਕੋਈ ਇਸ ਤਰ੍ਹਾਂ ਦੇਸ਼ ਤੇ ਪੀੜ ਪਵੇ। 1 ਕਰੋੜ ਰੁਪਏ ਦਿੱਲੀ ਤੋਂ ਸ਼ੁਰੂ ਕੀਤਾ, ਜਦੋਂ ਕੋਈ ਪੰਜਾਬ ਪੁਲਿਸ ਦਾ ਜਵਾਨ ਜਾਂ ਕੋਈ ਫੌਜੀ ਜਵਾਨ ਸ਼ਹੀਦ ਹੁੰਦਾ ਹੈ ਤਾਂ ਇੱਕ ਕਰੋੜ ਰੁਪਿਆ ਅਗਲੇ ਦਿਨ ਜਾਂ 2 ਦਿਨਾਂ ਵਿੱਚ ਭੋਗ ਤੋਂ ਪਹਿਲਾਂ ਉਸ ਦੇ ਘਰ ਪਹੁੰਚਦਾ ਹੈ। ਇਸ ਨਾਲ ਅਸੀਂ ਉਸ ਦੀ ਜਾਨ ਵਾਪਸ ਨਹੀਂ ਲਿਆ ਸਕਦਾ, ਕਰੋੜ ਰੁਪਿਆ ਸ਼ਹੀਦ ਲਈ ਕੁਝ ਵੀ ਨਹੀਂ ਕਿਉਂਕਿ ਸ਼ਹੀਦ ਦਾ ਕੋਈ ਮੁੱਲ ਨਹੀਂ ਹੁੰਦਾ ਪਰ ਘੱਟੋ-ਘੱਟ ਪਰਿਵਾਰ ਆਰਥਿਕ ਤੌਰ ਤੇ ਨਾ ਰੁਲੇ। ਮੈਨੂੰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਸ਼ਹੀਦ ਦੀ ਵਿਧਵਾ ਨੂੰ ਸਿਲਾਈ ਮਸ਼ੀਨਾਂ ਵੰਡਣ ਵਾਲੇ ਸਾਡੇ ਤੇ ਸਵਾਲ ਕਰਦੇ ਹਨ। ਪਹਿਲਾਂ ਕੀ ਹੁੰਦਾ ਸੀ? ਸਿਲਾਈ ਮਸ਼ੀਨ ਦਿੱਤੀ ਜਾਂਦੀ ਸੀ, ਸੋ, ਇਨ੍ਹਾਂ ਨੂੰ ਕੀ ਪਤਾ

ਹੈ ਜੀ? ਅਸੀਂ ਪਿੰਡਾਂ ਵਿੱਚੋਂ ਆਏ ਹਾਂ, ਸਾਨੂੰ ਪਤਾ ਹੈ, ਸਾਡਾ ਕੋਈ ਰਿਸ਼ੇਤਦਾਰ ਫੌਜ ਜਾਂ ਪੁਲਿਸ ਵਿੱਚ ਹੈ। ਸਾਨੂੰ ਪਤਾ ਹੈ ਕਿ ਡਿਊਟੀਆਂ ਕਿੰਨੀਆਂ ਔਖੀਆਂ ਹਨ। ਸੋ, ਜਿਵੇਂ ਇਨ੍ਹਾਂ ਨੇ ਦੇਖਿਆ ਕਿ ਆਮ ਆਦਮੀ ਪਾਰਟੀ ਤਾਂ ਦੇਸ਼ ਵਿੱਚ ਵਧਦੀ ਜਾ ਰਹੀ ਹੈ। ਜਿਸ ਨੇ ਹਸਪਤਾਲ ਬਣਾਏ ਹਨ, ਜਿਸ ਨੇ ਦਿੱਲੀ ਵਿੱਚ ਇਲਾਜ ਸਸਤਾ ਕਰ ਦਿੱਤਾ, ਬਿਲਕੁਲ ਫਰੀ ਕਰ ਦਿੱਤਾ, ਪੈਰਾਸਿਟਾਮੋਲ ਗੋਲੀ ਤੋਂ ਲੈ ਕੇ 40-40 ਲੱਖ ਦੇ ਓਪਰੇਸ਼ਨ, ਟੈਸਟ ਫਰੀ ਕਰ ਦਿੱਤੇ, ਮੁਹੱਲਾ ਕਲੀਨਿਕ ਕਾਮਯਾਬ ਹੋਈ ਜਾਂਦੇ ਹਨ, ਕਿਸ ਨੇ ਬਣਾਏ ਹਨ ਜੀ? ਸ਼੍ਰੀ ਸਤਿੰਦਰ ਜੈਨ ਨੇ ਬਣਾਏ ਹਨ, ਚਲੋ ਇਸ ਨੂੰ ਅੰਦਰ ਕਰੋ, ਇਸ ਤੇ ਕੋਈ ਕੇਸ ਪਾ ਲਵੋ। ਹੁਣ ਸਕੂਲਾਂ ਦੀ ਵਾਰੀ, ਇਹ ਦਿੱਲੀ ਦੇ ਬੱਚਿਆਂ ਨੂੰ ਕੌਣ ਪੜ੍ਹਾਈ ਜਾਂਦਾ ਹੈ? ਦਿੱਲੀ ਦੇ ਬੱਚੇ ਤਾਂ ਆਈ.ਆਈ.ਟੀ. ਕਰੀ ਜਾਂਦੇ ਹਨ, ਰਿਕਸ਼ੇ ਵਾਲੇ ਤੇ ਮਜ਼ਦੂਰਾਂ ਦੇ ਬੱਚੇ ਐਨ.ਈ.ਈ.ਟੀ. ਕਰ ਰਹੇ ਹਨ, ਐਮ.ਬੀ.ਬੀ.ਐਸ. ਕਰ ਰਹੇ ਹਨ, ਜਵਾਕਾਂ ਨੂੰ ਕੌਣ ਸਿੱਖਿਅਤ ਕਰ ਰਿਹਾ ਹੈ? ਸਾਡੇ ਦੇਸ਼ ਦੇ ਯੂਥ ਨੂੰ ਪੜ੍ਹਾਉਣ ਦੀ ਕੌਣ ਕੋਸ਼ਿਸ਼ ਕਰ ਰਿਹਾ ਹੈ? ਸ਼੍ਰੀ ਮਨੀਸ਼ ਸਿਸੋਦੀਆ ਹੈ, ਚਲੋ ਚੁੱਕ ਕੇ ਜੇਲ੍ਹ ਵਿੱਚ ਕਰੋ। ਇਹ ਕਦੇ ਹੋ ਸਕਦਾ ਹੈ ਜੀ ਕਿ ਕਿਸੇ ਨੇ ਸਕੂਲ, ਕਾਲਜ, ਹਸਪਤਾਲ, ਮੁਹੱਲਾ ਕਲੀਨਿਕ ਬਣਾਏ ਹੋਣ, ਉਹ ਚੁੱਕ ਕੇ ਜੇਲ੍ਹ ਵਿੱਚ ਭੇਜੇ ਹੋਣ? ਕੀ ਇਹ ਸਾਨੂੰ ਡਰਾ ਲੈਣਗੇ?

**शाख़ से गिर कर टूट जाएँ हम वो पत्ते नहीं हैं,**
**आँधियों को कह दो ज़रा अपनी औक़ात में रहें।**

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਾਨੂੰ ਇਹ ਇਸ ਤਰ੍ਹਾਂ ਨਹੀਂ ਡਰਾ ਸਕਦੇ ਕਿ ਛੋਟੀਆਂ-ਛੋਟੀਆਂ ਗ੍ਰਿਫਤਾਰੀਆਂ ਤੋਂ ਡਰ ਜਾਵਾਂਗੇ ਅਤੇ ਬਾਅਦ ਵਿੱਚ ਕਹਿ ਦੇਵਾਂਗੇ ਕਿ ਛੱਡੋ ਅਸੀਂ ਕੀ ਲੈਣਾ ਹੈ। ਸਰ, ਡਰਦਾ ਉਹੀ ਹੈ ਜਿਸ ਦੇ ਦਿਲ ਵਿੱਚ ਪਾਲ਼ਾ ਹੁੰਦਾ ਹੈ, ਜਿਸ ਦੇ ਦਿਲ ਵਿੱਚ ਚੋਰ ਹੁੰਦਾ ਹੈ, ਉਹੀ ਡਰਦਾ ਹੈ। ਬਾਕੀ ਤਾਂ ਸਿੱਧਾ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਦੇ ਹਨ ਕਿ ਆ ਜਾ ਭਾਈ, ਗੱਲ ਕਰੀਏ। ਸੋ, ਸੱਚ ਕਈ ਵਾਰੀ ਦੱਬ ਜਾਂਦਾ ਹੈ ਪਰ ਸੱਚ ਕਦੇ ਨਹੀਂ ਮਰਦਾ। ਸੋ, ਸੱਚ ਬਾਹਰ ਆਉਂਦਾ ਹੀ ਆਉਂਦਾ ਹੈ। ਉਨ੍ਹਾਂ ਕੋਲ ਕੋਈ ਸਬੂਤ ਨਹੀਂ ਹੈ, ਛੱਡਣਾ ਹੀ ਪੈਣਾ ਹੈ ਪਰ ਓਨਾ ਚਿਰ ਰੋਕ ਲਵੋ।

ਇਹ ਲੋਕਤੰਤਰ ਹੈ, ਤੁਸੀਂ ਲੋਕਤੰਤਰ ਦੇ ਕਸਟੋਡੀਅਨ ਹੋ। ਇਸ ਵਕਤ ਤੁਸੀਂ ਬਹੁਤ ਪਵਿੱਤਰ ਹਾਊਸ ਵਿੱਚ ਬੈਠੇ ਹੋ। ਬੜੀ ਵੱਡੀ ਜ਼ਿੰਮੇਵਾਰੀ ਹੈ, ਪ੍ਰਮਾਤਮਾ ਨੇ ਤੁਹਾਡੀ ਡਿਊਟੀ ਲਗਾਈ ਹੈ। ਹਿਸਟਰੀ ਵਿੱਚ ਨਾਮ ਆਵੇਗਾ ਕਿ ਜਦੋਂ ਪੰਜਾਬ ਦੁਬਾਰਾ ਲੀਹਾਂ ਤੇ ਚੜ੍ਹਿਆ, ਜਦੋਂ ਪੰਜਾਬ ਦੁਬਾਰਾ ਰੰਗਲਾ ਪੰਜਾਬ ਬਣਨ ਵਾਲੀ ਰਾਹ ਤੇ ਤੁਰਿਆ, ਉਸ ਵੇਲੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਸਾਹਿਬ ਕੌਣ ਸੀ, ਤੁਹਾਡਾ ਨਾਮ ਆਵੇਗਾ ਅਤੇ ਡਿਪਟੀ ਸਪੀਕਰ ਸਾਹਿਬ ਬੈਠੇ ਹਨ, ਇਨ੍ਹਾਂ ਦਾ ਵੀ ਨਾਮ ਆਵੇਗਾ।

**ਮ.ਰ. ਅ.ਗੌ./2.15/07.03.2023**

ਸਪੀਕਰ ਸਾਹਿਬ, ਸਾਰੇ ਮੇਰੇ ਕੁਲੀਗ ਬੈਠੇ ਹਨ, ਇਨ੍ਹਾਂ ਸਾਰਿਆਂ ਦਾ ਨਾਮ ਆਵੇਗਾ ਅਤੇ ਲੋਕ ਯਾਦ ਕਰਨਗੇ ਕਿ ਉਸ ਵੇਲੇ ਇਹ ਟੀਮ ਸੀ। ਇੰਨਾ ਵਧੀਆ ਮੌਕਾ ਮਿਲਣ ਉੱਤੇ ਜੇਕਰ ਅਸੀਂ ਕੁਝ ਨਹੀਂ ਕੀਤਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ ਨਹੀਂ ਕਰਨਗੀਆਂ। ਲੋਕੀਂ ਕਹਿਣਗੇ ਕਿ ਇੰਨਾ ਵਧੀਆ ਮੌਕਾ ਮਿਲ ਗਿਆ ਸੀ, ਫਿਰ ਤਾਂ ਪੰਜਾਬ ਦਾ ਕੁਝ ਨਾ ਕੁਝ ਮੁਹਾਂਦਰਾ ਬਦਲ ਦਿੰਦੇ। ਸੋ, ਸਪੀਕਰ ਸਾਹਿਬ, ਇਹ ਸਾਡੀ ਜ਼ਿੰਮੇਵਾਰੀ ਹੈ ਅਤੇ ਸਾਡਾ ਫਰਜ਼ ਵੀ ਹੈ। ਸਪੀਕਰ ਸਾਹਿਬ, ਪਹਿਲਾਂ ਕੀ ਕਾਰਨ ਰਿਹਾ, ਸਾਨੂੰ ਪਤਾ ਹੀ ਨਹੀਂ ਲੱਗਿਆ ਕਿ ਚੋਰ ਕੌਣ ਹਨ। ਇੱਕ ਪਿੰਡ ਵਿੱਚ ਲਵੇਰੀਆਂ ਮੱਝਾਂ ਚੋਰੀ ਹੋਣ ਲੱਗ ਗਈਆਂ, ਇੱਕ ਰਾਤ ਇੱਕ ਚੋਰੀ ਹੋ ਗਈ, ਦੂਜੀ ਰਾਤ ਦੋ ਮੱਝਾ ਚੋਰੀ ਹੋ ਗਈਆਂ, ਤੀਜੀ ਰਾਤ ਹੋਰ ਦੋ ਲਵੇਰੀਆਂ (ਦੁੱਧ ਦੇਣ ਵਾਲੀਆਂ ਮੱਝਾਂ) ਮੱਝਾਂ ਚੋਰੀ ਹੋ ਗਈਆਂ। ਇਸ ਗੱਲ ਤੋਂ ਲੋਕ ਬੜੇ ਦੁਖੀ ਹੋਏ। ਉਥੇ ਪਿੰਡ ਵਿੱਚ ਇੱਕ ਸੰਤ ਮਹਾਤਮਾ ਰਹਿੰਦਾ ਸੀ, ਲੋਕ ਉਸ ਕੋਲ ਗਏ ਅਤੇ ਕਿਹਾ ਕਿ ਬਾਬਾ ਜੀ, ਕੋਈ ਤੀਜੀ ਅੱਖ ਖੋਲ੍ਹੋ ਅਤੇ ਸਾਨੂੰ ਇਸ ਸੰਕਟ ਵਿੱਚੋਂ ਬਾਹਰ ਕੱਢੋ ਕਿਉਂਕਿ ਪਿੰਡ ਵਿੱਚੋਂ ਮੱਝਾਂ ਚੋਰੀ ਹੋਣ ਲੱਗ ਗਈਆਂ ਹਨ ਅਤੇ ਕੋਈ ਚੋਰ ਫੜਿਆ ਵੀ ਨਹੀਂ ਗਿਆ ਹੈ। ਮਹਾਤਮਾ ਜੀ ਨੇ ਕਿਹਾ ਕਿ ਇੱਕ ਚਾਦਰ ਤਾਣ ਕੇ ਖੜ੍ਹ ਜਾਓ ਅਤੇ ਚਾਰੇ ਕੋਨੇ ਚਾਰ ਬੰਦਿਆਂ ਨੂੰ ਫੜਾ ਦਿਓ ਅਤੇ ਸਪੀਕਰ ਵਿੱਚ ਅਨਾਊਂਸ ਕਰ ਦਿਓ ਕਿ ਸਾਰਾ ਪਿੰਡ ਇਸ ਚਾਦਰ ਦੀ ਹੇਠ ਤੋਂ ਨਿਕਲੇਗਾ। ਇੱਕ-ਇੱਕ ਕਰਕੇ ਮੁੰਡੇ, ਕੁੜੀਆਂ, ਬੁੱਢੀਆਂ ਆਦਿ ਸਾਰੇ ਲੰਘਾਈ ਜਾਓ। ਇਸ ਤੋਂ ਇਲਾਵਾ ਜਿਸ ਬੰਦੇ ਨੇ ਮੱਝ ਚੋਰੀ ਕੀਤੀ ਹੋਵੇਗੀ, ਜੇਕਰ ਉਹ ਚਾਦਰ ਦੇ ਹੇਠੋਂ ਦੀ ਲੰਘੇਗਾ ਤਾਂ ਉਹ ਉਸੀ ਸਮੇਂ ਮਰ ਜਾਵੇਗਾ। ਪਿੰਡ ਵਾਲਿਆਂ ਨੇ ਅਨਾਊਂਸਮੈਂਟ ਕਰ ਦਿੱਤੀ, ਚਾਦਰ ਫੜ ਲਈ ਅਤੇ ਬੰਦਿਆਂ ਨੂੰ ਚਾਦਰ ਦੀ ਹੇਠੋਂ ਲੰਘਾਈ ਗਏ। ਸਪੀਕਰ ਸਾਹਿਬ, ਇੱਕ-ਇੱਕ ਕਰਕੇ ਸਾਰਾ ਪਿੰਡ ਨਿਕਲ ਗਿਆ ਪਰੰਤੂ ਮਰਿਆ ਕੋਈ ਵੀ ਨਹੀਂ। ਕਾਰਨ ਕੀ ਸੀ? ਸਪੀਕਰ ਸਾਹਿਬ, ਜਿਨ੍ਹਾਂ ਬੰਦਿਆਂ ਨੇ ਮੱਝਾਂ ਚੋਰੀ ਕੀਤੀਆਂ ਸਨ, ਉਨ੍ਹਾਂ ਨੂੰ ਤਾਂ ਚਾਦਰ ਫੜਾਈ ਹੋਈ ਸੀ। (ਹਾਸਾ) (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਉਹ ਤਾਂ ਚਾਦਰ ਦੀ ਹੇਠੋਂ ਲੰਘੇ ਹੀ ਨਹੀਂ ਸਨ।

ਸਪੀਕਰ ਸਾਹਿਬ, ਇਹੀ ਸਾਡੀ ਤਰਾਸਦੀ ਰਹੀ ਹੈ ਕਿ ਅਸੀਂ ਚੋਰਾਂ ਨੂੰ ਚਾਦਰ ਫੜਾਈ ਹੋਈ ਸੀ। ਅਸੀਂ ਦੇਸ਼ ਦੀਆਂ, ਸਟੇਟ ਦੀਆਂ ਚਾਦਰਾਂ ਚੋਰਾਂ ਨੂੰ ਫੜਾ ਦਿੱਤੀਆਂ ਅਤੇ ਅਸੀਂ ਆਪਣੇ-ਆਪ ਵਿੱਚੋਂ ਚੋਰ ਲੱਭਦੇ ਰਹੇ। ਕਹਿੰਦੇ ਰਹੇ ਕਿ ਤੂੰ ਚੋਰ ਹੈ, ਤੂੰ ਚੋਰ ਹੈ। ਇਹ ਤਾਂ ਹੁਣ ਪਤਾ ਲੱਗਾ ਹੈ, ਜਦੋਂ ਲੋਕਾਂ ਨੇ ਪੋਲੀਟਿਕਸ ਦੀ ਜਨਰੇਸ਼ਨ ਹੀ ਬਦਲ ਦਿੱਤੀ ਕਿ ਹੁਣ ਬਸ ਕਰੋ, ਬਹੁਤ ਹੋ ਗਿਆ। ਜਿਉਂ ਕਹਿਣ ਲੱਗਦੇ ਹਨ ਕਿ ਇੱਕ ਮੌਕਾ ਹੋਰ ਦਿਓ, ਲੋਕ ਮੌਕਾ ਦਿੰਦੇ-ਦਿੰਦੇ ਥੱਕ ਗਏ ਹਨ। ਸਪੀਕਰ ਸਾਹਿਬ, ਮੈਂ ਪੰਜਾਬੀਆਂ ਨੂੰ ਇਸ ਪਵਿੱਤਰ ਸਦਨ ਵਿੱਚ ਯਕੀਨ ਦਿਵਾਉਂਦਾ ਹਾਂ ਕਿ ਜਿੰਨਾ ਯਕੀਨ ਤੁਸੀਂ ਕੀਤਾ ਹੈ, ਜਿੰਨਾ ਪਿਆਰ ਤੁਸੀਂ ਦਿੱਤਾ ਹੈ, ਅਸੀਂ ਸਾਰੇ ਆਮ ਘਰਾਂ ਵਿੱਚ ਆਏ ਹੋਏ ਹਾਂ, ਲਗਭਗ ਸਾਰੇ ਹੀ non-political

background ਵਿੱਚੋਂ ਹਾਂ, ਗਲਤੀਆਂ ਵੀ ਹੋ ਜਾਂਦੀਆਂ ਹੋਣਗੀਆਂ ਪਰੰਤੂ ਅਸੀਂ ਸਿੱਖਾਂਗੇ। ਹਰ ਰੋਜ਼ ਸਿੱਖਦੇ ਹਾਂ ਕਿਉਂਕਿ ਸਿਆਣੇ ਕਹਿੰਦੇ ਹਨ ਕਿ ਜਿਸ ਨੇ ਕੋਈ ਗਲਤੀ ਨਹੀਂ ਕੀਤੀ ਤਾਂ ਉਸ ਦਾ ਮਤਲਬ ਹੈ ਕਿ ਉਸ ਨੇ ਕੋਈ ਕੰਮ ਵੀ ਨਹੀਂ ਕੀਤਾ। ਸੋ, ਕੰਮ ਦੌਰਾਨ ਗਲਤੀਆਂ ਵੀ ਹੋ ਜਾਂਦੀਆਂ ਹਨ। ਅਸੀਂ ਲੋਕਾਂ ਨੂੰ ਇੱਥੋਂ ਤੱਕ ਛੋਟ ਦਿੱਤੀ ਹੋਈ ਹੈ ਕਿ ਸਾਡਾ ਮੋਢਾ ਫੜ ਲਓ, ਸਾਡੀ ਬਾਂਹ ਫੜ ਲਓ। ਸਾਡੇ ਕੰਨ ਵੀ ਫੜ ਲਓ ਕਿ ਕਾਕਾ ਇੱਥੇ ਗਲਤ ਹੈ, ਐਵੇਂ ਕਰ ਕਿਉਂਕਿ ਲੋਕਾਂ ਦੀ ਸਰਕਾਰ ਹੈ। ਮੈਂ ਕਹਾਂ ਕਿ ਭਗਵੰਤ ਮਾਨ ਦੀ ਸਰਕਾਰ ਹੈ, ਇਹ ਪੰਜਾਬ ਦੇ ਤਿੰਨ ਕਰੋੜ ਲੋਕਾਂ ਦੀ ਸਰਕਾਰ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਲੋਕ ਹੀ ਇਸ ਦੇ ਮਾਲਕ ਹਨ, ਸਿਰਫ ਇਹੀ ਫਰਕ ਹੈ ਕਿ ਪਹਿਲਾਂ ਬਾਦਲ ਅਤੇ ਕੈਪਟਨ ਦੀ ਸਰਕਾਰ ਬਣਦੀ ਹੁੰਦੀ ਸੀ ਪਰੰਤੂ ਹੁਣ ਪੰਜਾਬ ਦੀ ਸਰਕਾਰ ਹੈ। ਇੱਥੇ ਮੈਂ ਇੱਕ ਸ਼ਿਅਰ ਅਰਜ਼ ਕਰਾਂਗਾ:

*निगाहो में मंज़िल थी*

*गिरे और गिर के संभलते रहे*

*हवाओं ने बहुत कोशिस की*

*मगर चिराग अँधियो में भी जलते रहे*

ਜਿਹੜੀਆਂ ਹਵਾਵਾਂ ਹਨ, ਉਹ ਤਾਂ ਕੋਸ਼ਿਸ਼ ਕਰਦੀਆਂ ਹਨ। ਦੀਵਿਆਂ ਦੀ ਲੜਾਈ ਹਨੇਰਿਆਂ ਨਾਲ ਹੁੰਦੀ ਹੈ, ਹਵਾ ਐਵੇਂ ਹੀ ਉਸ ਦੇ ਵਿਰੁੱਧ ਹੋਈ ਫਿਰਦੀ ਹੈ ਕਿ ਦੀਵੇ ਨੂੰ ਬੁਝਾ ਦੇਣਾ ਹੈ। ਇਸੇ ਤਰ੍ਹਾਂ ਇਨ੍ਹਾਂ ਲੋਕਾਂ ਦਾ ਹਾਲ ਹੈ, ਜਿਨ੍ਹਾਂ ਤੋਂ ਇਹ ਨਹੀਂ ਜ਼ਰਿਆ ਜਾਂਦਾ ਕਿ ਆਮ ਘਰਾਂ ਦਾ ਮੁੰਡਾ ਇੱਥੇ ਕਿਵੇਂ ਆ ਗਿਆ। ਦੇਖਦੇ ਹਨ ਕਿ ਆਮ ਘਰਾਂ ਦੇ ਮੁੰਡੇ ਇੱਥੇ ਆ ਕੇ ਕੁਰਸੀਆਂ ਉੱਤੇ ਬੈਠ ਗਏ, ਜਿਨ੍ਹਾਂ ਤੋਂ ਜ਼ਰਿਆ ਨਹੀਂ ਜਾਂਦਾ, ਉਸ ਨੂੰ frustration ਕਹਿੰਦੇ ਹਨ, frustration ਨਿਕਲਦੀ ਹੈ, ਕਦੀ ਇੱਧਰੋਂ ਰੌਲਾ ਪਾਉਂਦੇ ਹਨ, ਕਦੀ ਉੱਧਰੋਂ ਰੌਲਾ ਪਾਉਂਦੇ ਹਨ। ਸੋ, ਮੈਂ ਤਾਂ ਇਹੀ ਕਹਾਂਗਾ ਕਿ ਪਰਮਾਤਮਾ ਪੰਜਾਬ ਦੇ ਉੱਤੇ ਕ੍ਰਿਪਾ ਕਰੇ, ਸਾਡੀ ਗੁਰੂਆਂ ਦੀ ਧਰਤੀ ਹੈ। ਹੋਲਾ-ਮਹੱਲਾ ਦੇ ਪਵਿੱਤਰ ਦਿਨ ਚੱਲ ਰਹੇ ਹਨ। ਸਾਡੀ ਗੁਰੂ-ਪੀਰਾਂ, ਸ਼ਹੀਦਾਂ ਦੀ ਧਰਤੀ ਹੈ। ਸਾਡੇ ਪੁਰਖਿਆਂ ਨੇ ਖੂਨ ਵੀ ਦਿੱਤਾ ਹੈ ਅਤੇ ਸਾਨੂੰ ਗ੍ਰੰਥ ਵੀ ਲਿਖ-ਲਿਖ ਕੇ ਦਿੱਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਬਾਣੀ ਦਰਜ ਹੈ, ਜੇਕਰ ਇੱਕ ਅੰਗ ਵੀ ਪੜ੍ਹ ਲਈਏ ਤਾਂ ਮੈਨੂੰ ਲੱਗਦਾ ਹੈ ਕਿ ਉਸ ਅੰਗ ਦਾ ਵਿਸਥਾਰ ਅਤੇ ਵਿਆਖਿਆ ਕਰਨ ਨੂੰ ਕਈ ਸਾਲ ਲੱਗ ਜਾਣਗੇ। ਸੋ, ਅਸੀਂ ਤਾਂ blessed people ਹਾਂ, ਸਾਨੂੰ ਪਰਮਾਤਮਾ ਨੇ ਬਹੁਤ ਆਸ਼ੀਰਵਾਦ ਦਿੱਤਾ ਹੋਇਆ ਹੈ। ਸਪੀਕਰ ਸਾਹਿਬ, ਜੋ ਸਾਲ 2015 ਵਿੱਚ ਬੇਅਦਬੀ ਗੁਰੂ ਸਾਹਿਬ ਦੀ ਹੋਈ, ਪੂਰੀ ਦੁਨੀਆਂ ਅਤੇ ਹਰ ਧਰਮ ਦੇ ਲੋਕਾਂ ਦੇ ਹਿਰਦੇ ਵਲੂੰਧਰੇ ਗਏ ਅਤੇ ਕਿਹਾ ਕਿ ਇਹ ਗਲਤ ਹੋਇਆ ਹੈ। ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ

ਹੈ। ਦੋਸ਼ੀਆਂ ਨੂੰ ਸਜ਼ਾ ਕੌਣ ਦੇਵੇ। ਦੋ ਸਾਲ ਉਨ੍ਹਾਂ ਨੇ ਲੰਘਾ ਦਿੱਤੇ ਅਤੇ ਪੰਜ ਸਾਲ ਕੈਪਟਨ ਸਾਹਿਬ ਨੇ ਲੰਘਾ ਦਿੱਤੇ।ਦੋਸ਼ੀਆਂ ਨੂੰ ਕੌਣ ਸਜ਼ਾ ਦੇਵੇ, ਚਾਦਰ ਤਾਂ ਉਨ੍ਹਾਂ ਦੇ ਹੱਥਾਂ ਵਿੱਚ ਸੀ। ਸਰ, ਚਾਦਰ ਫੜ੍ਹ ਕੇ ਖੜ੍ਹੇ ਸਨ।

GK/HS 2.20 7-3--2023

ਅਸੀਂ ਵਾਅਦਾ ਕੀਤਾ ਸੀ ਕਿ ਅਸੀਂ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਵਾਂਗੇ। ਹਾਲਾਂਕਿ ਅਸੀਂ ਸਜ਼ਾ ਦੇਣ ਵਾਲੇ ਕੋਈ ਨਹੀਂ ਹੁੰਦੇ। ਅਸੀਂ ਜਿਨ੍ਹਾਂ ਤੋਂ ਹਰ ਰੋਜ਼ ਜਾ ਕੇ ਅਸ਼ੀਰਵਾਦ ਲੈਂਦੇ ਹਾਂ ਕਿ ਗੁਰੂ ਸਾਹਿਬ ਸਾਡੇ ਪਰਿਵਾਰ ਦੀ ਰੱਖਿਆ ਕਰਿਓ। ਉਹ ਆਪਣੀ ਰੱਖਿਆ ਕਰਨੀ ਵੀ ਜਾਣਦਾ ਹੈ। ਮੈਂ ਸਟੇਜਾਂ ਤੇ ਕਹਿੰਦਾ ਰਿਹਾ ਕਿ ਸਜ਼ਾ ਜ਼ਰੂਰ ਮਿਲੇਗੀ। ਇਸ ਕਚਹਿਰੀ ਵਿੱਚ ਵੱਡੇ ਵਕੀਲ ਕਰ ਲਵੋਗੇ ਜਾਂ ਇਸ ਕਚਹਿਰੀ ਵਿੱਚ ਕੁਝ ਹੋਰ ਕਰ ਲਵੋਗੇ ਪਰ ਪ੍ਰਮਾਤਮਾ ਦੀ ਕਚਹਿਰੀ ਵਿੱਚ ਤਾਂ ਬਚ ਨਹੀਂ ਸਕਦੇ। ਮੈਂ ਕਹਿੰਦਾ ਰਿਹਾ ਹਾਂ ਕਿ ਜਿੰਨਾ ਕੁ ਸਾਡੇ ਵਸ ਹੋਇਆ ਅਸੀਂ ਗੁਰੂ ਸਾਹਿਬ ਦੇ ਦੋਸ਼ੀਆਂ ਦੇ ਨਾਮ ਨਸਰ ਕਰਾਂਗੇ ਅਤੇ ਅਦਾਲਤਾਂ ਤੇ ਛੱਡਾਂਗੇ ਕਿ ਫੈਸਲਾ ਹੋ ਜਾਵੇ। ਪੰਜਾਬ ਦੀ ਸਰਕਾਰ ਨੇ, ਬਿਲਕੁਲ ਨਵੇਂ ਤਰੀਕੇ ਦੇ ਨਾਲ, ਇਕ ਵਿਗਾੜਿਆ ਹੋਇਆ ਕੇਸ ਜੋ ਕਿ ਇੱਕ ਨਿਚੋੜਿਆ ਹੋਇਆ ਨਿੰਬੂ ਸੀ ਉਸ ਵਿੱਚ ਅਸੀਂ ਆਪਣੀ ਹਿੰਮਤ ਨਾਲ, ਗੁਰੂ ਸਾਹਿਬ ਪ੍ਰਤੀ ਸਾਡੀ ਸ਼ਰਧਾ ਨਾਲ, ਸੰਗਤਾਂ ਦੇ ਅਸ਼ੀਰਵਾਦ ਨਾਲ ਅਸੀਂ ਕੇਸ ਨੂੰ ਰੀ-ਰਾਈਟ ਕਰਕੇ 7000 ਪੰਨਿਆਂ ਦਾ ਇੱਕ ਚਲਾਨ ਪੇਸ਼ ਕੀਤਾ ਹੈ। ਉਸ ਵਿੱਚ ਜਿਹੜੇ ਮਾਸਟਰ ਮਾਈਂਡ ਹਨ ਉਨ੍ਹਾਂ ਦਾ ਨਾਮ ਸੁਣਦਿਆਂ ਹੀ ਵੱਡੇ ਵੱਡੇ ਕੰਬ ਜਾਂਦੇ ਹਨ ਕਿ ਇਨ੍ਹਾਂ ਨਾਲ ਪੰਗਾ ਨਾ ਲਵੋ। ਇਹ ਆਮ ਆਦਮੀ ਪਾਰਟੀ ਹੈ। ਅਸੀਂ ਦੋਸ਼ੀਆਂ ਨੂੰ ਛੱਡਣ ਵਾਲੇ ਨਹੀ ਹਾਂ। ਗੁਰੂ ਸਾਹਿਬ ਦੀ ਜੋ ਬੇਅਦਬੀ ਹੋਈ ਹੈ ਉਨ੍ਹਾਂ ਦੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ ਤਾਂ ਕਿ ਲੋਕਾਂ ਦੇ ਹਿਰਦਿਆਂ ਵਿੱਚ ਥੋੜ੍ਹੀ ਠੰਢ ਪਵੇ ਅਤੇ ਥੋੜ੍ਹੇ ਜਿਹੇ ਕਾਲਜੇ ਠਰਨ। ਅਸੀਂ ਗਰੰਟੀ ਤਾਂ ਨਹੀਂ ਦੇ ਸਕਦੇ ਪਰ ਅਸੀਂ ਵਾਅਦਾ ਹੀ ਕੀਤਾ ਸੀ ਕਿ ਇਹ ਕੰਮ ਕਰਾਂਗੇ। ਭਵਿੱਖ ਵਿੱਚ ਕਿਸੇ ਵੀ ਧਾਰਮਿਕ ਗ੍ਰੰਥ ਦੀ ਕੋਈ ਬੇਅਦਬੀ ਕਰੇ ਤਾਂ ਇਸ ਬਾਰੇ ਅਸੀਂ ਹੋਮ ਮਨਿਸਟਰੀ ਨੂੰ ਲਿਖਿਆ ਹੈ ਕਿ ਉਨ੍ਹਾਂ ਨੂੰ ਘੱਟੋਂ ਘੱਟ ਫਾਂਸੀ ਦੀ ਸਜ਼ਾ, ਮੌਤ ਦੀ ਸਜ਼ਾ ਜਾਂ ਫਿਰ 20 ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ ਤਾਂ ਕਿ ਕੋਈ ਕਿਸੇ ਵੀ ਧਰਮ ਦੇ ਗ੍ਰੰਥ ਵੱਲ ਬੁਰੀ ਨਜ਼ਰ ਨਾਲ ਦੇਖਣ ਦੀ ਹਿੰਮਤ ਨਾ ਕਰ ਸਕੇ।(ਥੰਪਿਗ) ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਜੋ ਵੀ ਕਿਹਾ ਹੈ ਮੈਂ ਉਸ ਦਾ ਸਪੋਰਟ ਕਰਨ ਲਈ ਖੜ੍ਹਾ ਹੋਇਆ ਹਾਂ। ਜਦੋਂ ਗਵਰਨਰ ਸਾਹਿਬ ਬੋਲ ਰਹੇ ਸਨ ਉਸ ਵੇਲੇ ਵੀ ਇਨ੍ਹਾਂ ਨੇ ਬਹੁਤ ਰੌਲਾ ਪਾਇਆ। ਪਹਿਲੇ ਸਾਲ ਤਾਂ ਸਿਰਫ ਵਾਅਦੇ ਕੀਤੇ ਜਾਂਦੇ ਹਨ ਕਿ ਇਹ ਕਰਾਂਗੇ ਜਾਂ ਉਹ ਕਰਾਂਗੇ। ਇਹ ਜਿਹੜੇ ਕਹਿੰਦੇ ਸਨ ਕਿ ਗਵਰਨਰ ਭਾਸ਼ਣ 11 ਵਾਰ ਪੜ੍ਹਿਆ ਹੈ ਜਾਂ ਗਵਰਨਰ ਭਾਸ਼ਣ ਤੇ ਮੈਂ 8 ਵਾਰ ਬੋਲਿਆ ਹਾਂ। ਇਹ ਪੰਜਾਬ ਦੀ ਹਿਸਟਰੀ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪਹਿਲੇ ਸਾਲ ਗਵਰਨਰ ਇਸ ਤਰ੍ਹਾਂ ਕਹਿ ਕੇ ਗਿਆ ਹੈ ਕਿ ਸਰਕਾਰ ਨੇ ਐਵੇਂ ਕਰ ਦਿੱਤਾ, ਐਵੇਂ ਕਰ ਦਿੱਤਾ। (ਥੰਪਿੰਗ)

ਦੂਜੇ ਸਾਲ ਵਿੱਚ ਦੇਖਿਓ ਜਦੋਂ ਗੱਡੀ ਦੂਜੇ ਗੇਅਰ ਵਿੱਚ ਪੈ ਗਈ। ਸੋ, ਇਨ੍ਹਾਂ ਨੇ ਜੋ 70 ਸਾਲਾਂ ਵਿੱਚ ਤਾਣਾ ਬਾਣਾ ਉਲਝਾਇਆ ਸੀ ਉਸ ਨੂੰ ਅਸੀਂ ਸੁਲਝਾ ਰਹੇ ਹਾਂ। ਬਾਕੀ ਸਾਰਾ ਕੁਝ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਦੱਸ ਦਿੱਤਾ ਹੈ। ਇਹ ਭਾਸ਼ਣ ਪੰਜਾਬੀ ਵਿੱਚ ਹੈ। ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਜੇਕਰ ਤੁਸੀਂ ਅਨੁਮਤੀ ਦਿੰਦੇ ਹੋ ਕਿ ਇਹ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਹੈ ਇਸ ਨੂੰ ਛਪਾ ਕੇ ਲੋਕਾਂ ਤੱਕ ਵੀ ਵੰਡੀਏ ਕਿਉਂਕਿ ਇਹ ਇੱਥੇ ਤੱਕ ਹੀ ਰਹਿ ਜਾਂਦਾ ਸੀ। ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਅੰਦਰ ਕੀ ਹੋ ਰਿਹਾ ਹੈ। ਕੌਣ ਕੀ ਬੋਲ ਗਿਆ, ਗਵਰਨਰ ਦਾ ਭਾਸ਼ਣ ਕੀ ਹੁੰਦਾ ਹੈ, ਕਿਸ ਨੇ ਉਸ ਦਾ ਵਿਰੋਧ ਕੀਤਾ ਹੈ, ਲੋਕਾਂ ਨੂੰ ਇਸ ਬਾਰੇ ਪਤਾ ਹੀ ਨਹੀਂ ਲੱਗਦਾ। ਉਸ ਦਿਨ ਤਾਂ ਇਹ ਕਹਿੰਦੇ ਰਹੇ ਕਿ ਗਵਰਨਰ ਸਾਹਿਬ, ਅਸੀਂ ਤੁਹਾਡੇ ਨਾਲ ਖੜ੍ਹੇ ਹਾਂ। ਤੁਸੀਂ ਆਪਣੇ ਭਾਸ਼ਣ ਵਿੱਚ ਇਹ ਗੱਲ ਨਾ ਕਹੋ। ਹੁਣ ਇਹ ਕਹਿੰਦੇ ਕਿ ਅਸੀਂ ਗਵਰਨਰ ਦੇ ਭਾਸ਼ਣ ਦੇ ਉਲਟ ਖੜ੍ਹੇ ਹਾਂ। ਅਸੀਂ ਇਸ ਦਾ ਸਮਰਥਨ ਨਹੀਂ ਕਰਦੇ। ਇਨ੍ਹਾਂ ਨੂੰ ਆਪ ਹੀ ਨਹੀਂ ਪਤਾ ਲੱਗਦਾ ਕਿ ਅਸੀਂ ਕਿੱਧਰ ਵਾਲੇ ਪਾਸੇ ਹਾਂ। ਇਨ੍ਹਾਂ ਨੂੰ ਪ੍ਰਮਾਤਮਾ ਸੁਮੱਤ ਬਖਸ਼ੇ, ਇਨ੍ਹਾਂ ਨੂੰ ਬਲ ਬਖਸ਼ੇ ਤਾਂ ਕਿ ਇਹ ਵੀ ਥੋੜ੍ਹਾ ਪੰਜਾਬ ਬਾਰੇ ਸੋਚ ਲੈਣ। ਮੈਨੂੰ ਗਾਲ੍ਹਾਂ ਕੱਢਣ ਦਾ ਜੇਕਰ ਕੋਈ ਮੌਕਾ ਮਿਲ ਜਾਵੇ ਤਾਂ ਇਹ ਏਨੀ ਕਾਹਲੀ ਕਰਦੇ ਹਨ ਕਿ ਮੇਰੇ ਤੋਂ ਪਹਿਲਾਂ ਕੋਈ ਹੋਰ ਨਾ ਆਮ ਆਦਮੀ ਪਾਰਟੀ ਨੂੰ ਗਾਲ੍ਹਾਂ ਕੱਢ ਜਾਵੇ। ਫਿਰ ਤਾਂ ਇਹ ਕਾਗਜ਼ ਪੱਤਰ ਵੀ ਨਹੀਂ ਦੇਖਦੇ। ਕੱਲ੍ਹ ਪਰਸੋਂ ਇਨ੍ਹਾਂ ਨੇ ਜੀ-ਸਮਿਟ ਹੀ ਖਤਮ ਕਰ ਦਿੱਤਾ ਕਿ ਕੈਂਸਲ ਹੈ, ਕੈਂਸਲ ਹੈ। ਭਗਵੰਤ ਮਾਨ ਫੇਲ੍ਹ ਹੋ ਗਿਆ। ਜਦੋਂ ਸ਼ਾਮ ਨੂੰ ਸੈਂਟਰ ਨੇ ਕਿਹਾ ਕਿ ਦੋਨੋਂ ਹੋਣਗੇ ਤਾਂ ਫਿਰ ਕਹਿੰਦੇ ਕਿ ਸਾਡੇ ਸੂਤਰ ਗਲਤ ਸੀ। ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਦੇ ਕਿਹੜੇ ਸੂਤਰ ਹਨ। ਮੈਂ ਇਨ੍ਹਾਂ ਨੂੰ ਕਿਹਾ ਕਿ ਥੋੜ੍ਹਾ ਟਾਈਮ ਲਗਾ ਲਿਆ ਕਰੋ। ਗਾਲ੍ਹਾ ਕੱਢਣ ਦੀ ਇੰਨੀ ਕਾਹਲੀ ਕਿਉਂ ਹੁੰਦੀ ਹੈ। ਇਹ ਅਕਸਰ ਟਵੀਟਾਂ ਰਾਹੀਂ ਜਾਂ ਨਵੀਂ ਟੈਕਨਾਲੋਜੀ ਰਾਹੀਂ ਕੋਈ ਮੌਕਾ ਨਹੀਂ ਛੱਡਦੇ ਪਰ ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਆਮ ਆਦਮੀ ਪਾਰਟੀ ਹੈ। ਇਹ ਆਮ ਆਦਮੀ ਪਾਰਟੀ ਸਿਰਫ ਪਾਰਟੀ ਨਹੀਂ ਹੈ ਇਹ ਲੋਕਾਂ ਦੀ ਉਮੀਦ ਵੀ ਹੈ। ਇਹ ਦੇਸ਼ ਦੇ ਲੋਕਾਂ ਦੀ ਇੱਕ ਉਮੀਦ ਦੀ ਕਿਰਨ ਹੈ। ਇਹ ਹਨੇਰੀ ਸੁਰੰਗ ਵਿੱਚ ਇੱਕ ਚਾਨਣ ਦਾ ਸੁਰਾਖ ਹੈ। ਸੋ, ਅਰਵਿੰਦ ਕੇਜਰੀਵਾਲ ਜੀ ਨੇ ਜਿਸ ਵੇਲੇ ਪਾਰਟੀ ਬਣਾਈ ਉਸ ਵੇਲੇ ਉਨ੍ਹਾਂ ਨੇ ਵੀ ਨਹੀਂ ਸੋਚਿਆ ਹੋਣਾ ਕਿ ਇੰਨਾ ਵੱਡਾ ਕਾਫਲਾ ਬਣ ਜਾਵੇਗਾ ਪਰ ਉਹ ਸੱਚ ਤੇ ਖੜ੍ਹੇ ਰਹੇ। ਦਿੱਲੀ ਵਿੱਚ ਤੀਜੀ ਵਾਰ ਸਰਕਾਰ ਬਣੀ ਹੈ। ਪੰਜਾਬ ਵਿੱਚ ਪਹਿਲਾਂ ਵਿਪਕਸ਼ ਵਿੱਚ ਰਹੇ ਅਤੇ ਅੱਜ ਸਰਕਾਰ ਬਣੀ ਹੋਈ ਹੈ। ਸਾਡੇ ਗੁਜਰਾਤ ਵਿੱਚ 5 ਐਮ.ਐਲ.ਏ. ਹਨ, 10 ਮੈਂਬਰ ਰਾਜ ਸਭਾ ਦੇ ਐਮ.ਪੀ. ਹਨ ਅਤੇ 11 ਸਾਲਾਂ ਵਿੱਚ ਇਸ ਪਾਰਟੀ ਨੇ ਅਚੀਵਮੈਂਟ ਕੀਤੀ ਹੈ। ਆਮ ਆਦਮੀ ਪਾਰਟੀ ਭਾਰਤ ਦੀ fastest growing party ਬਣ ਚੁੱਕੀ ਹੈ ਕਿਉਂਕਿ ਜੇਕਰ ਸਾਡੇ ਬੰਦਿਆਂ ਨੂੰ ਫੜਦੇ ਹਨ।

2.25 07.03.2023 RK/HS Tiwana

ਸਾਡੇ ਵਾਲੇ ਬੰਦਿਆਂ ਨੂੰ ਤਾਂ ਫੜਦੇ ਹਨ ਪਰੰਤੂ ਜਿਹੜੇ ਆਪਣੇ ਯਾਰ ਦੋਸਤ ਹਨ, ਉਹ ਖੁੱਲ੍ਹੇ ਫਿਰਦੇ ਹਨ। ਇਸ ਦਾ ਮਤਲਬ ਹੈ ਕਿ ਉਹ ਸਾਡੇ ਤੋਂ ਡਰਦੇ ਹਨ। ਇਨ੍ਹਾਂ ਨੂੰ ਇਹ ਪਤਾ ਹੈ ਕਿ ਜੇ ਇਹ ਕਿਤੇ ਵੀ ਆ ਜਾਂਦੇ ਹਨ ਤਾਂ ਇਹ ਜਲਦੀ ਦੁਬਾਰਾ ਜਾਂਦੇ ਨਹੀਂ ਹਨ। ਸੋ, ਅਸੀਂ ਤਾਂ ਇਹੀ ਚਾਹੁੰਦੇ ਹਾਂ ਕਿ ਦੇਸ਼ ਵਿੱਚ ਇਮਾਨਦਾਰੀ ਦੀ, ਪਾਰਦਰਸ਼ਤਾ ਦੀ ਸਰਕਾਰ ਬਣੇ ਔਰ ਸਾਡਾ ਦੇਸ਼ ਤਰੱਕੀ ਕਰੇ। ਸਾਡਾ ਤਿਰੰਗਾ ਉੱਚਾ ਹੋਵੇ, ਉਹ ਭਾਵੇਂ ਖੇਡਾਂ ਵਿੱਚ ਕਰਨਾ ਹੋਵੇ, ਭਾਵੇਂ ਕਿਸੇ ਹੋਰ ਫੀਲਡ ਵਿੱਚ ਕਰਨਾ ਹੋਵੇ, ਭਾਵੇਂ ਆਈ.ਟੀ ਵਿੱਚ, ਭਾਵੇਂ ਖੇਤੀ ਵਿੱਚ ਕਰਨਾ ਹੋਵੇ, ਸਾਡਾ ਝੰਡਾ ਉੱਪਰ ਰਹਿਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਪੰਜਾਬ ਦੇ ਲਾਅ ਐਂਡ ਆਰਡਰ ਬਾਰੇ ਵੀ ਕਹਿਣਾ ਚਾਹਾਂਗਾ ਕਿ ਇਸ ਬਾਰੇ ਬੜੀਆਂ ਗੱਲਾਂ ਅਤੇ ਅਫਵਾਹਾਂ ਫੈਲਾਈਆਂ ਜਾਂਦੀਆਂ ਹਨ। ਹੁਣੇ ਹੀ ਇਨ੍ਹਾਂ ਦੇ ਇੱਕ ਪ੍ਰਧਾਨ ਰਾਜਾ ਵੜਿੰਗ ਜੀ, ਇੱਕ ਰਸਾਲਾ/ ਮੈਗਜ਼ੀਨ ਪੜ੍ਹ ਕੇ ਗਏ ਹਨ। ਉਨ੍ਹਾਂ ਨੇ ਉਸ ਮੈਗਜ਼ੀਨ ਦਾ ਫਰਵਰੀ ਦਾ ਅੰਕ ਪੜ੍ਹਿਆ ਹੈ। ਸਪੀਕਰ ਸਾਹਿਬ, ਮੇਰੇ ਕੋਲ ਉਸੇ ਮੈਗਜ਼ੀਨ ਦਾ ਜਨਵਰੀ ਦਾ ਅੰਕ ਹੈ। (ਹੱਥ ਵਿੱਚ ਮੈਗਜ਼ੀਨ ਦਿਖਾਉਂਦੇ ਹੋਏ।) ਇਸ ਵਿੱਚ best performing big States in the case of Law and Order ਬਾਰੇ ਦਿੱਤਾ ਹੋਇਆ ਹੈ। ਇਸ ਵਿੱਚ ਪਹਿਲੇ ਨੰਬਰ ਤੇ ਗੁਜਰਾਤ ਨੂੰ 90.05 ਨੰਬਰ ਦਿੱਤੇ ਹਨ, ਦੂਜੇ ਨੰਬਰ ਤੇ ਪੰਜਾਬ ਨੂੰ 85.01 ਨੰਬਰ ਦਿੱਤੇ ਹਨ। (ਥੰਪਿੰਗ) ਇਹ ਉਸੇ ਰਸਾਲੇ ਦਾ ਪਿਛਲੇ ਮਹੀਨੇ ਦਾ ਅੰਕ ਹੈ। ਇੱਕ ਮਹੀਨੇ ਵਿੱਚ ਅਸੀਂ ਇੱਥੇ ਕੋਈ ਤੋਪਾਂ ਨਹੀਂ ਚੱਲਣ ਲਾ ਦਿੱਤੀਆਂ । ਇਸੇ ਵਿੱਚ ਟੋਟਲ 20 ਸਟੇਟਾਂ ਦਾ ਜ਼ਿਕਰ ਹੈ, ਛੱਤੀਸਗੜ੍ਹ 14ਵੇਂ ਨੰਬਰ ਤੇ ਹੈ ਜਿੱਥੇ ਕਿ ਇਨ੍ਹਾਂ ਦਾ ਰਾਜ ਹੈ। ਰਾਜਸਥਾਨ 16ਵੇਂ ਨੰਬਰ ਤੇ ਹੈ। ਜਿਨ੍ਹਾਂ ਸਟੇਟਾਂ ਦੇ ਵਿੱਚ ਇਨ੍ਹਾਂ ਦੀ ਸਰਕਾਰ ਹੈ, ਉਹ 14ਵੇਂ ਅਤੇ 16ਵੇਂ ਤੇ ਹਨ। ਇਹ ਜਿਹੜਾ ਰਸਾਲਾ ਲਈਂ ਫਿਰਦੇ ਸੀ, ਇਹ ਉਸੇ ਦੀ ਰਿਪੋਰਟ ਹੈ। ਇਸੇ ਰਸਾਲੇ ਦੇ ਮਾਲਕਾਂ ਨੂੰ ਦਿੱਲੀ ਵਾਲੇ ਗੋਦੀ ਮੀਡੀਆ ਕਹਿੰਦੇ ਹਨ ਅਤੇ ਇੱਥੇ ਆ ਕੇ ਇਹ ਸਾਰਾ ਕੁਝ ਸਹੀ ਹੋ ਜਾਂਦਾ ਹੈ। ਬਾਕੀ ਜੇ ਅਸੀਂ ਵੈਸੇ ਲਾਅ ਐਂਡ ਆਰਡਰ ਦੀ ਗੱਲ ਕਰੀਏ ਤਾਂ ਇਸ ਬਾਰੇ ਮੇਰੇ ਕੋਲ ਸਾਰਾ ਚਿੱਠਾ ਪਿਆ ਹੈ ਕਿ ਕਿਵੇਂ ਨਾਭਾ ਜੇਲ੍ਹ ਬਰੇਕ ਹੋਇਆ। ਕਿਵੇਂ ਪੁਲਿਸ ਕਿਸੇ ਗੈਂਗਸਟਰ ਨੂੰ ਪੇਸ਼ੀ ਵਾਸਤੇ ਲੈ ਕੇ ਜਾ ਰਹੀ ਸੀ, ਉਸ ਨੂੰ ਖੋਹ ਕੇ ਮਾਰ ਕੇ ਚਲੇ ਗਏ। ਕਿਤੇ ਕੋਈ ਥਾਣੇਦਾਰ ਆਪਣੀ ਧੀ ਦੀ ਇੱਜ਼ਤ ਬਚਾਉਂਦਾ ਹੋਇਆ, ਥਾਣੇ ਦੇ ਮੂਹਰੇ ਭੁੰਨ ਦਿੱਤਾ ਗਿਆ ਅਤੇ ਉਸ ਦੀ ਹਿੱਕ ਦੇ ਉੱਤੇ ਪੈਰ ਰੱਖ ਕੇ ਆਪਣੇ ਅਕਾਵਾਂ ਦੇ ਜ਼ਿੰਦਾਬਾਦ ਦੇ ਨਾਹਰੇ ਲਗਾਏ ਗਏ। ਮੈਨੂੰ ਸਮਝ ਨਹੀਂ ਆਉਂਦੀ ਕਿ ਜਨਰਲ ਡਾਇਰ ਹੋਰਾਂ ਨੂੰ ਡਿਨਰ ਕਰਵਾਉਣ ਵਾਲੇ ਅਤੇ ਬਾਅਦ ਵਿੱਚ ਦਰਬਾਰ ਸਾਹਿਬ ਤੋਂ ਸਿਰੋਪੇ ਦਿਵਾਉਣ ਵਾਲੇ, ਅੱਜ ਪੰਜਾਬ ਦੀ ਗੱਲ ਕਰ ਰਹੇ ਹਨ। ਜਿਨ੍ਹਾਂ ਨੇ ਪਹਿਲਾਂ ਪੰਜਾਬ ਨੂੰ ਦੂਜੀਆਂ ਗੋਲੀਆਂ ਨਾਲ ਭੁੰਨਣ ਵਾਲਿਆਂ ਦਾ ਸਾਥ ਦਿੱਤਾ ਬਾਅਦ ਵਿੱਚ ਚਿੱਟੇ ਰੰਗ ਦੀਆਂ ਗੋਲੀਆਂ ਉੱਤੇ ਸਾਡੇ ਪੰਜਾਬ ਦੀ ਜਵਾਨੀ ਨੂੰ ਲਗਾਇਆ। ਅੱਜ ਉਹ ਸਾਨੂੰ ਸਵਾਲ ਕਰ ਰਹੇ ਹਨ। ਪ੍ਰਮਾਤਮਾ ਇਹ ਸਭ ਦੇਖ ਰਿਹਾ ਹੈ। ਮੈਂ ਤਾਂ ਇਹੋ ਕਹਾਂਗਾ ਕਿ 'ਨਾ ਘਸੁੰਨ ਮਾਰਦਾ ਤੇ ਨਾ ਲੱਤ ਮਾਰਦਾ,

ਰੱਬ ਜਦੋਂ ਮਾਰਦਾ ਹੈ ਤਾਂ ਮੱਤ ਮਾਰਦਾ ਹੈ'। ਸੋ, ਇਨ੍ਹਾਂ ਦੀ ਮੱਤ ਵੱਜੀ ਹੋਈ ਹੈ। ਅਸੀਂ ਤਾਂ ਆਪਣੇ ਸੱਚੇ ਦਿਲੋਂ ਕੰਮ ਕਰ ਰਹੇ ਹਾਂ। ਸਾਡਾ ਕਤਰਾ-ਕਤਰਾ ਪੰਜਾਬ ਵਾਸਤੇ ਹਾਜ਼ਰ ਹੈ। ਮੈਂ ਇਹ ਵੀ ਐਸ਼ਿਓਰ ਕਰਨਾ ਚਾਹੁੰਦਾ ਹਾਂ ਕਿ ਮੇਰੇ ਕੋਲ ਜਦੋਂ ਵੀ ਕੋਈ ਫਾਈਲ ਆਵੇ ਤਾਂ ਮੈਂ ਪਹਿਲਾਂ ਇਹ ਪੁੱਛਦਾ ਹਾਂ ਕਿ ਇਸ ਵਿੱਚ ਲੋਕਾਂ ਦਾ ਕੀ ਭਲਾ ਹੈ? ਇਸ ਵਿੱਚ ਲੋਕਾਂ ਨੂੰ ਕੀ ਫਾਇਦਾ ਹੋਵੇਗਾ? ਇਸ ਲਈ ਅਸੀਂ ਲੋਕਾਂ ਦੀ ਭਲਾਈ ਦੇ sign ਕਰਦੇ ਹਾਂ। ਅਸੀਂ ਜਿੱਥੇ ਜਾਂਦੇ ਹਾਂ ਲੋਕ ਪਿਆਰ ਵੀ ਕਰਦੇ ਹਨ। ਬਾਕੀ ਜਿਨ੍ਹਾਂ ਨੇ ਨੁਕਸ ਕੱਢਣੇ ਹਨ, ਉਹ ਕੱਢ ਲੈਣ।

-----

## EXTENSION OF TIME OF THE SITTING OF THE HOUSE

**ਮਾਨਯੋਗ ਸਪੀਕਰ** : ਮੁੱਖ ਮੰਤਰੀ ਜੀ, ਇਕ ਮਿੰਟ। ਅੱਜ ਦੀ ਬੈਠਕ ਲਈ ਨਿਰਧਾਰਤ ਕੰਮ-ਕਾਰ ਖਤਮ ਹੋਣ ਤੱਕ ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਅੱਜ ਦੀ ਬੈਠਕ ਲਈ ਨਿਰਧਾਰਤ ਕੰਮ-ਕਾਰ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ। ਹਾਂ ਜੀ, ਮੁੱਖ ਮੰਤਰੀ ਜੀ।

-----

## DISCUSSION ON THE GOVERNOR'S ADDRESS AND VOTE ON THEMOTION OF THANKS (RESUMPTION)

**ਮੁੱਖ ਮੰਤਰੀ :** ਸਰ, 117 ਸਕੂਲ ਆਫ ਐਮੀਨੈਂਸ ਹਨ। ਐਮੀਨੈਂਸ ਦਾ ਮਤਲਬ ਇਹ ਹੈ ਕਿ ਬੱਚੇ ਦਾ ਇੰਟਰਸਟ ਜਿਸ ਪਾਸੇ ਹੈ, ਉੱਧਰ ਨੂੰ ਹੀ ਲੈ ਕੇ ਜਾਵਾਂਗੇ। ਇਹ ਨਹੀਂ ਕਿ ਬੱਚਾ ਤਾਂ ਫੁੱਟਬਾਲ ਖੇਡਣ ਨੂੰ ਫਿਰਦਾ ਹੈ ਪਰ ਉਸ ਨੂੰ ਵਿਸ਼ਾ ਕੋਈ ਹੋਰ ਪੜ੍ਹਾਇਆ ਜਾ ਰਿਹਾ ਹੈ। ਮਾਪੇ ਉਸ ਨੂੰ ਕਹਿ ਰਹੇ ਹਨ ਕਿ ਤੂੰ ਡਾਕਟਰ ਬਣ, ਉਹ ਤਾਂ ਕੁਝ ਹੋਰ ਬਣਨ ਨੂੰ ਫਿਰਦਾ ਹੈ। ਸੋ, ਜਿਹੜੇ ਸਕੂਲ ਆਫ ਐਮੀਨੈਂਸ ਹਨ, ਉਹ 11ਵੀਂ, 12ਵੀਂ ਤੱਕ ਇਹ ਨਿਰਧਾਰਤ ਕਰ ਦੇਣਗੇ ਕਿ ਉਹ ਕਿਹੜੇ ਪਾਸੇ ਜਾਣਾ ਚਾਹੁੰਦਾ ਹੈ। ਅਸੀਂ ਉਸ ਨੂੰ ਉਸ ਪਾਸੇ ਦੀ ਸਿੱਖਿਆ ਹੀ ਦੇਵਾਂਗੇ। ਸੋ, 14 ਹਜ਼ਾਰ ਕੱਚੇ ਮੁਲਾਜ਼ਮ ਅਸੀਂ ਪਹਿਲਾਂ ਪੱਕੇ ਕਰ ਦਿੱਤੇ ਸੀ। ਹੁਣ ਕੈਬਨਿਟ ਦੇ ਵਿੱਚ ਜਿਹੜੇ ਬਾਕੀ 14 ਹਜ਼ਾਰ ਦੇ ਲਗਭਗ ਕੰਟਰੈਕਟ ਬੇਸਿਜ਼ ਵਾਲੇ ਰਹਿੰਦੇ ਹਨ, ਉਨ੍ਹਾਂ ਨੂੰ ਵੀ ਪੱਕਾ ਕਰ ਦਿਆਂਗੇ। ਸਰ, ਇਹ 28 ਹਜ਼ਾਰ ਦੇ ਕਰੀਬ ਹੋ ਜਾਵੇਗਾ ਜੀ। ਇਸ ਤੋਂ ਬਾਅਦ ਕੁਝ ਲੀਗਲ ਹਰਡਲਜ਼ ਹਨ, ਇਹ ਦੂਰ ਕਰਕੇ ਜਿੰਨੇ ਵੀ ਕੱਚੇ ਮੁਲਾਜ਼ਮ ਹਨ, ਉਨ੍ਹਾਂ ਨੂੰ ਪੱਕੇ ਕਰਾਂਗੇ। ਜਿਹੜੇ ਆਊਟ ਸੋਰਸਿੰਗ ਤੇ ਹਨ, ਜੇਕਰ ਉਨ੍ਹਾਂ ਲਈ ਵੀ ਕੋਈ ਲੀਗਲ ਪ੍ਰਾਬਲਮ ਆਉਂਦੀ ਹੈ, ਅਸੀਂ ਉਨ੍ਹਾਂ ਨੂੰ ਵੀ

ਪਹਿਲਾਂ ਕੰਟਰੈਕਟ ਤੇ ਲਵਾਂਗੇ ਤੇ ਉਨ੍ਹਾਂ ਨੂੰ ਵੀ ਪੱਕੇ ਕਰ ਦਿਆਂਗੇ। ਬੰਦਿਆਂ ਨੂੰ ਜਿਹੜਾ ਕੰਮ ਆਉਂਦਾ ਹੈ, ਉਨ੍ਹਾਂ ਨੂੰ ਉਹੀ ਕੰਮ ਦੇਈਏ। ਸੋ, ਸਰਕਾਰ ਦੀ ਜਿਹੜੀ ਪਹਿਲ ਹੈ ਉਹ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਹੈ। ਹਰ-ਰੋਜ਼ ਫੋਨ ਆਉਂਦੇ ਹਨ ਕਿ ਸਾਡਾ ਮੁੰਡਾ ਬਾਹਰ ਜਾਣ ਨੂੰ ਕਹਿੰਦਾ ਸੀ, ਉਸ ਦੇ ਲਈ 20 ਲੱਖ ਤਾਂ ਪੂਰਾ ਹੋ ਗਿਆ ਸੀ ਤੇ 15 ਲੱਖ ਰਹਿ ਗਿਆ ਸੀ ਜਿਹੜਾ ਕਿ ਉਧਾਰ ਲੈਣਾ ਸੀ। ਇੰਨੇ ਵਿੱਚ ਨੌਕਰੀ ਮਿਲ ਗਈ।

ਕੁ.ਕ/ਬ.ਸ. 2.30 7.03.2023

ਮੇਰੇ ਕੋਲ ਹਰ ਰੋਜ਼ ਫੋਨ ਆਉਂਦੇ ਹਨ ਕਿ ਸਾਡਾ ਮੁੰਡਾ ਬਾਹਰ ਜਾਣ ਨੂੰ ਕਹਿੰਦਾ ਸੀ 20 ਲੱਖ ਤਾਂ ਪੂਰਾ ਹੋ ਗਿਆ, 15 ਕੁ ਲੱਖ ਹੋਰ ਰਹਿੰਦਾ ਸੀ ਜੋ ਕਿ ਉਧਾਰ ਲੈਣਾ ਸੀ। ਐਨੇ ਚਿਰ ਵਿੱਚ ਹੀ ਬੱਚੇ ਨੂੰ ਨੌਕਰੀ ਮਿਲ ਗਈ। ਨੌਕਰੀ ਮਿਲਣ ਤੋਂ ਬਾਅਦ ਉਹ ਕਹਿੰਦਾ ਕਿ ਮੈਂ ਹੁਣ ਬਾਹਰ ਨਹੀਂ ਜਾਣਾ ਮੈਂ ਤਾਂ ਹੁਣ ਇੱਥੇ ਹੀ ਰਹਾਂਗਾ। ਸਰ, ਤੁਹਾਡੇ ਹਲਕੇ ਵਿੱਚ ਵੀ ਇਸ ਤਰ੍ਹਾਂ ਦੇ ਬੱਚੇ ਹੋਣਗੇ। ਤੁਹਾਡੇ ਪਿੰਡਾਂ ਦੇ ਮੁੰਡੇ-ਕੁੜੀਆਂ ਨੂੰ ਨੌਕਰੀ ਮਿਲੀ ਹੋਵੇਗੀ। ਕਿਸੇ ਨੇ ਤੁਹਾਡੇ ਕੋਲ ਕੋਈ ਸਿਫਾਰਸ਼ ਨਹੀਂ ਲਗਾਈ ਹੋਵੇਗੀ ਕਿ ਸਾਨੂੰ ਨੌਕਰੀ ਦਿਵਾ ਦੇਵੋ। ਕੋਈ ਪੈਸਾ ਰਿਸ਼ਵਤ ਦਾ ਨਹੀਂ ਲਿਆ ਹੋਵੇਗਾ। ਸੋ, ਨੌਕਰੀ ਮੈਰਿਟ ਮੁਤਾਬਕ ਮਿਲੇਗੀ। ਪੰਜਾਬ ਨੂੰ ਅਸੀਂ ਮੈਡੀਕਲ ਹੱਬ ਵੀ ਬਣਾਉਣਾ ਚਾਹੁੰਦੇ ਹਾਂ। 16 ਮੈਡੀਕਲ ਕਾਲਜਾਂ ਦਾ ਸਾਡੇ ਕੋਲ ਪਲਾਨ ਹੈ। ਉਸ ਵਿੱਚੋਂ ਤਿੰਨ ਮੈਡੀਕਲ ਕਾਲਜ ਸ਼ੁਰੂ ਹੋ ਗਏ ਹਨ। ਮਸਤੂਆਣਾ ਸਾਹਿਬ ਦਾ ਕਾਲਜ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਨਾਂ ਤੇ ਹੈ ਜਿਨ੍ਹਾਂ ਨੂੰ ਵਿੱਦਿਆ ਦੇ ਸੰਤ ਕਿਹਾ ਗਿਆ ਹੈ। ਉਸ ਦਾ ਥੋੜ੍ਹਾ ਜਿਹਾ ਲੀਗਲ ਝਗੜਾ ਹੈ। ਉਹ ਖਤਮ ਹੋ ਜਾਵੇਗਾ ਤੇ ਮੈਨੂੰ ਉਮੀਦ ਹੈ ਕਿ ਉੱਥੇ ਵੀ ਮੈਡੀਕਲ ਕਾਲਜ ਬਣੇਗਾ। ਕਪੂਰਥਲਾ ਤੇ ਹੁਸ਼ਿਆਰਪੁਰ ਵਿਖੇ ਮੈਡੀਕਲ ਕਾਲਜ ਬਣ ਰਹੇ ਹਨ। ਅਗਲੇ ਸਮੈਸਟਰ ਤੋਂ ਉਨ੍ਹਾਂ ਦਾ ਕੰਮ ਸ਼ੁਰੂ ਹੋ ਜਾਵੇਗਾ। ਸੋ, ਸਾਡਾ ਕੰਮ ਹੈ ਰੰਗਲਾ ਪੰਜਾਬ ਬਣਾਉਣਾ। ਪੰਜਾਬ ਦੇ ਹਰ ਰੰਗ ਨੂੰ ਵਾਪਸ ਲੈ ਕੇ ਆਉਣਾ ਹੈ। ਸੋ, ਮੈਂ ਇਹੀ ਕਹਾਂਗਾ, ਜਿਵੇਂ ਮੀਤ ਜੀ ਨੇ ਕਿਹਾ ਸੀ ਕਿ ਪੰਜਾਬੀ ਲਾਗੂ ਕਰਨ ਦੇ ਵਿੱਚ ਅਸੀਂ ਪਹਿਲ ਕੀਤੀ ਹੈ। ਅਸੀਂ ਕੋਈ ਧੱਕਾ ਨਹੀਂ ਕਰ ਰਹੇ। ਮੇਰੇ ਕੋਲ ਹਰ ਰੋਜ਼ ਫੋਟੋਆਂ ਆਉਂਦੀਆਂ ਹਨ ਕਿ ਆਹ ਇਨ੍ਹਾਂ ਨੇ ਵੀ ਪੰਜਾਬੀ ਵਿੱਚ ਲਿਖ ਲਿਆ ਹੈ, ਉਨ੍ਹਾਂ ਨੇ ਵੀ ਪੰਜਾਬੀ ਵਿੱਚ ਲਿਖ ਲਿਆ ਹੈ। ਸੋ, ਸਾਡਾ ਫਰਜ਼ ਬਣਦਾ ਹੈ। ਸਾਡੀ ਮਾਂ ਬੋਲੀ ਪੰਜਾਬੀ ਹੈ। ਅਸੀਂ ਪੰਜਾਬੀ ਨੂੰ ਪਰਮੋਟ ਕਰੀਏ। ਸੋ, ਫਿਰੋਜ਼ਦੀਨ ਸ਼ਰਫ ਦੀਆਂ ਇਨ੍ਹਾਂ ਲਾਈਨਾਂ ਨਾਲ ਮੈਂ ਅੱਜ ਇਸ ਭਾਸ਼ਣ ਨੂੰ ਖਤਮ ਕਰਾਂਗਾ।

ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ, ਹਾਂ ਮੈਂ ਪੇਂਡੂ ਪਰ ਸ਼ਹਿਰੀਏ ਰੰਗ ਦਾ ਹਾਂ।
ਬੋਲਾਂ ਹਿੰਦੀ, ਉਰਦੂ ਵੀ ਖੂਬ ਸਮਝਾਂ, ਕਦੇ-ਕਦੇ ਅੰਗਰੇਜ਼ੀ ਵੀ ਅੰਗਦਾ ਹਾਂ।
ਮਾਂ ਬੋਲੀ ਨੂੰ ਸਦਾ ਪਿਆਰ ਕਰਾਂ, ਗੱਲ ਆਖਣ ਤੋਂ ਕਦੇ ਨਾ ਸੰਗਦਾ ਹਾਂ।

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ, ਟੁਕੜਾ ਕਿਸੇ ਸੁਹਾਗਣ ਦੀ ਵੰਗ ਦਾ ਹਾਂ।

ਪੰਜਾਬ ਵਧੇ, ਪੰਜਾਬ ਫੁੱਲੇ, ਪੰਜਾਬ ਦੀ ਤਰੱਕੀ ਹੋਵੇ। ਇਸ ਹੀ ਉਮੀਦ ਦੇ ਨਾਲ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਬਹੁਤ-ਬਹੁਤ ਸ਼ੁਕਰੀਆ। (ਥੰਪਿੰਗ)

**ਮਾਨਯੋਗ ਸਪੀਕਰ:** ਮਾਨਯੋਗ ਮੁੱਖ ਮੰਤਰੀ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਨਿੱਜੀ ਤੌਰ ਤੇ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਜਦੋਂ ਸਾਡੀ ਰਾਤ ਨੂੰ ਫਿਕਰ ਦੇ ਵਿੱਚ ਨੀਂਦ ਟੁੱਟਦੀ ਸੀ, ਦੁੱਖ ਦੇ ਵਿੱਚ ਜਦੋਂ ਬੇ-ਅਦਬੀ ਦੇ ਮਸਲੇ ਕਿਸੇ ਪਾਸੇ ਹੱਲ ਹੁੰਦੇ ਦਿਖਾਈ ਨਹੀਂ ਦਿੰਦੇ ਸਨ। ਤੁਸੀਂ ਪਤਾ ਨਹੀਂ ਜਿਹੜੇ 2015 ਤੋਂ ਹੁਣ ਤੱਕ ਇਨ੍ਹਾਂ ਨੇ ਅੜਿੱਕੇ ਪਾਏ ਸੀ, ਉਹ ਸਾਰੇ ਕੱਢ ਕੇ ਇਨਸਾਫ ਦੀ ਉਮੀਦ ਜਗਾਈ ਹੈ। ਪਹਿਲੀ ਰਿਪੋਰਟ ਪੇਸ਼ ਹੋ ਗਈ ਹੈ। ਅੱਗੇ ਵੀ ਕਾਨੂੰਨ ਅਨੁਸਾਰ ਤੁਸੀਂ ਇਨਸਾਫ ਦਿਵਾਉਗੇ। ਤੁਸੀਂ ਵਾਅਦਾ ਕੀਤਾ ਹੈ ਕਿ ਅੱਗੇ ਤੋਂ ਪੰਜਾਬ ਵਿੱਚ ਕੋਈ ਵੀ ਬੇਅਦਬੀ ਕਰਨ ਬਾਰੇ ਸੋਚੇਗਾ ਵੀ ਨਹੀਂ। ਇਸ ਲਈ ਵੀ ਤੁਹਾਡਾ ਬਹੁਤ ਬਹੁਤ ਧੰਨਵਾਦ। ਹੁਣ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਨ ਤੋਂ ਪਹਿਲਾਂ ਮੈਂ ਡਾ. ਨਛੱਤਰ ਪਾਲ, ਸਰਦਾਰ ਮਨਪ੍ਰੀਤ ਸਿੰਘ ਇਆਲੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਦਿੱਤੇ ਗਏ ਸੋਧਨਾ ਦੇ ਪਹਿਲੇ, ਪੰਜਵੇਂ ਅਤੇ ਨੌਵੇਂ ਨੋਟਿਸਾਂ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ-

**ਸੋਧਨਾ ਨੋਟਿਸ ਨੰ: 1, 5 ਅਤੇ 9**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

"ਪਰ ਖੇਦ ਪ੍ਰਗਟ ਕਰਦੇ ਹਨ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੈਂ ਡਾ. ਨਛੱਤਰ ਪਾਲ, ਸਰਦਾਰ ਮਨਪ੍ਰੀਤ ਸਿੰਘ ਇਆਲੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਦਿੱਤੇ ਗਏ ਸੋਧਨਾ ਦੇ ਦੂਸਰੇ, ਛੇਵੇਂ ਅਤੇ ਦਸਵੇਂ ਨੋਟਿਸਾਂ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ-

**ਸੋਧਨਾ ਨੋਟਿਸ ਨੰ: 2, 6 ਅਤੇ 10**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

"ਪਰ ਖੇਦ ਪ੍ਰਗਟ ਕਰਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲਾਅ ਅਫ਼ਸਰਾਂ ਦੀਆਂ ਨਿਯੁਕਤੀਆਂ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਦਲਿਤ ਵਰਗ ਦੇ ਐਡਵੋਕੇਟਾਂ ਦੀਆਂ ਨਿਯੁਕਤੀਆਂ ਕਰਨ ਦੇ ਮਾਮਲੇ ਬਾਰੇ ਹੋਏ ਧੱਕੇ ਦਾ ਅਤੇ ਸਰਕਾਰ ਦੇ ਦਲਿਤ ਵਿਰੋਧੀ ਹੋਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੈਂ ਡਾ. ਨਛੱਤਰ ਪਾਲ, ਸਰਦਾਰ ਮਨਪ੍ਰੀਤ ਸਿੰਘ ਇਆਲੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਦਿੱਤੇ ਗਏ ਸੋਧਨਾ ਦੇ ਤੀਸਰੇ, ਸੱਤਵੇਂ ਅਤੇ ਗਿਆਰਵੇਂ ਨੋਟਿਸਾਂ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ-

**ਸੋਧਨਾ ਨੋਟਿਸ ਨੰ: 3,7 ਅਤੇ 11**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਵਿੱਚ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਕਿਸੇ ਠੋਸ ਪਾਲਿਸੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।"

***ਪ੍ਰਸਤਾਵ ਅਪ੍ਰਵਾਨ ਹੋਇਆ।***

ਅ.ਰਿ

ਪ.ਸ਼./ਬ.ਸ/2.35/07.03.2023

**ਮਾਨਯੋਗ ਸਪੀਕਰ:** ਹੁਣ ਮੈਂ ਡਾ. ਨਛੱਤਰ ਪਾਲ, ਸਰਦਾਰ ਮਨਪ੍ਰੀਤ ਸਿੰਘ ਇਆਲੀ ਅਤੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਦਿੱਤੇ ਗਏ ਸੋਧਨਾ ਦੇ ਚੌਥੇ, ਅੱਠਵੇਂ ਅਤੇ ਬਾਰਵੇਂ ਨੋਟਿਸਾਂ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ-

**ਸੋਧਨਾ ਨੋਟਿਸ ਨੰ: 4,8 ਅਤੇ 12**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

"ਪਰ ਖੇਦ ਪ੍ਰਗਟ ਕਰਦੇ ਹਨ ਕਿ ਰਾਜ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਵਿੱਚ ਸਰਕਾਰ ਵੱਲੋਂ ਕੀਤੀ ਜਾ ਰਹੀ ਆਨਾ-ਕਾਨੀ ਵਾਲੀ ਨੀਤੀ ਤੇ ਇਸ ਨੂੰ ਦੇਸ਼ ਦੇ ਕੁੱਝ ਹੋਰ ਰਾਜਾਂ ਦੀ ਤਰਜ਼ ਦੇ ਸਫੁਰਤੀ ਨਾਲ ਲਾਗੂ ਕਰ ਦੇਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।"

***ਪ੍ਰਸਤਾਵ ਅਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਮੈਂ ਡਾਕਟਰ ਜੀਵਨ ਜੋਤ ਕੌਰ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸ਼੍ਰੀ ਬੁੱਧ ਰਾਮ, ਐਮ.ਐਲ.ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟਿੰਗ ਲਈ ਪੇਸ਼ ਕਰਦਾ ਹਾਂ-

ਪ੍ਰਸ਼ਨ ਹੈ -

ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ।

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ, ਜੋ ਉਨ੍ਹਾਂ ਨੇ 03 ਮਾਰਚ, 2023 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਸਦਨ ਅੱਜ ਮਿਤੀ 07 ਮਾਰਚ, 2023 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

***2.36 ਵਜੇ ਬਾਅਦ ਦੁਪਹਿਰ)** **(ਇਸ *ਸਮੇਂ ਸਦਨ ਮਿਤੀ 07 ਮਾਰਚ, 2023 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)**

-------

**3.30/ਜਸਪਾਲ/7.3.2023/ਰਜਨੀਸ਼**

*3.30 ਵਜੇ ਬਾਅਦ ਦੁਪਹਿਰ) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

## FINANCIAL BUSINESS

## Presentation of the Excess Demands over Grants and Appropriations for the year 2015-16, 2016-17, 2017-18 and 2018-19

**ਮਾਨਯੋਗ ਸਪੀਕਰ:** ਵਾਹਿਗੁਰੂ। ਵਿੱਤੀ ਕੰਮ ਕਾਰ। ਵਿੱਤ ਮੰਤਰੀ, ਸਾਲ 2015-16, 2016-17, 2017-18 ਅਤੇ 2018-19 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਸਾਲ 2015-16, 2016-17, 2017-18 ਅਤੇ 2018-19 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੇਸ਼ ਕਰਦਾ ਹਾਂ।

## (ii) DISCUSSION AND VOTING ON THE EXCESS DEMANDS OVER GRANTS AND APPROPRIATIONS FOR THE YEAR 2015-16, 2016-17, 2017-18 and 2018-19

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਲ 2015-16, 2016-17, 2017-18 ਅਤੇ 2018-19 ਲਈ ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।

## ii) ਸਾਲ 2015-16, 2016-17, 2017-18 ਅਤੇ 2018-19 ਲਈ ਗ੍ਰਾਂਟਾਂ ਅਤੇ ਨਮਿਤੱਣਾਂ ਤੋਂ ਵਾਧੂ ਮੰਗਾਂ ਤੇ ਵੋਟਿੰਗ

### ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2015-16

**ਮੰਗ ਨੰ. 2**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,56,23,93,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 9,52,79,06,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,21,50,69,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 22**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,30,87,35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਮਾਲੀਆ, ਮੁੜ ਵਸੇਬਾ ਅਤੇ ਆਫਤਾ ਪ੍ਰਬੰਧਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 26**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 20,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾ ਤੋਂ ਵਾਧੂ ਮੰਗਾਂ 2016-17**

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,00,47,82,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂਜੀਗਤ ਲੇਖੇ ਤੇ 9,21,18,86,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,90,81,44,92,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,14,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 15**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 38,52,06,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਸਿੰਜਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,83,10,72,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 19,35,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਏ ਸਾਲ ਲਈ ਲੋਕ ਕਾਰਜ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2017-18**

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,59,24,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 10**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 33,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,64,20,28,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਗ੍ਰਾਂਟਾਂ ਅਤੇ ਨਮਿੱਤਣਾ ਤੋਂ ਵਾਧੂ ਮੰਗਾਂ 2018-19

**ਮੰਗ ਨੰ. 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 52,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 10**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 7,77,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,16,73,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

(ਬਹਿਸ, ਜੇਕਰ ਕੋਈ ਹੋਵੇ।)

ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

**ਮੰਗ ਨੰ. 2**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,56,23,93,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 9,52,79,06,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,21,50,69,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 22**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,30,87,35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਮਾਲੀਆ, ਮੁੜ ਵਸੇਬਾ ਅਤੇ ਆਫਤਾ ਪ੍ਰਬੰਧਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 26**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 20,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2016, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾ ਤੋਂ ਵਾਧੂ ਮੰਗਾਂ 2016-17**

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 4,00,47,82,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂਜੀਗਤ ਲੇਖੇ ਤੇ 9,21,18,86,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,90,81,44,92,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 12**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,14,99,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 15**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 38,52,06,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਸਿੰਜਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,83,10,72,000 ਰੁਪਏ ਤੋਂ ਵੱਧ ਨਾ ਹੋਵੇ, ਅਤੇ ਪੂੰਜੀਗਤ ਲੇਖੇ ਤੇ 19,35,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017, ਨੂੰ ਖ਼ਤਮ ਹੋਏ ਸਾਲ ਲਈ ਲੋਕ ਕਾਰਜ ਦੇ ਸੰਬਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਗ੍ਰਾਂਟਾਂ ਅਤੇ ਨਮਿੱਤਣਾ ਤੋਂ ਵਾਧੂ ਮੰਗਾਂ 2017-18

**ਮੰਗ ਨੰ. 8**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 1,59,24,79,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 10**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 33,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 2,64,20,28,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2018, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਗ੍ਰਾਂਟਾਂ ਅਤੇ ਨਮਿੱਤਣਾਂ ਤੋਂ ਵਾਧੂ ਮੰਗਾਂ 2018-19**

**ਮੰਗ ਨੰ. 9**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 52,94,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 10**

ਕਿ ਇਕ ਵਾਧੂ ਰਕਮ ਜੋ ਪੂੰਜੀਗਤ ਲੇਖੇ ਤੇ 7,77,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸ਼ਨ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ. 21**

ਕਿ ਇਕ ਵਾਧੂ ਰਕਮ ਜੋ ਮਾਲੀਆ ਲੇਖੇ ਤੇ 3,16,73,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2019, ਨੂੰ ਖ਼ਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਨਯੋਗ ਸਪੀਕਰ:** ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 2061 ਕਰੋੜ 65 ਲੱਖ 21 ਹਜ਼ਾਰ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2016 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਲਈ, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 34 ਹਜ਼ਾਰ 458 ਕਰੋੜ 79 ਲੱਖ 41 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2017 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਲਈ, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 423 ਕਰੋੜ 78 ਲੱਖ 27 ਹਜ਼ਾਰ ਰੁਪਏ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2018 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਲਈ, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 325 ਕਰੋੜ 4 ਲੱਖ 11 ਹਜ਼ਾਰ ਤੋਂ ਵੱਧ ਨਾ ਹੋਣ ਅਤੇ 31 ਮਾਰਚ, 2019 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

ਮੈਂਬਰ ਸਾਹਿਬ, (ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਸ ਪ੍ਰਸਵਾਤ ਤੇ ਤੁਹਾਡੀ ਹਾਂ ਹੈ ਨਾ। ਫਿਰ ਤੁਹਾਡੇ ਦੋਵਾਂ ਦਾ ਹੀ ਰੌਲਾ ਪੈਂਦਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਆਲੀ ਵੱਲੋਂ ਬੈਠੇ ਬੈਠੇ ਅਸਹਿਮਤੀ ਪ੍ਰਗਟਾਈ।)

***ਪ੍ਰਸਤਾਵ ਪ੍ਰਵਾਨ ਹੋਇਆ।***

ਬ.ਕ./ਰ.ਕ./7.3.23/3.35

## THE PUNJAB APPROPRIATION (No.1) BILL, 2023

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ ਬਿਲ, 2023 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 1) ਬਿਲ,

2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ 1 ਤੋਂ 4**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸ਼ਡਿਊਲ 1 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

**ਮਾਨਯੋਗ ਸਪੀਕਰ** : ਨਛੱਤਰ ਪਾਲ ਜੀ, ਤੁਹਾਡੀ *ਨਾਂਹ* ਨਹੀਂ ਸੁਣੀ।

**ਡਾਕਟਰ ਨਛੱਤਰ ਪਾਲ** : ਹਾਂ ਜੀ, ਨਾ ਜੀ।(ਹਾਸਾ)

**ਸੂਚਨਾ ਅਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ)(ਬੈਠੇ ਬੈਠੇ)** : ਸਰ, ਸਰਬਸੰਮਤੀ ਹੀ ਕਰ ਦਿਓ। ਇਹ ਪੁਰਾਣੀ ਗੌਰਮਿੰਟ ਦੇ ਵੇਲੇ ਦੀਆਂ ਗ੍ਰਾਂਟਾਂ ਹੀ ਹਨ।

**ਮਾਨਯੋਗ ਸਪੀਕਰ** : ਇਨ੍ਹਾਂ ਨੇ ਮੁੜ ਕੇ ਮੈਨੂੰ ਫੇਰ ਚਿੱਠੀ ਲਿਖ ਦੇਣੀ ਹੈ।(ਹਾਸਾ)

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2023 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** :(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਯਾਲੀ ਅਤੇ ਬਹੁਜਨ ਸਮਾਜ ਪਾਰਟੀ ਦੇ ਮੈਂਬਰ ਡਾਕਟਰ ਨਛੱਤਰ ਪਾਲ ਨੂੰ ਸੰਬੋਧਨ ਕਰਦੇ ਹੋਏ): ਹਾਂ ਜੀ ਹੈ ਕਿ ਨਾ ਜੀ ਹੈ?

**ਸਰਦਾਰ ਮਨਪ੍ਰੀਤ ਸਿੰਘ ਇਆਲੀ :** ਨਾ ਜੀ।

**ਡਾਕਟਰ ਨਛੱਤਰ ਪਾਲ :** ਨਾ ਜੀ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਮਿਤੀ 9 ਮਾਰਚ, 2023 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

*3.37 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਵੀਰਵਾਰ ਮਿਤੀ 9 ਮਾਰਚ, 2023 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)